13ਵਾਂ ਸਾਲ
ਹਫ਼ਤਾਵਾਰੀ
# ਦੇਸ਼ ਦੁਆਬਾ
VOL -14 ISSUE - 6
May 14, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com


ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ
(ਸਬੰਧਰ ਲੇਖ ਅੰਦਰ ਦੇਖੋ)


ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਨਵੀਂ ਗੁਰੂਘਰ ਦੀ ਲਾਇਬ੍ਰੇਰੀ ਵਿੱਚ ਬੁੱਤ ਦਾ ਉਦਘਾਟਨ
(ਸਬੰਧਰ ਰਿਪੋਰਟ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

## ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੀ ਗੱਲਬਾਤ ਕਰਵਾਏਗਾ ਅਮਰੀਕਾ

**ਨਿਊਯਾਰਕ/ਵਾਸ਼ਿੰਗਟਨ–** ਅਮਰੀਕਾ ਨੇ ਕਿਹਾ ਹੈ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਦਰਮਿਆਨ ਦੋਵਾਂ ਧਿਰਾਂ ’ਚ ਸਿੱਧੀ ਗੱਲਬਾਤ ਦੀ ਵਕਾਲਤ ਕਰਦਾ ਹੈ। ਅਮਰੀਕਾ ਨੇ ਸ਼ਾਂਤੀ ਦਾ ਰਾਹ ਚੁਣਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸ਼ਲਾਘਾ ਕੀਤੀ ਹੈ। ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਚਾਰ ਦਿਨਾਂ ਤੱਕ ਚੱਲੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਦੋਵੇਂ ਦੇਸ਼ਾਂ ਨੇ ਫੌਜੀ ਸੰਘਰਸ਼ ਖਤਮ ਕਰਨ ’ਤੇ ਸ਼ਨਿਚਰਵਾਰ ਨੂੰ ਸਹਿਮਤੀ ਜਤਾਈ ਸੀ।



ਭਾਰਤ ਸਰਕਾਰ ਦੇ ਸੂਤਰਾਂ ਅਨੁਸਾਰ ਦੋਵਾਂ ਦੇਸ਼ਾਂ ਦੇ ਡੀਜੀਐੱਮਓ ਦੇ ਵਿਚਕਾਰ ਗੱਲਬਾਤ ਤੋਂ ਬਾਅਦ ਫੌਜੀ ਕਾਰਵਾਈ ਰੋਕਣ ’ਤੇ ਸਹਿਮਤੀ ਬਣੀ ਅਤੇ ਇਸ ’ਚ ਕੋਈ ਤੀਜਾ ਪੱਖ ਸ਼ਾਮਲ ਨਹੀਂ ਸੀ। ਅਮਰੀਕੀ ਵਿਦੇਸ਼ ਮੰਤਰਾਲਾ ਦੇ ਪ੍ਰਮੁੱਖ ਉਪ ਬੁਲਾਰੇ ਥਾਮਸ ਪਿਗੋਟ ਨੇ ਮੰਗਲਵਾਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ, ‘‘ਅਸੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਸਵਾਗਤ ਕਰਦੇ ਹਾਂ ਅਤੇ ਸ਼ਾਂਤੀ ਦਾ ਰਾਹ ਚੁਣਨ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਸ਼ਰੀਫ ਦੀ ਸ਼ਲਾਘਾ ਕਰਦੇ ਹਾਂ।’’

ਜਦੋਂ ਪਿਗੋਟ ਤੋਂ ਪੁੱਛਿਆ ਗਿਆ ਕਿ ਕੀ ਪਾਕਿਸਤਾਨੀ ਨੇਤਾਵਾਂ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਆਪਣੀ ਗੱਲਬਾਤ ਦੌਰਾਨ ਕੋਈ ਵਾਅਦਾ ਕੀਤਾ ਸੀ ਕਿ ਉਹ (ਪਾਕਿਸਤਾਨ) ਅਤਿਵਾਦੀ ਢਾਂਚੇ ਨੂੰ ਤਬਾਹ ਕਰ ਦੇਣਗੇ, ਤਾਂ ਬੁਲਾਰੇ ਨੇ ਕਿਹਾ ਕਿ ਉਹ ਨਿੱਜੀ ਕੂਟਨੀਤਕ ਗੱਲਬਾਤ ਬਾਰੇ ਚਰਚਾ ਨਹੀਂ ਕਰਨਗੇ। ਉਨ੍ਹਾਂ ਕਿਹਾ, ‘‘ਅਸੀਂ ਪਿਛਲੇ ਕੁਝ ਦਿਨਾਂ ਤੋਂ ਜੋ ਕਹਿ ਰਹੇ ਹਾਂ, ਮੈਂ ਉਹੀ ਕਹਿ ਸਕਦਾ ਹਾਂ ਕਿ ਅਸੀਂ ਇਸ ਹਫ਼ਤੇ ਦੇ ਅਖੀਰ ’ਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਗੋਲੀਬੰਦੀ ਦਾ ਸਵਾਗਤ ਕਰਦੇ ਹਾਂ ਅਤੇ ਸ਼ਾਂਤੀ ਦਾ ਰਾਹ ਚੁਣਨ ਲਈ ਦੋਵਾਂ ਪ੍ਰਧਾਨ ਮੰਤਰੀਆਂ ਦੀ ਸ਼ਲਾਘਾ ਕਰਦੇ ਹਾਂ।’’ ਬੁਲਾਰੇ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਵੀ ਇਸ ਬਾਰੇ ਸੋਸ਼ਲ ਮੀਡੀਆ ’ਤੇ ਪੋਸਟ ਸਾਂਝੀ ਕੀਤੀ ਸੀ, ‘‘ਉਹ (ਟਰੰਪ) ਇਸ ਮਾਮਲੇ ’ਚ ਬਹੁਤ ਸਪੱਸ਼ਟ ਸਨ। ਅਸੀਂ ਪੱਖਕਾਰਾਂ ਵਿਚਕਾਰ ਸਿੱਧੇ ਸੰਵਾਦ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ। ਇਸ ਨੂੰ ਲੈ ਕੇ ਅਸੀਂ ਬਹੁਤ ਸਪਸ਼ਟ ਹਾਂ।’’

ਇਸ ਦੌਰਾਨ ਇਹ ਪੁੱਛੇ ਜਾਣ ’ਤੇ ਕਿ ਕਥਿਤ ਪਰਮਾਣੂ ਰੇਡੀਏਸ਼ਨ ਦੇ ਰਿਸਾਅ ਦੀ ਰਿਪੋਰਟ ਤੋਂ ਬਾਅਦ ਕੀ ਅਮਰੀਕਾ ਨੇ ਪਾਕਿਸਤਾਨ ’ਚ ਟੀਮ ਭੇਜੀ ਹੈ, ਉਨ੍ਹਾਂ ਕਿਹਾ ਕਿ ਇਸ ਸਮੇਂ ਉਨ੍ਹਾਂ ਕੋਲ ਇਸ ਮਾਮਲੇ ’ਤੇ ਕਹਿਣ ਲਈ ਕੁਝ ਨਹੀਂ ਹੈ।

# ਟਰੰਪ ਦੇ ਦਖਲ ਤੋਂ ਬਾਅਦ ਭਾਰਤ ਤੇ ਪਾਕਿ ਦਰਮਿਆਨ ਜੰਗ ਰੁਕੀ

ਨਿਊਯਾਰਕ/ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਰਮਾਣੂ ਜੰਗ ਨੂੰ ਰੋਕ ਦਿੱਤਾ ਹੈ। ਡੋਨਲਡ ਟਰੰਪ ਨੇ ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਨੇ ਦੋਵਾਂ ਦੇਸ਼ਾਂ ਦਰਮਿਆਨ ਜੰਗਬੰਦੀ ਲਈ ਮਦਦ ਕੀਤੀ। ਉਨ੍ਹਾਂ ਦੋਵਾਂ ਦੇਸ਼ਾਂ ਨੂੰ ਸਮਝਾਇਆ ਕਿ ਜੇ ਜੰਗ ਨਾ ਰੋਕੀ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਇਹ ਜੰਗਬਾਦੀ ਸਥਾਈ ਰਹੇਗੀ। ਦੋਵਾਂ ਦੇਸ਼ਾਂ ਕੋਲ ਬਹੁਤ ਸਾਰੇ ਪਰਮਾਣੂ ਹਥਿਆਰ ਹਨ ਤੇ ਜੇ ਇਹ ਜੰਗ ਨਾ ਰੋਕੀ ਹੁੰਦੀ ਤਾਂ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ ਤੇ ਲੱਖਾਂ ਲੋਕ ਮਾਰੇ ਜਾ ਸਕਦੇ ਸਨ। ਟਰੰਪ ਨੇ ਦੋਵਾਂ ਦੇਸ਼ਾਂ ਨੂੰ ਕਿਹਾ ਕਿ ਜੇ ਉਹ ਜੰਗ ਰੋਕਦੇ ਹਨ ਤਾਂ ਅਮਰੀਕਾ ਉਨ੍ਹਾਂ ਨਾਲ ਵਪਾਰ ਹੋਰ ਵਧਾਏਗਾ ਜੇ ਉਹ ਜੰਗ ਨਹੀਂ ਰੋਕਦੇ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੋਵਾਂ ਦੀ ਲੀਡਰਸ਼ਿਪ ਬਹੁਤ ਮਜ਼ਬੂਤ ਹੈ। ਉਨ੍ਹਾਂ ਕੋਲ ਹਾਲਾਤ ਨੂੰ ਸਮਝਣ ਤੇ ਗੰਭੀਰਤਾ ਨਾਲ ਲੈਣ ਦਾ ਤਜਰਬਾ ਤੇ ਤਾਕਤ ਹੈ।



ਸ੍ਰੀ ਟਰੰਪ ਨੇ ਇਸ ਲਈ ਉਪ ਰਾਸ਼ਟਰਪਤੀ ਜੇਡੀ ਵੈਂਸ ਤੇ ਵਿਦੇਸ਼ ਮੰਤਰੀ ਮਾਰਕੋ ਰੂਬਿ ਦਾ ਧੰਨਵਾਦ ਵੀ ਕੀਤਾ। ਟਰੰਪ ਨੇ ਕਿਹਾ ਕਿ ਪਹਿਲਾਂ ਭਾਰਤ ਅਤੇ ਪਾਕਿਸਤਾਨ ਦੀ ਜੰਗ ਤੋਂ ਅਜਿਹਾ ਲੱਗ ਰਿਹਾ ਸੀ ਕਿ ਇਹ ਰੁਕਣ ਵਾਲੀ ਨਹੀਂ ਪਰ ਅਮਰੀਕਾ ਨੇ ਇਸ ਵਿਚ ਸਾਲਸੀ ਕੀਤੀ ਤੇ ਨਤੀਜਾ ਤੁਹਾਡੇ ਸਾਹਮਣੇ ਹੈ। ਉਹ ਭਾਰਤ ਨਾਲ ਗੱਲਬਾਤ ਕਰ ਰਹੇ ਹਨ ਤੇ ਜਲਦੀ ਹੀ ਪਾਕਿਸਤਾਨ ਨਾਲ ਵੀ ਗੱਲਬਾਤ ਕਰਨ ਵਾਲੇ ਹਨ।

### ਚੀਨ ਤੋਂ ਬਾਅਦ ਭਾਰਤ ਦੀ ਤੁਰਕੀ ਖਿਲਾਫ਼ ਸਖ਼ਤ ਕਾਰਵਾਈ

ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਖ਼ਿਲਾਫ਼ ਕਾਰਵਾਈ ਕਰਦਿਆਂ ਕਈ ਸਰਕਾਰੀ ਤੇ ਉੱਥੋਂ ਦੇ ਕਲਾਕਾਰਾਂ ਦੇ ਐਕਸ ਅਕਾਊਂਟਸ 'ਤੇ ਭਾਰਤ 'ਚ ਪਾਬੰਦੀ ਲਗਾਈ ਸੀ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਚੀਨ ਦੇ ਗਲੋਬਲ ਟਾਈਮਜ਼ 'ਤੇ ਵੀ ਰੋਕ ਲਗਾ ਦਿੱਤੀ।

ਹੁਣ ਭਾਰਤ ਨੇ ਪਾਕਿਸਤਾਨ ਦੇ 'ਦੋਸਤ' ਤੁਰਕੀ 'ਤੇ ਵੀ ਕਾਰਵਾਈ ਕੀਤੀ ਹੈ ਤੇ ਤੁਰਕੀ ਦੇ ਬ੍ਰਾਡਕਾਸਟਰ ਟੀਏਟੀ ਵਰਲਡ ਦੇ ਐਕਸ ਖਾਤੇ 'ਤੇ ਭਾਰਤ 'ਚ ਪਾਬੰਦੀ ਲਗਾ ਦਿੱਤੀ ਹੈ। ਭਾਰਤੀ ਫੌਜ 'ਤੇ ਅਪੁਸ਼ਟ ਦਾਅਵੇ ਫੈਲਾਉਣ 'ਤੇ ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਚੀਨ ਦੇ ਸਰਕਾਰੀ ਐਕਸ ਹੈਂਡਲ 'ਤੇ ਪਾਬੰਦੀ ਲਗਾਈ। ਇਹ ਪਾਬੰਦੀ ਉਸ ਸਮੇਂ ਲਗਾਈ ਗਈ ਜਦੋਂ ਕੁਝ ਦਿਨ ਪਹਿਲਾਂ ਚੀਨ 'ਚ ਭਾਰਤੀ ਦੂਤਘਰ ਨੇ ਮੀਡੀਆ ਆਊਟਲੈਟ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰਨ ਦੀ ਸਖ਼ਤ ਚਿਤਾਵਨੀ ਦਿੱਤੀ ਸੀ।

## ਭਾਰਤ ਗੌਤਮ ਬੁੱਧ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਦੀ ਧਰਤੀ ਹੈ- ਮੋਦੀ

**ਆਦਮਪੁਰ (ਪੰਜਾਬ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਦੇ ਹਵਾਈ ਬੇਸ ਦੀ ਫੇਰੀ ਦੌਰਾਨ ਕਿਹਾ, ‘‘ਮੈਂ ਤੁਹਾਡੀ ਬਹਾਦਰੀ ਨੂੰ ਸ਼ਰਧਾਂਜਲੀ ਦੇਣ ਲਈ ਇੱਥੇ ਆਇਆ ਹਾਂ। ਤੁਹਾਡੀ ਬਹਾਦਰੀ ਦੀਆਂ ਕਹਾਣੀਆਂ ਇਤਿਹਾਸ ਵਿੱਚ ਹਮੇਸ਼ਾ ਲਈ ਉੱਕਰੀਆਂ ਰਹਿਣਗੀਆਂ; ਮੈਂ ਸਾਡੀ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਦੇ ਕਰਮਚਾਰੀਆਂ ਨੂੰ ਸਲਾਮ ਕਰਦਾ ਹਾਂ। ਤੁਹਾਡੀ ਹਿੰਮਤ ਕਰਕੇ ਅਪਰੇਸ਼ਨ ਸਿੰਧੂਰ ਦੀ ਸਫਲਤਾ ਦੀ ਗੂੰਜ ਦੁਨੀਆ ਭਰ ਵਿੱਚ ਸੁਣਾਈ ਦੇ ਰਹੀ ਹੈ।’’ ਪ੍ਰਧਾਨ ਮੰਤਰੀ ਨੇ ਕਿਹਾ, ‘‘ਭਾਰਤ ਗੌਤਮ ਬੁੱਧ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਦੀ ਧਰਤੀ ਹੈ; ਸਾਡੇ ਦੁਸ਼ਮਣ ਭੁੱਲ ਗਏ ਹਨ ਕਿ ਉਨ੍ਹਾਂ ਨੇ ਭਾਰਤ ਦੀਆਂ ਹਥਿਆਰਬੰਦ ਫੌਜਾਂ ਨੂੰ ਚੁਣੌਤੀ ਦਿੱਤੀ ਹੈ।’’ ਉਨ੍ਹਾਂ ਕਿਹਾ ਕਿ ਅੱਤਵਾਦ ਦੇ ਗੌਡਫਾਦਰਾਂ ਨੇ ਸਮਝ ਲਿਆ ਹੈ ਕਿ ਭਾਰਤ ’ਤੇ ਬੁਰੀ ਨਜ਼ਰ ਪਾਉਣ ਦਾ ਮਤਲਬ ਸਿਰਫ ਉਨ੍ਹਾਂ ਦਾ ਵਿਨਾਸ਼ ਹੋਵੇਗਾ। ਸ੍ਰੀ ਮੋਦੀ ਨੇ ਕਿਹਾ, ‘‘ਸਾਡੀ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਦੇ ਬਹਾਦਰ ਜਵਾਨਾਂ ਨੇ ਪਾਕਿਸਤਾਨੀ ਫੌਜ ਨੂੰ ਗੋਡਿਆਂ ’ਤੇ ਆਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਜਗ੍ਹਾ ਦਿਖਾਈ।’’ ਪ੍ਰਧਾਨ ਮੰਤਰੀ ਨੇ ਕਿਹਾ, ‘‘ਪਾਕਿਸਤਾਨ ਨੂੰ ਸਾਡੇ ਡਰੋਨ ਅਤੇ ਮਿਜ਼ਾਈਲਾਂ ਬਾਰੇ ਸੋਚ ਕੇ ਲੰਬੇ ਸਮੇਂ ਤੱਕ ਨੀਂਦ ਨਹੀਂ ਆਏਗੀ। ਤੁਸੀਂ ਇਸ ਅਪਰੇਸ਼ਨ ਰਾਹੀਂ ਭਾਰਤ ਦੇ ਆਤਮਵਿਸ਼ਵਾਸ ਅਤੇ ਲੋਕਾਂ ਵਿੱਚ ਏਕਤਾ ਦੀ ਭਾਵਨਾ ਨੂੰ ਵਧਾਇਆ ਹੈ।’’ ਸ੍ਰੀ ਮੋਦੀ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਅੰਦਰਲੇ ਦਹਿਸ਼ਤੀ ਟਿਕਾਣਿਆਂ ਨੂੰ ਜਿਸ ਤੇਜ਼ੀ ਤੇ ਸਟੀਕਤਾ ਨਾਲ ਨਿਸ਼ਾਨਾ ਬਣਾਇਆ ਉਸ ਨਾਲ ਦੁਸ਼ਮਣ ਹੈਰਾਨ ਰਹਿ ਗਿਆ।



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC


8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY

Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

MAJESTIC HOMES

RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**
**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**June 27-28-29, 2025**
**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA**
**TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਸ. ਮਹਿੰਦਰ ਸਿੰਘ ਮਾਹੀ ਨਹੀਂ ਰਹੇ



ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਸਾਬਕਾ ਪ੍ਰਧਾਨ ਸ. ਮਹਿੰਦਰ ਸਿੰਘ ਮਾਹੀ ਸਦੀਵੀ ਵਿਛੋੜਾ ਦੇ ਗਏ, ਜਿਸ ਨਾਲ ਸਮੂਹ ਮਾਹੀ ਪਰਿਵਾਰ ਅਤੇ ਸਮਾਜ ਨੂੰ ਗਹਿਰਾ ਅਤੇ ਅਸਹਿ ਸਦਮਾ ਲੱਗਾ ਉਥੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ. ਮਹਿੰਦਰ ਸਿੰਘ ਮਾਹੀ ਬਹੁਤ ਮਿਲਵਰਤਨ ਅਤੇ ਮਿਠੜੇ ਸੁਭਾਅ ਵਾਲੇ ਸਨ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਕੈਲੇਫੋਰਨੀਆ ਦੀ ਕਮੇਟੀ ਅਤੇ ਸੰਗਤ ਨਾਲ ਮੋਢੇ ਨਾਲ ਮੋਢੇ ਜੋੜ ਕੇ ਇੰਨੀ ਉਮਰ 'ਚ ਵੀ ਸੇਵਾ ਕਰਦੇ ਆ ਰਹੇ ਸਨ। ਗੁਰੂ ਘਰ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਮੇਟੀ ਵੱਲੋਂ ਮਾਹੀ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਮਾਹੀ ਸਾਹਿਬ ਦੀਆਂ ਨਿਭਾਈਆਂ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ।

**ਸ. ਮਹਿੰਦਰ ਸਿੰਘ ਮਾਹੀ ਦਾ ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਆਖਰੀ ਸਲਾਮ (ਜੈ ਭੀਮ)**

12 ਅਪ੍ਰੈਲ 2025 ਦਾ ਦਿਨ ਸ਼ਨਿਚਰਵਾਰ ਜਿੱਥੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਲਈ ਇਤਿਹਾਸਕ ਰਹੇਗਾ, ਉਥੇ ਸ. ਮਹਿੰਦਰ ਸਿੰਘ ਮਾਹੀ ਨੂੰ ਵੀ ਯਾਦ ਕੀਤਾ ਜਾਂਦਾ ਰਹੇਗਾ, ਜਦੋਂ ਉਹਨਾਂ ਮੁੱਖ ਮਹਿਮਾਨ ਭਾਰਤੀ ਮੈਂਬਰ ਪਾਰਲੀਮੈਂਟ ਅਤੇ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਸੰਸਥਾਪਕ ਅਤੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਫੁੱਲਾਂ ਦੀ ਮਾਲਾ ਬਾਬਾ ਸਾਹਿਬ ਦੇ ਬਸਟ ਨੂੰ ਪਹਿਨਾਉਣ ਲਈ ਦਿੱਤੀ ਤਾਂ ਸ੍ਰੀ ਆਜ਼ਾਦ ਨੇ ਸ. ਮਹਿੰਦਰ ਸਿੰਘ ਮਾਹੀ ਨੂੰ ਕਿਹਾ ਕਿ ਤੁਸੀਂ ਹੀ ਬਾਬਾ ਸਾਹਿਬ ਦੇ ਬਸਟ ਨੂੰ ਮਾਲਾ ਪਹਿਨਾਓ ਤੇ ਉਹਨਾਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਫੁੱਲਾਂ ਦੀ ਮਾਲਾ ਪਹਿਨਾਈ ਤੇ ਜੈ ਭੀਮ ਦੇ ਜੈਕਾਰੇ ਲਗਾਏ। ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰੇ ਲਗਾਏ ਗਏ, ਗੁਰੂ ਰਵਿਦਾਸ ਸ਼ਕਤੀ ਅਮਰ ਰਹੇ, ਗਲੀ ਗਲੀ ਤੋਂ ਆਈ ਆਵਾਜ਼- ਜੈ ਰਵਿਦਾਸ, ਜੈ ਰਵਿਦਾਸ। ਭੀਮ ਰਾਓ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ ਜੈ ਗੁਰਦੇਵ ਧੰਨ ਗੁਰੂ ਦੇਵ।


ਇਹ ਦ੍ਰਿਸ਼ ਬਹੁਤ ਹੀ ਭਾਵੁਕਤਾ ਭਰਪੂਰ ਸੀ। ਇਸ ਵਿਚ ਤਿੰਨ ਗੱਲਾਂ ਬਹੁਤ ਹੀ ਨਿੱਖਰ ਕੇ ਆਈਆਂ- ਪਹਿਲੀ ਸ. ਮਹਿੰਦਰ ਸਿੰਘ ਮਾਹੀ ਵੱਲੋਂ ਸਨਮਾਨ ਵਜੋਂ ਮੁੱਖ ਮਹਿਮਾਨ ਸ੍ਰੀ ਚੰਦਰ ਸ਼ੇਖਰ ਆਜ਼ਾਦ ਜੀ ਨੂੰ ਮਾਲਾ ਫੜਾਉਣੀ ਪਰ ਓਹਨਾਂ ਦੀ ਫਰਾਖਦਿਲੀ ਅਤੇ ਇਕ ਬਜ਼ੁਰਗ ਦਾ ਆਦਰ ਕਰਦਿਆਂ ਮਾਲਾ ਆਪ ਨਹੀਂ ਬਲਕਿ ਸ. ਮਹਿੰਦਰ ਸਿੰਘ ਮਾਹੀ ਜੀ ਨੂੰ ਦਿੱਤਾ ਕਿ ਤੁਸੀਂ ਪਹਿਨਾਓ ਮਾਲਾ ਬਾਬਾ ਸਾਹਿਬ ਨੂੰ ਤੇ ਉਹਨਾਂ ਪਹਿਨਾਈ ਤੇ ਬਹੁਤ ਹੀ ਝੁਕ ਕੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਸ. ਮਹਿੰਦਰ ਸਿੰਘ ਮਾਹੀ ਜੀ ਨੇ ਪ੍ਰਣਾਮ ਕੀਤਾ। ਤੀਸਰੀ ਗੱਲ ਜੋ ਨਿੱਖਰ ਕੇ ਆਈ, ਉਹ ਸੀ ਬਿਨਾਂ ਕਿਸੇ ਮਾਇਕ ਇੰਨੀ ਉਚੀ ਆਵਾਜ਼ ਬੁਲੰਦ ਕਰਕੇ ਸ੍ਰੀ ਰਾਜ ਸੂਦ ਨੇ ਉਪਰੋਕਤ ਨਾਅਰੇ/ਜੈਕਾਰੇ ਲਗਾਏ ਤੇ ਸੰਗਤ ਨੇ ਸਾਥ ਦਿੱਤਾ। ਇਹ ਸਭ ਸਿੱਧ ਕਰਦਾ ਸੀ ਕਿ ਬਹੁਜਨ ਸਮਾਜ ਆਪਣੇ ਰਹਿਬਰਾਂ ਦੇ ਕੀਤੇ ਪਰਉਪਕਾਰਾਂ ਨੂੰ ਭੁਲਾਉਂਦਾ ਨਹੀਂ ਬਲਕਿ ਆਪਣੇ ਰਹਿਬਰਾਂ ਦੇ ਪਰਉਪਕਾਰਾਂ ਤੇ ਲਾਸਾਨੀ ਕੁਰਬਾਨੀਆਂ ਲਈ ਕੁਰਬਾਨੀ ਦੇਣ ਲਈ ਵੀ ਤੱਤਪਰ ਹੈ।

12 ਅਪ੍ਰੈਲ 2025 ਵਾਕਿਆ, ਇਹ ਦਿਨ ਇਕ ਇਤਿਹਾਸਕ ਦਿਨ ਸੀ ਤੇ ਰਹੇਗਾ ਤੇ ਕੌਣ ਜਾਣਦਾ ਸੀ ਕਿ ਸ. ਮਹਿੰਦਰ ਸਿੰਘ ਮਾਹੀ ਦਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਇਹ ਆਖਰੀ ਸਲਾਮ (ਜੈ ਭੀਮ) ਹੋਵੇਗਾ। ਉਹ ਵੀ ਬੜੇ ਅਦਬ ਦਾ ਤੇ ਨੌਜਵਾਨ ਪੀੜ੍ਹੀ ਦੇ ਆਗੂ ਸ੍ਰੀ ਚੰਦਰ ਸ਼ੇਖਰ ਆਜ਼ਾਦ ਦੀ ਮੌਜੂਦਗੀ 'ਚ ਇਹ ਨਜ਼ਾਰਾ ਦੇਖਣ ਨੂੰ ਮਿਲੇਗਾ। ਅਦਾਰਾ 'ਦੇਸ਼ ਦੁਆਬਾ' ਸ. ਮਹਿੰਦਰ ਸਿੰਘ ਮਾਹੀ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦਾ ਹੈ ਅਤੇ ਵਕਤ ਅਨੁਸਾਰ ਉਹਨਾਂ ਦੀਆਂ ਯਾਦਾਂ ਨੂੰ ਮੀਡੀਏ ਰਾਹੀਂ ਨਸ਼ਰ ਕਰਨ ਦਾ ਯਤਨ ਕਰੇਗਾ। ਅਦਾਰਾ ਦੇਸ਼ ਦੁਆਰਾ ਸਮੂਹ ਦੁਖੀ ਮਾਹੀ ਪਰਿਵਾਰ ਦੇ ਇਸ ਅਕਹਿ ਅਤੇ ਅਸਹਿ ਭਾਣੇ 'ਚ ਨਾਲ ਖੜ੍ਹਾ ਹੈ।

**- ਪ੍ਰੇਮ ਕੁਮਾਰ ਚੁੰਬਰ**


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

*in loving memory of*



**MOHINDER SINGH MAHI**

Please Join us For The Memorial Service at

CHAPEL OF CHIMES
32992 Mission Blvd, Hayward Ca 94544
Sunday May 18th 2025

12:00 noon to 1:30 pm

followed by antim ardas
at
Sikh Temple Fremont
300 Gurdwara Road, Fremont Ca 94536

3:00 pm



# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE
FOR SAFETY, AUDITS AND
RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਿੱਖ ਰਾਜ ਤੋ ਹੁਣ ਤੱਕ ਦੇ ਸੰਘਰਸ਼ ਨਾਲ ਸਬੰਧਤ ਦਿਹਾੜਿਆਂ ਨੂੰ ਨਿਊਯਾਰਕ ਵਿਖੇ ਚੜ੍ਹਦੀ ਕਲਾ ਨਾਲ ਮਨਾਇਆ

**ਸੈਕਰਾਮੈਂਟੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ, ਕੁਈਨਜ ਵਿਲੇਜ ਵਿਖੇ ਸਮੂਹ ਪੰਥਕ ਜਥੇਬੰਦੀਆਂ ਵੱਲੋ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਪੰਥਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ, ਅਤੇ ਨਾਲ ਹੀ ਸਰਹੰਦ ਫਤਹਿ ਦਿਵਸ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ, ਹਰਪ੍ਰੀਤ ਸਿੰਘ ਰਾਣਾ, 29 ਅਪ੍ਰੈਲ 1986 ਦੇ ਖਾਲਿਸਤਾਨ ਐਲਾਨਨਾਮੇ, ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ। ਇਸ ਤੋਂ ਇਲਾਵਾ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਕਨੈਕਟੀਕਟ ਸਟੇਟ ਵਿੱਚ ਪਿਛਲੇ 15 ਸਾਲਾਂ ਤੋਂ ਵੱਖ-ਵੱਖ ਅਹੁਦਿਆਂ ਉੱਤੇ ਸੇਵਾਵਾਂ ਨਿਭਾਅ ਰਹੇ ਸ. ਸਵਰਨਜੀਤ ਸਿੰਘ ਖਾਲਸਾ, ਜੋ ਕਿ ਹੁਣ ਨੌਰਵਿਚ ਸਿਟੀ ਦੇ ਮੇਅਰ ਕੈਂਡੀਡੇਟ ਹਨ ਉਹਨਾਂ ਦੀ ਕਾਮਯਾਬੀ ਲਈ ਅਰਦਾਸ ਅਤੇ ਫੰਡ ਵੀ ਇਕੱਤਰ ਕੀਤਾ ਗਿਆ। ਸਵੇਰ ਸਮੇਂ ਸ਼੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦਿਨ ਭਰ ਦੇ ਦੀਵਾਨ ਵਿੱਚ ਕੀਰਤਨ, ਕਥਾ ਤੋ ਇਲਾਵਾ ਪੰਥਕ ਬੁਲਾਰਿਆਂ ਨੇ ਸਬੰਧਤ ਦਿਹਾੜਿਆਂ ਬਾਰੇ ਵਿਸਥਾਰ ਵਿੱਚ ਸੰਗਤਾਂ ਨਾਲ ਸਾਂਝ ਪਾਈ। ਸਿੱਖ ਹੱਕਾਂ ਦੀ ਪ੍ਰਾਪਤੀ ਅਤੇ ਸਿੱਖ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਮੌਜੂਦਾ ਸਮੇਂ ਅਮਰੀਕਾ ਦੀ ਸਿਆਸਤ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਨਾ ਸਰੋਤ ਵਜੋਂ ਸ। ਸਵਰਨਜੀਤ ਸਿੰਘ ਖਾਲਸਾ ਦੇ ਪੰਥਕ ਮੁੱਦਿਆਂ ਬਾਰੇ ਲਏ ਸਟੈਂਡ, ਅਤੇ ਜਬ ਲੱਗ ਖਾਲਸਾ ਰਹੈ ਨਿਆਰਾ ਦੇ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਕਰਵਾਏ ਗਏ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸ. ਸਵਰਨਜੀਤ ਸਿੰਘ ਖਾਲਸਾ ਦੀ ਮੇਅਰ ਚੋਣ ਵਿੱਚ ਮਦਦ ਲਈ ਵੋਟ ਦੇ ਨਾਲ ਸਿੱਖ ਸੰਗਤਾਂ ਨੇ ਖੁਲ ਕੇ ਮਾਇਕ ਯੋਗਦਾਨ ਵੀ ਪਾਇਆ। ਆਉਣ ਵਾਲੇ ਦਿਨਾਂ ਵਿਚ ਸਿੱਖ ਨੌਜਵਾਨ ਜਪਨੀਤ ਸਿੰਘ ਨੂੰ ਨਿਊਯਾਰਕ ਸਿਟੀ ਕੌਂਸਲ ਲਈ ਜਿਤਾਉਣ ਵਾਸਤੇ ਵੀ ਅਪੀਲ ਕੀਤੀ ਗਈ।



ਵਿਦਵਤਾ ਭਰਪੂਰ ਅਤੇ ਪੰਥਕ ਵਿਚਾਰਾਂ ਦੀ ਸਾਂਝ ਪਾਉਣ ਵਾਲੇ ਬੁਲਾਰਿਆਂ ਵਿੱਚ ਸ। ਹਿੰਮਤ ਸਿੰਘ, ਸ. ਸਵਰਨਜੀਤ ਸਿੰਘ ਖਾਲਸਾ, ਸ. ਸੁਰਜੀਤ ਸਿੰਘ ਕੁਲਾਰ, ਸ. ਅਵਤਾਰ ਸਿੰਘ ਪੰਨੂ, ਸ. ਜਸਬੀਰ ਸਿੰਘ, ਸ. ਰਜਿੰਦਰ ਸਿੰਘ, ਸ. ਤ੍ਰਿਲੋਚਨ ਸਿੰਘ ਭੱਟੀ, ਸ. ਜਪਨੀਤ ਸਿੰਘ ਆਦਿ ਸ਼ਾਮਲ ਸਨ, ਸਟੇਜ ਦੀ ਸੇਵਾ ਸ. ਗੁਰਮੇਲ ਸਿੰਘ ਨੇ ਬਾਖੂਬੀ ਨਿਭਾਈ। ਗਿਆਨੀ ਬਲਵਿੰਦਰ ਸਿੰਘ ਜੀ ਨੇ ਗੁਰਬਾਣੀ ਅਤੇ ਇਤਿਹਾਸ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਸਮਾਗਮਾਂ ਵਿਚ ਸਮੂਹ ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਸਿੱਖਸ ਫਾਰ ਜਸਟਿਸ, ਦਲ ਖਾਲਸਾ, ਧੰਨ ਧੰਨ ਬਾਬਾ ਬੁੱਢਾ ਜੀ ਐਸੋਸੀਏਸ਼ਨ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਹਰਿਆਣਾ, ਪੰਥਕ ਸਿੱਖ ਸੋਸਾਇਟੀ, ਸ਼ਹੀਦ ਊਧਮ ਸਿੰਘ ਸੋਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੋਸਾਇਟੀ ਨਿਊਯਾਰਕ, ਸਿੱਖ ਕੌਂਸਲ ਆਫ ਨਿਊਯਾਰਕ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੇ ਵੀ ਸ਼ਮੂਲੀਅਤ ਕੀਤੀ।

# ਜਸਟਿਸ ਬੀਆਰ ਗਵਈ ਨੇ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਹਲਫ਼ ਲਿਆ

**ਨਵੀਂ ਦਿੱਲੀ–** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਚ ਇਕ ਸੰਖੇਪ ਸਮਾਗਮ ਦੌਰਾਨ ਉਨ੍ਹਾਂ ਨੂੰ ਹਲਫ਼ ਦਿਵਾਇਆ। ਉਹ ਜਸਟਿਸ ਸੰਜੀਵ ਖੰਨਾ ਦੀ ਥਾਂ ਲੈਣਗੇ, ਜੋ ਮੰਗਲਵਾਰ ਨੂੰ 65 ਸਾਲ ਦੀ ਉਮਰ ਹੋਣ ਮਗਰੋਂ ਸੇਵਾਮੁਕਤ ਹੋ ਗਏ ਸਨ। ਜਸਟਿਸ ਗਵਈ, ਜੋ 24 ਮਈ 2019 ਨੂੰ ਸੁਪਰੀਮ ਕੋਰਟ ਦੇ ਜੱਜ ਬਣੇ ਸਨ, ਦਾ ਕਾਰਜਕਾਲ ਛੇ ਮਹੀਨੇ ਤੋਂ ਵੱਧ ਸਮੇਂ ਦਾ ਹੋਵੇਗਾ। ਜਸਟਿਸ ਗਵਈ 23 ਨਵੰਬਰ ਨੂੰ ਸੇਵਾਮੁਕਤ ਹੋਣਗੇ। ਉਨ੍ਹਾਂ ਹਿੰਦੀ ਵਿਚ ਸਹੁੰ ਚੁੱਕੀ।

ਸੁਪਰੀਮ ਕੋਰਟ ਵਿੱਚ ਆਪਣੇ ਆਖਰੀ ਕੰਮਕਾਜੀ ਦਿਨ ’ਤੇ ਮਿਲੇ ਅਥਾਹ ਪਿਆਰ ਅਤੇ ਸਨਮਾਨ ਤੋਂ ਪ੍ਰਭਾਵਿਤ ਭਾਰਤ ਦੇ ਚੀਫ ਜਸਟਿਸ ਸੰਜੀਵ ਖੰਨਾ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਜਸਟਿਸ ਬੀ।ਆਰ। ਗਵਈ ਸੁਪਰੀਮ ਕੋਰਟ ਦੀਆਂ ਕਦਰਾਂ-ਕੀਮਤਾਂ, ਮੌਲਿਕ ਅਧਿਕਾਰਾਂ ਅਤੇ ਬੁਨਿਆਦੀ ਸੰਵਿਧਾਨਕ ਸਿਧਾਂਤਾਂ ਨੂੰ ਬਰਕਰਾਰ ਰੱਖਣਗੇ। ਇਸ ਰਸਮੀ ਵਿਦਾਇਗੀ ਬੈਂਚ ਵਿੱਚ ਸੇਵਾਮੁਕਤ ਚੀਫ ਜਸਟਿਸ, ਜਸਟਿਸ ਗਵਈ ਅਤੇ ਜਸਟਿਸ ਸੰਜੈ ਕੁਮਾਰ



ਸ਼ਾਮਲ ਸਨ। ਇਸ ਦੌਰਾਨ ਜਸਟਿਸ ਖੰਨਾ ਦੀ ਨਾ ਸਿਰਫ਼ ਉਨ੍ਹਾਂ ਦੇ ਯੋਗਦਾਨ ਲਈ, ਸਗੋਂ ਉਨ੍ਹਾਂ ਦੇ ਚਾਚਾ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐੱਚਆਰ ਖੰਨਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਵੀ ਸ਼ਲਾਘਾ ਕੀਤੀ ਗਈ। ਚੀਫ ਜਸਟਿਸ ਖੰਨਾ 11 ਨਵੰਬਰ 2024 ਨੂੰ ਚੀਫ ਜਸਟਿਸ ਨਿਯੁਕਤ ਹੋਏ ਸਨ ਅਤੇ ਅੱਜ ਉਹ ਸੇਵਾਮੁਕਤ ਹੋ ਗਏ ਹਨ। ਹੁਣ ਜਸਟਿਸ ਗਵਈ 14 ਮਈ ਨੂੰ ਚੀਫ ਜਸਟਿਸ ਵਜੋਂ ਅਹੁਦਾ ਸੰਭਾਲਣਗੇ। ਆਪਣੇ ਵਿਦਾਇਗੀ ਭਾਸ਼ਣ ਵਿੱਚ ਜਸਟਿਸ ਖੰਨਾ ਨੇ ਨਿਆਂਪਾਲਿਕਾ ਵਿੱਚ ਬਿਤਾਏ ਆਪਣੇ ਸਮੇਂ ਨੂੰ ਯਾਦ ਕਰਦਿਆਂ ਕਿਹਾ, ‘ਮੈਂ ਬਹੁਤ ਖੁਸ਼ ਹਾਂ। ਮੈਂ ਆਪਣੇ ਨਾਲ ਬਹੁਤ ਸਾਰੀਆਂ ਯਾਦਾਂ ਲੈ ਕੇ ਜਾ ਰਿਹਾ ਹਾਂ। ਯਾਦਾਂ ਜੋ ਬਹੁਤ ਪਿਆਰੀਆਂ ਹਨ ਅਤੇ ਸਾਰੀ ਉਮਰ ਮੇਰੇ ਨਾਲ ਰਹਿਣਗੀਆਂ।’ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਬਾਰ ਅਤੇ ਬੈਂਚ ਦੀ ਭੂਮਿਕਾ ’ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, ‘ਨਿਆਂਪਾਲਿਕਾ ਸਿਰਫ਼ ਜੱਜਾਂ ਤੋਂ ਹੀ ਨਹੀਂ ਬਣਦੀ, ਇਸ ਵਿੱਚ ਬਾਰ ਵੀ ਸ਼ਾਮਲ ਹੈ। ਤੁਸੀਂ ਸਿਸਟਮ ਦੇ ਸੁਚੇਤ ਰਖਵਾਲੇ ਹੋ।’



# ਭਾਰਤ ਵੱਲੋਂ ਪਾਕਿਸਤਾਨ ਵਿੱਚ ਕੀਤੀ ਫੌਜੀ ਕਾਰਵਾਈ ਉਚਿੱਤ-ਸ਼੍ਰੀ ਥਾਨੇਦਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਯੂ ਐਸ ਕਾਂਗਰਸ ਮੈਂਬਰ ਸ਼੍ਰੀ ਥਾਨੇਦਾਰ ਨੇ ਭਾਰਤ ਵੱਲੋਂ ਪਾਕਿਸਤਾਨ ਵਿਚ ਕੀਤੀ ਫੌਜੀ ਕਾਰਵਾਈ ਦਾ ਜੋਰਦਾਰ ਸਮਰਥਨ ਕਰਦਿਆਂ ਕਿਹਾ ਹੈ ਕਿ ਭਾਰਤ ਨੂੰ ਆਪਣੇ ਨਾਗਰਿਕਾਂ ਤੇ ਖੇਤਰ ਦੀ ਰਖਿਆ ਕਰਨ ਦਾ ਮੁਕੰਮਲ ਅਧਿਕਾਰ ਹੈ। 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਜਿਸ ਵਿਚ 26 ਨਿਰਦੋਸ਼ ਭਾਰਤੀ ਮਾਰੇ ਗਏ ਸਨ, ਦੇ ਜਵਾਬ ਵਿਚ ਕੀਤੀ ਕਾਰਵਾਈ ਨੂੰ ਜਾਇਜ ਕਰਾਰ ਦਿੰਦਿਆਂ ਥਾਨੇਦਾਰ ਨੇ ਕਿਹਾ ਹੈ ਕਿ ਭਾਰਤ ਦਾ ਇਹ ਹੱਕ ਹੈ ਕਿ ਉਹ ਆਪਣੇ ਆਪ ਦੀ ਰਾਖੀ ਕਰੇ। ਉਨਾਂ ਕਿਹਾ ਕਿ ਪਹਿਲਗਾਮ ਵਿਚ ਅੱਤਵਾਦੀਆਂ ਨੇ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਤੇ ਹੁਣ ਭਾਰਤ ਨੇ ਅੱਤਵਾਦੀਆਂ ਵਿਰੁੱਧ ਕਾਰਵਾਈ ਕੀਤੀ ਹੈ। ਸ੍ਰੀ ਥਾਨੇਦਾਰ ਨੇ ਅਮਰੀਕਾ ਨੂੰ ਬੇਨਤੀ ਕੀਤੀ ਹੈ ਕਿ



ਉਹ ਇਸ ਅਹਿਮ ਅਵਸਰ ਮੌਕੇ ਭਾਰਤ ਨਾਲ ਡਟ ਕੇ ਖੜਾ ਹੋਵੇ। ਉਨਾਂ ਕਿਹਾ ਹੈ ਕਿ ਅਮਰੀਕਾ ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਦਾ ਸਾਥ ਦੇਵੇ। ਉਨਾਂ ਦੇ ਸਾਥੀ ਸਾਂਸੰਦ ਰਾਜਾ ਕ੍ਰਿਸ਼ਨਾਮੂਰਤੀ ਨੇ ਵੀ ਅੱਤਵਾਦ ਵਿਰੁੱਧ ਕੌਮਾਂਤਰੀ ਪੱਧਰ 'ਤੇ ਇਕਜੁੱਟਤਾ ਦੀ ਲੋੜ ਦਾ ਸੱਦਾ ਦਿੰਦਿਆਂ ਪ੍ਰਮਾਣੂ ਹੱਥਿਆਰਾਂ ਨਾਲ ਲੈਸ ਗਵਾਂਢੀ ਮੁਲਕਾਂ ਵਿਚਾਲੇ ਤਨਾਅ ਘੱਟ ਕਰਨ ਲਈ ਕਿਹਾ ਹੈ। ਕ੍ਰਿਸ਼ਨਾਮੂਰਤੀ ਨੇ ਪਾਕਿਸਤਾਨ ਦੇ ਅੰਦਰੂਨੀ ਰਾਜਸੀ ਸੰਕਟ ਉਪਰ ਵੀ ਚਿੰਤਾ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਰਿਹਾਆ ਕੀਤਾ ਜਾਵੇ ਤੇ ਪਾਕਿਸਤਾਨ ਵਿਚ ਲੋਕਤੰਤਰ ਕਾਇਦੇ ਕਾਨੂੰਨ ਨੂੰ ਬਹਾਲ ਕੀਤਾ ਜਾਵੇ। ਉਨਾਂ ਚਿਤਾਵਨੀ ਦਿੱਤੀ ਕਿ ਮੌਜੂਦਾ ਹਾਲਾਤ ਵਿੱਚ ਇਕ ਵਾਰ ਫਿਰ ਪਾਕਿਸਤਾਨ ਵਿਚ ਲੋਕਤੰਤਰ ਨੂੰ ਖਤਰਾ ਪੈਦਾ ਹੋ ਗਿਆ ਹੈ।

# ਮਾਮਲਾ ਕਾਲੇ ਵਿਅਕਤੀ ਨੂੰ ਕੁੱਟ ਕੁੱਟ ਕੇ ਮਾਰਨ ਦਾ 3 ਸਾਬਕਾ ਪੁਲਿਸ ਅਫਸਰਾਂ ਨੂੰ ਸਾਰੇ ਦੋਸ਼ਾਂ ਤੋਂ ਕੀਤਾ ਬਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਮੈਮਫਿਸ,ਟੇਨੇਸੀ ਦੇ 3 ਸਾਬਕਾ ਪੁਲਿਸ ਅਫਸਰਾਂ ਨੂੰ ਟਾਇਰ ਨਿਕੋਲਸ ਨਾਮੀ ਕਾਲੇ ਵਿਅਕਤੀ ਦੀ ਕੀਤੀ ਗਈ ਬੁਰੀ ਤਰਾਂ ਕੁੱਟਮਾਰ ਜਿਸ ਉਪਰੰਤ ਉਸ ਦੀ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਅਦਾਲਤ ਨੇ ਦੂਸਰਾ ਦਰਜਾ ਹੱਤਿਆ ਸਮੇਤ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਇਕ ਟਰੈਫਿਕ ਸਟਾਪ ਤੋਂ ਭੱਜੇ ਨਿਕੋਲਸ ਦੀ ਪੁਲਿਸ ਦੀ ਕੁੱਟਮਾਰ ਨਾਲ ਹੋਈ ਮੌਤ ਉਪਰੰਤ ਦੇਸ਼ ਵਿਆਪੀ ਵਿਖਾਵੇ ਤੇ ਰੋਸ ਪ੍ਰਦਰਸ਼ਨ ਹੋਏ ਸਨ। ਮੈਮਫਿਸ ਦੀ ਸਟੇਟ ਅਦਾਲਤ ਵਿਚ ਕੁਲ 9 ਦਿਨ ਸੁਣਵਾਈ ਉਪਰੰਤ ਜਿਊਰੀ ਨੇ ਸਾਬਕਾ ਪੁਲਿਸ ਅਫਸਰ ਟਾਡਾਰੀਅਸ ਬੀਨ, ਡੈਮੇਟਰੀਅਸ ਹੇਲੇ ਤੇ ਜਸਟਿਨ ਸਮਿੱਥ ਨੂੰ ਨਿਰਦੋਸ਼ ਐਲਾਨ ਦਿੱਤਾ। ਜਿਊਰੀ ਦੇ ਫੈਸਲੇ ਉਪਰੰਤ ਸਾਬਕਾ ਪੁਲਿਸ ਅਫਸਰਾਂ ਨੇ ਆਪਣੇ ਵਕੀਲਾਂ ਨਾਲ ਜਫੀਆਂ ਪਾਈਆਂ ਤੇ ਅਦਾਲਤ ਵਿਚ ਮੌਜੂਦ ਪੁਲਿਸ ਅਫਸਰਾਂ ਦੇ ਰਿਸ਼ਤੇਦਾਰਾਂ ਨੇ ਖੁਸ਼ੀ ਦਾ ਇਜਹਾਰ ਕੀਤਾ।

# ਪ੍ਰਧਾਨ ਮੰਤਰੀ ਮਾਰਕ ਕਾਰਨੀ ਵਜ਼ਾਰਤ ਵਿੱਚ ਚਾਰ ਪੰਜਾਬੀ

**ਵੈਨਕੂਵਰ-** ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਿਨ ਕੀਤਾ ਹੈ ਜਿਸ ਵਿੱਚ ਚਾਰ



ਪੰਜਾਬੀਆਂ ਮਨਿੰਦਰਾਂ ਸੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ। ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ।ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ। ਓਂਟਾਰੀ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ ’ਤੇ ਦਸਤਖ਼ਤ ਕਰਕੇ ਆਪਣੀਆਂ ਸੀਟਾਂ ’ਤੇ ਬੈਠਦੇ ਰਹੇ।

ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ, 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

# ਕੰਸਾਸ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ 2 ਵਿਦਿਆਰਥੀਆਂ ਸਮੇਤ 8 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਕੰਸਾਸ ਰਾਜ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਟੂਲਸਾ, ਕਲਾਹੋਮਾ ਦੇ ਪਬਲਿਕ ਸਕੂਲਾਂ ਦੇ ਦੋ ਵਿਦਿਆਰਥੀ, ਇਕ ਸਟਾਫ ਮੈਂਬਰ ਤੇ ਇਕ ਸਾਬਕਾ ਕੋਚ ਸਮੇਤ 8 ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਹੈ। ਕੰਸਾਸ ਹਾਈਵੇਅ ਪੈਟਰੋਲ ਕਰੈਸ਼ ਲਾਗ ਅਨੁਸਾਰ ਹਾਦਸਾ ਸ਼ਾਮ 5.43 ਵਜੇ ਦੇ ਆਸ ਪਾਸ ਇਕ ਟਰੱਕ ਤੇ ਕਾਰ ਵਿਚਾਲੇ ਹੋਇਆ। ਟੂਲਸਾ ਪਬਲਿਕ ਸਕੂਲ ਦੇ ਇਕ ਬੁਲਾਰੇ ਅਨੁਸਾਰ ਟਰੱਕ ਨੂੰ ਸਟਾਫ ਮੈਂਬਰ 33 ਸਾਲਾ ਜੈਮੋਨ ਗਿਲਸਟਰੈਪ ਚਲਾ ਰਿਹਾ ਸੀ। ਹਾਦਸੇ ਵਿਚ ਗਿਲਸਟਰੈਪ ਸਮੇਤ ਵਿਦਿਆਰਥੀ ਡੋਨਾਲਡ ਡੀ ਜੇ ਲਾਸਟਰ, ਸਾਬਕਾ ਕੋਚ ਤੇ ਅਧਿਆਪਕ ਵੇਨੇ ਵਾਲਜ ਮਾਰੇ ਗਏ। ਮਾਰੇ ਗਏ ਨੌਵੀਂ ਕਲਾਸ ਦੇ ਵਿਦਿਆਰਥੀ ਦੀ ਪਛਾਣ ਕਿਰੋਨ ਗਿਲਸਟਰੈਪ ਵਜੋਂ ਹੋਈ ਹੈ।

ਪੁਲਿਸ ਅਨੁਸਾਰ ਕਾਰ ਵਿਚ ਸਵਾਰ ਮਾਰੇ ਗਏ 4 ਵਿਅਕਤੀਆਂ ਦੀ ਪਛਾਣ ਅਲੈਗਜੈਂਡਰ ਆਰ ਅਰਨਸਟ (37), ਜੌਹਨ ਡੀ ਐਲੀਆਟ (76), ਮੈਡਾਲਿਨ ਆਨ ਐਲੀਆਟ (33) ਤੇ ਨੋਰਲੀਨ ਐਲ ਐਲੀਆਟ (69) ਵਜੋਂ ਹੋਈ ਹੈ।

# ਨਕਲੀ ਪੁਲਿਸ ਅਫਸਰ ਬਣ ਕੇ ਬਜ਼ੁਰਗ ਔਰਤ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਭਾਰਤੀ ਵਿਦਿਆਰਥੀ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਨਾਰਥ ਕੈਰੋਲੀਨਾ ਵਿਚ ਇਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਫਰਜੀ ਪੁਲਿਸ ਅਫਸਰ ਬਣ ਕੇ ਇਕ ਬਜ਼ੁਰਗ ਔਰਤ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਕਿਸ਼ਨ ਕੁਮਾਰ ਸਿੰਘ 2024 ਵਿਚ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਆਇਆ ਸੀ। ਉਹ ਸਿਨਸਿਨਾਟੀ, ਓਹੀਏ ਨੇੜੇ ਰਹਿ ਰਿਹਾ ਹੈ। ਉਸ ਨੂੰ ਗੁਇਲਫੋਰਡ ਕਾਊਂਟੀ ਵਿਚ ਗ੍ਰਿਫਤਾਰ ਕੀਤਾ ਗਿਆ। ਪੁਲਿਸ ਵਿਭਾਗ ਅਨੁਸਾਰ ਉਸ ਨੇ ਸੰਘੀ ਏਜੰਟ ਬਣ ਕੇ ਇਕ 78 ਸਾਲਾ ਔਰਤ ਕੋਲੋਂ ਪੈਸੇ ਲੈਣ ਦੀ ਕੋਸ਼ਿਸ ਕੀਤੀ। ਬਜ਼ੁਰਗ ਔਰਤ ਉਸ ਵੱਲੋਂ ਪਾਏ ਦਬਾਅ ਕਾਰਨ ਬੈਂਕ ਵਿਚੋਂ ਪੈਸੇ ਕਢਵਾਉਣ ਲਈ ਸਹਿਮਤ ਹੋ ਗਈ ਤੇ ਉਸ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਪੈਸੇ ਲੈਣ ਆਇਆ ਸੀ। ਉਸ ਨੂੰ ਇਸ ਸਮੇ ਗੁਇਲਫੋਰਡ ਕਾਊਂਟੀ ਡੀਟੈਨਸ਼ਨ ਸੈਂਟਰ ਵਿਚ ਰੱਖਿਆ ਗਿਆ ਹੈ। ਗੁਇਲਫੋਰਡ ਕਾਊਂਟੀ ਸ਼ੈਰਿਫ ਦਫਤਰ ਨੇ ਚਿਤਾਵਨੀ ਦਿੱਤੀ ਹੈ ਕਿ ਧੋਖੇਬਾਜ ਲੋਕ ਸੀਨੀਅਰ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜਿਸ ਤੋਂ ਸੁਚੇਤ ਰਿਹਾ ਜਾਵੇ। ਉਨਾਂ ਬਜ਼ੁਰਗਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਪੁਲਿਸ ਕਦੀ ਵੀ ਪੈਸੇ ਦੀ ਮੰਗ ਨਹੀਂ ਕਰਦੀ। ਜੇਕਰ ਕੋਈ ਉਨਾਂ ਕੋਲੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਸਮਕਾਲੀ ਸਮੇਂ ਵਿੱਚ ਤਥਾਗਤ ਬੁੱਧ ਦੀ ਸਾਰਥਕਤਾ

ਤਥਾਗਤ ਬੁੱਧ ਨੇ 'ਦੁੱਖ' (ਦੁੱਖ - ਸਰੀਰਕ, ਮਾਨਸਿਕ, ਨੈਤਿਕ ਅਤੇ ਸਮਾਜਿਕ) ਦੇ ਜਵਾਬ ਦੀ ਖੋਜ ਮਹਿਲ ਤਿਆਗ ਕੇ ਅਤੇ ਆਪਣੇ ਸਮੇਂ ਦੇ ਜਾਣੇ-ਪਛਾਣੇ ਇਕਾਂਤਵਾਸੀਆਂ ਦੀ ਸੰਗਤ ਦੀ ਭਾਲ ਕਰਕੇ ਸ਼ੁਰੂ ਕੀਤੀ। ਉਨ੍ਹਾਂ ਦੇ ਦੁੱਖ ਭੌਤਿਕ ਸਰੋਤਾਂ ਦੀ ਘਾਟ ਜਾਂ ਕਿਸੇ ਸਰੀਰਕ ਬਿਮਾਰੀ ਤੋਂ ਸ਼ੁਰੂ ਨਹੀਂ ਹੋਏ ਸਨ। ਇਹ ਬਿਮਾਰੀ, ਬੁਢਾਪੇ ਅਤੇ ਮੌਤ ਦੇ ਅਚਾਨਕ ਮਿਲਣ ਤੋਂ ਬਾਅਦ ਉਨ੍ਹਾਂ ਦੇ ਸੂਖਮ ਅਹਿਸਾਸ ਦਾ ਨਤੀਜਾ ਸੀ। ਇਹ ਉਨ੍ਹਾਂ ਦੇ ਤਰਕਸ਼ੀਲ ਮਨ ਵਿੱਚ ਡੂੰਘਾਈ ਨਾਲ ਚਲਾ ਗਿਆ ਕਿ ਜੇਕਰ ਕੋਈ ਬਿਮਾਰੀ ਦਾ ਸਾਹਮਣਾ ਕਰਦਾ ਹੈ, ਬੁੱਢਾ ਹੋ ਜਾਂਦਾ ਹੈ ਅਤੇ ਮਰ ਜਾਂਦਾ ਹੈ ਤਾਂ ਇਹ ਹਰ ਮਨੁੱਖ ਦੀ ਕਿਸਮਤ ਹੋਵੇਗੀ, ਭਾਵੇਂ ਉਸਦੀ ਸਥਿਤੀ, ਉਮਰ ਅਤੇ ਸਥਾਨ ਕੁਝ ਵੀ ਹੋਵੇ। ਇਸ ਤਰ੍ਹਾਂ, ਬੁੱਧ ਦਾ ਦੁੱਖ ਦੂਜਿਆਂ ਦੇ ਦੁੱਖਾਂ ਨਾਲ ਉਨ੍ਹਾਂ ਦੇ ਮਿਲਣ ਦਾ ਨਤੀਜਾ ਸੀ। ਦੂਜੇ ਸ਼ਬਦਾਂ ਵਿੱਚ, ਇਹ ਛੂਤਕਾਰੀ ਸੀ! ਇਸ ਲਈ ਇਸਨੂੰ ਨੈਤਿਕ ਜਾਂ ਕੁਝ ਹੋਰ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ, ਅਸੀਂ ਇਸਨੂੰ ਵਿਅਕਤੀਗਤ-ਨਿੱਜੀ-ਦੁੱਖ ਕਹਿ ਸਕਦੇ ਹਾਂ ਜਿਸਨੂੰ ਉਨ੍ਹਾਂ ਨੇ ਮੌਕਾ ਮਿਲਣ ਤੋਂ ਬਾਅਦ ਆਪਣੇ ਅੰਦਰੂਨੀ ਹੋਣ ਦਾ ਕਾਰਨ ਦੱਸਿਆ। ਫਿਰ ਵੀ, ਇਹ ਉਨ੍ਹਾਂ ਦੇ ਅੰਤ ਵਿੱਚ ਸਾਰੇ ਸੁੱਖਾਂ ਦੀ ਮੌਜੂਦਗੀ ਦੇ ਬਾਵਜੂਦ ਹੋਇਆ ਅਤੇ ਇਸ ਨਿਰਾਕਾਰ-ਨਿੱਜੀ-ਦੁੱਖ ਨੇ ਉਸਨੂੰ ਆਪਣੇ ਮਹਿਲ ਵਾਲੇ ਜੀਵਨ, ਰਾਜਾ ਪਿਤਾ, ਸੁੰਦਰ ਪਤਨੀ, ਇੱਕ ਬਹੁਤ ਛੋਟਾ ਪੁੱਤਰ ਤਿਆਗਣ ਅਤੇ ਸਵੈ-ਬੁਲਾਏ ਗਏ ਦੁੱਖਾਂ ਨਾਲ ਭਰੀ ਇੱਕ ਭਿਖਾਰੀ ਜ਼ਿੰਦਗੀ ਜੀਉਣ ਲਈ ਪ੍ਰੇਰਿਤ ਕੀਤਾ। ਉਸਨੇ ਮਹਿਲ ਦੇ ਬਾਹਰ ਅਤੇ ਜਾਣੇ-ਪਛਾਣੇ ਤਿਆਗੀਆਂ ਦੀ ਸੰਗਤ ਵਿੱਚ ਹਰ ਤਰ੍ਹਾਂ ਦੇ ਦੁੱਖਾਂ ਤੋਂ ਮੁਕਤੀ ਦੀ ਖੋਜ ਸ਼ੁਰੂ ਕੀਤੀ। ਉਸਨੇ ਉਹੀ ਕੀਤਾ ਜੋ 'ਸੱਚ' ਪ੍ਰਾਪਤ ਕਰਨ ਲਈ ਕਿਹਾ ਗਿਆ ਸੀ। ਉਸਨੇ ਹਰ ਫਾਰਮੂਲੇ, ਯੋਗ ਅਭਿਆਸ ਦਾ ਅਭਿਆਸ ਕੀਤਾ ਅਤੇ ਆਪਣੇ ਆਪ ਨੂੰ ਆਪਣੇ ਸਰੀਰ ਦੇ ਢਾਂਚੇ ਨੂੰ ਸਿਰਫ਼ ਇੱਕ ਪਿੰਜਰ ਵਿੱਚ ਬਦਲਣ ਦੀ ਹੱਦ ਤੱਕ ਆਪਣੇ ਆਪ ਨੂੰ ਗੰਭੀਰ ਸਰੀਰਕ ਦੁੱਖਾਂ ਵਿੱਚ ਪਾ ਦਿੱਤਾ। ਸਿਰਫ਼ ਇੱਕ ਦਾਣੇ 'ਤੇ ਦਿਨ ਬਿਤਾਉਣੇ। ਕੋਈ ਵੀ ਕੰਮ ਨਹੀਂ ਕੀਤਾ। ਅੰਤ ਵਿੱਚ, ਮਹਾਤਮਾ ਬੁੱਧ ਨੂੰ ਸਪੱਸ਼ਟ ਹੋ ਗਿਆ ਕਿ ਦੁੱਖਾਂ ਦਾ ਜਵਾਬ ਬਾਹਰ ਨਹੀਂ ਲੱਭਿਆ ਜਾ ਸਕਦਾ। ਇਹ ਸ਼ਾਇਦ ਸੋਚਿਆ ਹੋਵੇਗਾ ਕਿ ਅੰਦਰ ਅਨੁਭਵ ਕੀਤੇ ਗਏ ਦੁੱਖਾਂ ਦਾ ਜਵਾਬ ਬਾਹਰੀ ਸੰਸਾਰ ਵਿੱਚ ਕਿਵੇਂ ਮਿਲ ਸਕਦਾ ਹੈ? ਇਸਨੇ ਮਹਾਤਮਾ ਬੁੱਧ ਨੂੰ 'ਸੱਚ' ਦੀ ਭਾਲ ਵਿੱਚ ਇੱਕ ਨਵੀਂ ਯਾਤਰਾ ਕਰਨ ਲਈ ਪ੍ਰੇਰਿਤ ਕੀਤਾ। ਇਸਨੇ ਉਸਨੂੰ ਇਹ ਵੀ ਅਹਿਸਾਸ ਕਰਵਾਇਆ ਕਿ ਇਸ ਯਾਤਰਾ 'ਤੇ, ਸਭ ਤੋਂ ਵਧੀਆ ਰਸਤਾ ਵਿਚਕਾਰਲਾ ਰਸਤਾ ਹੈ - ਅਤਿਅੰਤ ਭੋਗ ਅਤੇ ਪੂਰਨ ਤਿਆਗ ਦੇ ਵਿਚਕਾਰ! ਪਰ ਤਥਾਗਤ ਬੁੱਧ ਨੂੰ ਸੱਚਾਈ ਲੱਭਣ ਦੇ ਅਧਿਆਤਮਿਕ ਤਰੀਕੇ ਦੇ ਹੋਰ ਸਾਰੇ ਅਭਿਆਸੀਆਂ ਤੋਂ ਵੱਖਰਾ ਕਰਨ ਵਾਲੀ ਗੱਲ 'ਆਪਣੇ ਆਪ' ਨੂੰ ਜਾਣਨ ਦਾ ਉਨ੍ਹਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਸੀ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਜੀਵਨ ਵਿੱਚ ਦੁੱਖ ਹੈ। ਇਸਦਾ ਇੱਕ ਕਾਰਨ ਹੈ। ਕਾਰਨ ਦਾ ਪਤਾ ਲਗਾਇਆ ਜਾ ਸਕਦਾ ਹੈ। ਅਤੇ ਇਸ ਤੋਂ ਛੁਟਕਾਰਾ ਪਾਉਣ ਦਾ ਜਵਾਬ ਲੱਭਿਆ ਜਾ ਸਕਦਾ ਹੈ।

ਮਹਾਤਮਾ ਬੁੱਧ ਨੇ ਮਨੁੱਖਤਾ ਨਾਲ ਸਾਂਝੀ ਕੀਤੀ ਗਈ ਅਨੁਭਵੀ ਸੱਚਾਈ ਦੀ ਇੱਕ ਹੋਰ ਸਮਝ ਇਹ ਹੈ ਕਿ ਸਾਰੇ ਮਨੁੱਖ ਇੱਕੋ ਜਿਹੇ ਹਨ। ਕੋਈ ਉੱਚੀ ਅਤੇ ਨੀਵੀਂ ਜਾਤ ਨਹੀਂ ਹੈ। ਆਜ਼ਾਦੀ, ਸਮਾਨਤਾ ਅਤੇ ਸਮਾਜਿਕ ਨਿਆਂ ਸਾਡੇ ਵਿੱਚੋਂ ਹਰੇਕ ਦੇ ਅੰਦਰ ਸ਼ੁਰੂ ਹੋਣ ਵਾਲੀ ਯਾਤਰਾ ਲਈ ਬੁਨਿਆਦੀ ਨੀਂਹ ਹਨ। ਦੁੱਖ ਲਾਲਸਾ ਤੋਂ ਸ਼ੁਰੂ ਹੁੰਦੇ ਹਨ ਅਤੇ ਇਹ ਜੀਵਨ ਦੇ ਕਿਸੇ ਵੀ ਪੜਾਅ 'ਤੇ ਕਦੇ ਖਤਮ ਨਹੀਂ ਹੁੰਦਾ। ਇੱਕੋ ਇੱਕ ਰਸਤਾ ਆਪਣੇ ਅੰਦਰ ਦੀਵਾ ਜਗਾਉਣਾ ਹੈ। ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਬੁੱਧ ਧਰਮ ਨੂੰ ਅਪਣਾ ਕੇ ਹੇਠਲੀਆਂ ਜਾਤੀਆਂ ਦੀ ਮੁਕਤੀ ਅਤੇ ਸਸ਼ਕਤੀਕਰਨ ਦਾ ਉੱਤਮ ਰਸਤਾ ਲੱਭਿਆ, ਜੋ ਉਨ੍ਹਾਂ ਲਈ ਰਸਮਾਂ ਦਾ ਧਰਮ ਨਹੀਂ ਸਗੋਂ ਸਮਾਜਿਕ ਨਿਆਂ, ਆਜ਼ਾਦੀ ਅਤੇ ਸਮਾਨਤਾ ਦਾ ਧਰਮ ਹੈ। ਇਸਨੇ ਸਾਨੂੰ ਆਪਣੇ ਯਤਨਾਂ ਰਾਹੀਂ ਮੁਕਤੀ ਲਈ ਸੰਘਰਸ਼ ਕਰਨਾ ਸਿਖਾਇਆ। ਇਸਨੇ ਪੀੜਤਾਂ ਅਤੇ ਪਰਮਾਤਮਾ ਵਿਚਕਾਰ ਕਿਸੇ ਵਿਚੋਲੇ ਦੀ ਮੰਗ ਨਹੀਂ ਕੀਤੀ। ਇਸਨੇ ਸਾਨੂੰ ਇਹ ਸਮਝਣ ਲਈ ਕਿਹਾ ਕਿ ਸਾਡੇ ਦੁੱਖ ਦਾ ਕਾਰਨ ਕੀ ਹੈ ਅਤੇ ਇਸ ਤੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਲਈ। ਉਸਨੇ ਸੁਝਾਇਆ ਤਰੀਕਾ ਹੈ: ਸਿੱਖਿਅਤ ਕਰੋ, ਅੰਦੋਲਨ ਕਰੋ ਅਤੇ ਸੰਗਠਿਤ ਕਰੋ!

**- ਪ੍ਰੇਮ ਕੁਮਾਰ ਚੁੰਬਰ**

# ਜੰਗ ਖ਼ਤਮ ਹੋ ਗਈ ਪਰ ਅੱਤਵਾਦ ਹੋਵੇਗਾ ਕਿ ਨਹੀਂ?

**ਜਗਜੀਵਨ ਮੀਤ**

22 ਅਪ੍ਰੈਲ 2025 ਨੂੰ ਪਹਿਲਗਾਮ 'ਚ ਸੈਲਾਨੀਆਂ 'ਤੇ ਅੱਤਵਾਦੀਆਂ ਵੱਲੋਂ ਕੀਤੇ ਵਾਰ ਦਾ ਬਦਲਾ ਭਾਰਤੀ ਫ਼ੌਜਾਂ ਨੇ ਪਾਕਿਸਤਾਨ 'ਤੇ 'ਆਪ੍ਰੇਸ਼ਨ ਸਿੰਧੂਰ' ਨਾਲ ਲਿਆ ਹੈ। ਇਸ ਆਪ੍ਰੇਸ਼ਨ ਨਾਲ ਪਾਕਿਸਤਾਨ 'ਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਗਿਆ। ਇਸ ਵਿਚ ਜੈਸ਼-ਏ-ਮੁਹੰਮਦ ਦਾ ਮੁੱਖ ਦਫ਼ਤਰ, ਮਰਕਜ਼ ਸੁਭਾਨ ਅੱਲ੍ਹਾ ਵੀ ਸ਼ਾਮਲ ਹੈ। ਇਸ ਆਪ੍ਰੇਸ਼ਨ ਦੀ ਖਾਸੀਅਤ ਇਹ ਸੀ ਕਿ ਆਮ ਨਾਗਰਿਕਾਂ ਨੂੰ ਭਾਰਤੀ ਸੈਨਾ ਨੇ ਝਰੀਟ ਵੀ ਨਹੀਂ ਆਉਣ ਦਿੱਤੀ ਪਰ ਦੂਜੇ ਪਾਸਿ ' ਭੜਕੇ ਪਾਕਿਸਤਾਨ ਨੇ ਜ਼ਰੂਰ ਸਰਹੱਦ ਪਾਰ ਡ੍ਰੋਨ ਤੇ ਮਿਜ਼ਾਈਲਾਂ ਸੁੱਟ ਕੇ ਆਮ ਜਨਤਾ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਅਮਰੀਕਾ ਦੇ ਦਖ਼ਲ ਨਾਲ ਜੰਗਬੰਦੀ ਹੋਈ ਪਰ ਇਸ ਦੇ ਕੁਝ ਘੰਟਿਆਂ ਬਾਅਦ ਹੀ ਪਾਕਿਸਤਾਨ ਨੇ ਆਪਣਾ ਅਸਲੀ ਰੰਗ ਫਿਰ ਦਿਖਾਇਆ ਤੇ ਭਾਰਤ ਦੇ ਕਈ ਹਿੱਸਿਆਂ 'ਤੇ ਹਮਲੇ ਕੀਤੇ।




ਫ਼ਿਲਹਾਲ ਦੋਵੇਂ ਪਾਸੇ ਸ਼ਾਂਤੀ ਹੈ ਪਰ ਪੂਰੇ ਮੁਲਕ ਨੇ ਜੰਗ ਦੇ ਇਨ੍ਹਾਂ ਦਿਨਾਂ 'ਚ ਬਲੈਕਆਊਟ ਵਰਗੀ ਦਹਿਸ਼ਤ ਤੇ ਸਿਰਾਂ ਤੋਂ ਉੱਡਦੇ ਜਾਨਲੇਵਾ ਡ੍ਰੋਨਾਂ ਤੇ ਮਿਜ਼ਾਈਲਾਂ ਦਾ ਖ਼ੌਫ ਝੱਲਿਆ ਹੈ। ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਪਿੰਡੇ ਇਨ੍ਹਾਂ ਡ੍ਰੋਨਾਂ ਦੀਆਂ ਤੱਤੀਆਂ ਛਿਲਤਰਾਂ ਕਾਰਨ ਭੁੰਨੇ ਗਏ ਹਨ। ਇਹ ਕੋਈ ਪਹਿਲਾ ਮੌਕਾ ਨਹੀਂ ਹੈ ਜਦੋਂ ਗੁਆਂਢੀ ਮੁਲਕ ਨਾਲ ਇਸ ਤਰ੍ਹਾਂ ਜੰਗ ਛਿੜੀ ਹੋਵੇ। ਇਹ ਤਣਾਅ 1947 ਤੋਂ ਜਾਰੀ ਹੈ।

ਉਦੋਂ ਹੋਇਆ ਯੁੱਧ ਕਸ਼ਮੀਰ ਜੰਗ ਵਜੋਂ ਵੀ ਜਾਣਿਆ ਜਾਂਦਾ ਹੈ। ਦੋਵਾਂ ਮੁਲਕਾਂ ਵਿਚਾਲੇ ਕਸ਼ਮੀਰ ਨੂੰ ਲੈ ਕੇ ਹੋਇਆ ਇਹ ਟਕਰਾਅ ਜਨਵਰੀ 1949 ਤੱਕ ਜਾਰੀ ਰਿਹਾ। ਉਦੋਂ ਸੰਯੁਕਤ ਰਾਸ਼ਟਰ ਵੱਲੋਂ ਕੀਤੀ ਵਿਚੋਲਗੀ ਤੋਂ ਬਾਅਦ ਜੰਗਬੰਦੀ ਲਾਗੂ ਹੋਈ ਸੀ। ਇਸ ਦੇ ਨਤੀਜੇ ਵਜੋਂ ਕੰਟਰੋਲ ਰੇਖਾ ਦੇ ਰੂਪ 'ਚ ਭਾਰਤ ਤੇ ਪਾਕਿਸਤਾਨ ਦਰਮਿਆਨ ਕਸ਼ਮੀਰ ਦੀ ਵੰਡ ਹੋਈ ਸੀ। ਦੂਜੀ ਜੰਗ 5 ਅਗਸਤ 1965 ਨੂੰ ਕਸ਼ਮੀਰ ਨੂੰ ਲੈ ਕੇ ਹਥਿਆਰਬੰਦ ਟਕਰਾਅ ਦੇ ਰੂਪ 'ਚ ਹੋਈ ਸੀ। ਉਸ ਵੇਲੇ ਪਾਕਿਸਤਾਨੀ ਫ਼ੌਜੀਆਂ ਨੇ ਭੇਸ ਬਦਲ ਕੇ ਕੰਟੋਰਲ ਰੇਖਾ ਪਾਰ ਕੀਤੀ ਤੇ ਭਾਰਤ ਦੇ ਕਈ ਖੇਤਰਾਂ 'ਚ ਘੁਸਪੈਠ ਕੀਤੀ ਸੀ।

ਇਸੇ ਤਰ੍ਹਾਂ 1971 ਦੀ ਜੰਗ ਵੀ ਦੋਵਾਂ ਮੁਲਕਾਂ ਵਿਚਾਲੇ ਬੇਹੱਦ ਸੰਵੇਦਨਸ਼ੀਲ ਜੰਗ ਮੰਨੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਹੀ ਬੰਗਲਾਦੇਸ਼ ਹੋਂਦ 'ਚ ਆਇਆ ਸੀ। 1999 'ਚ ਹੋਇਆ ਕਾਰਗਿਲ ਯੁੱਧ ਭਾਰਤ ਦੀ ਫ਼ਤਹਿ ਨਾਲ ਖ਼ਤਮ ਹੋਇਆ। 18 ਸਤੰਬਰ 2016 ਨੂੰ ਜੰਮੂ ਤੇ ਕਸ਼ਮੀਰ ਦੇ ਉੜੀ 'ਚ ਭਾਰਤੀ ਫ਼ੌਜ ਦੇ ਅੱਡੇ 'ਤੇ ਹੋਏ ਅੱਤਵਾਦੀ ਹਮਲੇ 'ਚ 19 ਫ਼ੌਜੀ ਸ਼ਹੀਦ ਹੋ ਗਏ ਤੇ ਇਸ ਤੋਂ ਬਾਅਦ ਭਾਰਤ ਨੇ 28-29 ਸਤੰਬਰ ਦੀ ਰਾਤ ਨੂੰ ਕੰਟਰੋਲ ਰੇਖਾ ਦੇ ਪਾਰ ਸਰਜੀਕਲ ਸਟ੍ਰਾਈਕ ਕਰ ਕੇ ਪਾਕਿਸਤਾਨ 'ਤੇ ਧਾਵਾ ਬੋਲਿਆ।

26 ਫਰਵਰੀ 2019 ਨੂੰ ਪੁਲਵਾਮਾ ਅੱਤਵਾਦੀ ਹਮਲੇ ਦੇ ਜਵਾਬ 'ਚ ਭਾਰਤ ਨੇ ਪਾਕਿਸਤਾਨ ਦੇ ਬਾਲਾਕੋਟ 'ਚ ਸਰਜੀਕਲ ਸਟ੍ਰਾਈਕ ਕਰ ਕੇ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਸਿਖਲਾਈ ਕੈਂਪ 'ਤੇ ਹਵਾਈ ਹਮਲੇ ਕੀਤੇ। ਪੁਲਵਾਮਾ ਅੱਤਵਾਦੀ ਹਮਲੇ 'ਚ ਸੀਆਰਪੀਐੱਫ ਦੇ 40 ਜਵਾਨ ਸ਼ਹੀਦ ਹੋ ਗਏ ਸਨ। ਪਾਕਿਸਤਾਨ ਨਾਲ ਜਦੋਂ ਵੀ ਯੁੱਧ ਛਿੜਿਆ ਹੈ ਇਸ ਪਿੱਛੇ ਅੱਤਵਾਦ ਹੀ ਕਾਰਨ ਹੁੰਦਾ ਹੈ। ਪਾਕਿਸਤਾਨ ਅੱਤਵਾਦੀਆਂ ਦਾ ਖ਼ੈਰਖਵਾਹ ਹੈ, ਇਹ ਗੱਲ ਜੱਗ ਜ਼ਾਹਰ ਹੋ ਚੁੱਕੀ ਹੈ। ਪਾਕਿਸਤਾਨ ਦੇ ਵੱਡੇ ਆਗੂ ਆਪ ਵੀ ਇਸ ਗੱਲ ਨੂੰ ਕਬੂਲ ਚੁੱਕੇ ਹਨ। ਹਲਾਕ ਹੋਏ ਅੱਤਵਾਦੀਆਂ ਦੀਆਂ ਸ਼ੋਕ ਸਭਾਵਾਂ 'ਚ ਪਾਕਿਸਤਾਨੀ ਫ਼ੌਜ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਇਸ ਗੱਲ ਦਾ ਪੱਕਾ ਸਬੂਤ ਹੈ।

ਹੁਣ ਬੇਸ਼ੱਕ ਅਮਰੀਕਾ ਦੀ ਵਿਚੋਲਗੀ ਨਾਲ ਦੋਵਾਂ ਮੁਲਕਾਂ 'ਚ ਜੰਗਬੰਦੀ ਹੋ ਗਈ ਹੈ ਪਰ ਇੰਨੇ ਕੁ ਨਾਲ ਭਾਰਤੀਆਂ ਨੂੰ ਜਸ਼ਨ ਮਨਾਉਣ ਦੀ ਲੋੜ ਨਹੀਂ ਹੈ। ਬੇਸ਼ੱਕ ਲੋਕਾਂ 'ਚ ਜੰਗ ਦਾ ਖ਼ੌਫ ਸੀ ਤੇ ਇਸ ਦੇ ਖ਼ਤਰੇ ਕਾਰਨ ਹੋਣ ਵਾਲੇ ਨੁਕਸਾਨ ਦਾ ਵੀ ਇਲਮ ਸੀ ਪਰ ਉਨ੍ਹਾਂ ਪਰਿਵਾਰਾਂ ਦੀ ਪੀੜ ਕਦੇ ਨਹੀਂ ਭੁੱਲਣੀ ਚਾਹੀਦੀ ਜਿਨ੍ਹਾਂ ਨੇ ਪਹਿਲਗਾਮ 'ਚ ਆਪਣਿਆਂ ਦੇ ਸਿਰਾਂ 'ਚ ਗੋਲ਼ੀਆਂ ਵੱਜਦੀਆਂ ਅੱਖੀਂ ਦੇਖੀਆਂ ਹਨ। ਅੱਤਵਾਦ ਦੇ ਰੂਪ 'ਚ ਪਾਕਿਸਤਾਨ ਭਾਰਤ ਨੂੰ ਉਦੋਂ ਤੋਂ ਹੀ ਜ਼ਖ਼ਮ ਦੇ ਰਿਹਾ ਹੈ, ਜਦੋਂ ਤੋਂ ਇਹ ਮੁਲਕ ਹੋਂਦ 'ਚ ਆਇਆ ਹੈ। ਪਹਿਲਗਾਮ 'ਚ ਅੱਤਵਾਦੀਆਂ ਨੇ ਜਿਸ ਤਰ੍ਹਾਂ ਘਿਨਾਉਣੇ ਤਰੀਕੇ ਨਾਲ ਬੇਕਸੂਰੇ ਲੋਕਾਂ ਦੀ ਜਾਨ ਲਈ ਹੈ ਉਹ ਬਰਦਾਸ਼ਤ ਕਰਨ ਯੋਗ ਨਹੀਂ ਹੈ। ਅੱਤਵਾਦੀਆਂ ਨੇ ਸੱਜਰੇ ਸੁਹਾਗ ਉਜਾੜੇ ਹਨ ਤੇ ਮਾਸੂਮ ਬੱਚਿਆਂ ਨੂੰ ਯਤੀਮ ਕੀਤਾ ਹੈ। ਇਸੇ ਮੁਲਕ ਦੇ ਅੱਤਵਾਦ ਵੱਲੋਂ ਕਿਸੇ ਨਾ ਕਿਸੇ ਭਾਰਤੀ ਮਾਂ ਦਾ ਜਵਾਨ ਪੁੱਤ ਸਰਹੱਦਾਂ 'ਤੇ ਰਾਖੀ ਕਰਦਾ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਹੈਰਾਨੀ ਇਸ ਗੱਲ ਦੀ ਵੀ ਹੈ ਕਿ ਪਿਛਲੇ 70-75 ਸਾਲਾਂ ਤੋਂ ਪਤਾ ਨਹੀਂ ਕਿੰਨੀਆਂ ਸਰਕਾਰਾਂ ਆਈਆਂ ਤੇ ਗਈਆਂ ਪਰ ਸਰਹੱਦਾਂ ਦੀ ਰਾਖੀ ਕਰਨ ਵਾਲਿਆਂ ਤੇ ਸਰਹੱਦਾਂ ਦੇ ਲਾਗੇ ਰਹਿਣ ਵਾਲਿਆਂ ਦੇ ਨਸੀਬ ਉਹੀ ਰਹੇ ਹਨ। ਆਖਰ ਕਦੋਂ ਤੱਕ ਅੱਤਵਾਦ ਸਾਡੀਆਂ ਜੜ੍ਹਾਂ 'ਚ ਇਸ ਤਰੀਕੇ ਬਾਰੂਦ ਭਰਦਾ ਰਹੇਗਾ? ਹੁਣ ਬਿਨਾ ਕੋਈ ਸਮਝੌਤਾ ਕੀਤਿਆਂ ਅੱਤਵਾਦ ਤੇ ਇਸ ਨੂੰ ਸ਼ਹਿ ਦੇਣ ਵਾਲਿਆਂ ਦਾ ਪੱਕਾ ਇਲਾਜ ਕਰਨ ਦੀ ਲੋੜ ਹੈ। ਕਿਉਂਕਿ ਇਸ ਗੱਲ ਨੂੰ ਭੁੱਲਿਆ ਨਾ ਜਾਵੇ ਕਿ ਇਸ ਵਾਰ ਵੀ ਸਿਰਫ਼ ਜੰਗਬੰਦੀ ਕਾਰਨ ਯੁੱਧ ਖ਼ਤਮ ਹੋਇਆ ਹੈ ਨਾ ਕਿ ਅੱਤਵਾਦ।

# ਲੋਕਾਂ ਨੂੰ ਜੰਗ ਨਹੀਂ, ਅਮਨ ਚਾਹੀਦੈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੰਗ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਇੱਕ ਬੰਨੇ ਜੰਗ ਦੇ ਸਹਿਮ ਕਾਰਨ ਪੰਜਾਬ ਦੇ ਲੋਕ ਗਹਿਰੇ ਸਦਮੇ ਵਿਚ ਹਨ ਖਾਸ ਕਰਕੇ ਸਰਹੱਦੀ ਇਲਾਕਿਆਂ ਦੇ ਲੋਕ ਹਿਜ਼ਰਤ ਕਰਨ ਲਈ ਮਜਬੂਰ ਹਨ ਅਤੇ ਦੂਜੇ ਬੰਨੇ ਜੰਗ ਦੇ ਬੱਦਲਾਂ ਦੇ ਓਹਲੇ ਓਹਲੇ ਬਰਤਾਨੀਆ ਅਤੇ ਅਮਰੀਕਾ ਸਮੇਤ ਸਾਮਰਾਜੀ ਕਾਰਪੋਰੇਟ ਘਰਾਣਿਆਂ ਹਵਾਲੇ ਸਾਡੇ ਮੁਲਕ ਦੇ ਕੁਦਰਤੀ ਅਨਮੋਲ ਸੋਮਿਆਂ, ਵਿਸ਼ੇਸ਼ ਕਰਕੇ ਪੰਜਾਬ ਦੇ ਆਬਾਦਕਾਰਾਂ ਅਤੇ ਆਮ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣ ਲਈ ਉਪਰੋ ਥਲੀ ਬੋਲੇ ਜਾ ਰਹੇ ਹੱਲਿਆਂ ਕਾਰਨ ਲੋਕ ਆਪਣੇ ਆਪ ਨੂੰ ਦੋਹਰੀ ਜੰਗ ਦੀ ਮਾਰ ਤੋਂ ਪੀੜਤ ਮਹਿਸੂਸ ਕਰ ਰਹੇ ਹਨ। ਇਉਂ ਹੀ ਇਸ ਵੇਲੇ ਭਾਜਪਾ ਹਕੂਮਤ ਵੱਲੋਂ ਸਾਰੇ ਕਾਇਦੇ ਕਾਨੂੰਨ ਸੰਗੀਨਾਂ ਦੀ ਨੋਕ ਤੇ ਟੰਗ ਕੇ ਜੰਗਲਾਂ ਅਤੇ ਪਹਾੜਾਂ ਅੰਦਰ ਆਦਿਵਾਸੀਆਂ ਅਤੇ ਉਹਨਾਂ ਦੇ ਹੱਕਾਂ ਦੀ ਗੱਲ ਕਰਦੇ ਲੋਕਾਂ ਦਾ ਥੋਕ ਪੱਧਰ ਤੇ ਸ਼ਿਕਾਰ ਖੇਡਿਆ ਜਾ ਰਿਹਾ ਹੈ ਜੋ ਕਿ ਫੌਰੀ ਬੰਦ ਕੀਤਾ ਜਾਏ। ਉਹਨਾਂ ਕਿਹਾ ਕਿ ਜੰਗ, ਲਾਠੀ, ਗੋਲੀ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ ਸਗੋਂ ਮਸ-ਲਿਆਂ ਵਿੱਚ ਵਾਧਾ ਕਰਨਾ, ਉਹਨਾਂ ਨੂੰ ਹੋਰ ਵੀ ਜਟਿਲ ਬਣਾਉਣਾ ਹੈ। ਉਹਨਾਂ ਕਿਹਾ ਕਿ ਅਜਿਹੇ ਵੇਲੇ ਪੰਜਾਬ ਵਾਸੀਆਂ ਦੀ ਬਾਂਹ ਫੜਨ ਦੀ ਬਜਾਏ ਅੰਧ ਰਾਸ਼ਟਰਵਾਦ ਦੇ ਗਰਦੋ ਗੁਬਾਰ ਵਿਚ ਅਤੇ 'ਜੰਗ' ਦੀ ਆੜ ਹੇਠ 'ਕਰੋਨਾ' ਦੇ ਦੌਰ ਵਾਂਗ ਲੋਕਾਂ ਨੂੰ ਇਕੱਠੇ ਹੋਣ, ਰੋਸ ਪ੍ਰਗਟਾਵਾ ਕਰਨ ਅਤੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਜਮਹੂਰੀ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ, ਜਿਸਦੀ ਤਾਜ਼ਾ ਮਿਸਾਲ 'ਦੀ ਵਾਇਰ' ਭਾਰਤ ਵਿਚ ਬੰਦ ਕਰਨਾ ਹੈ ਜੋ ਬੇਹੱਦ ਨਿੰਦਣਯੋਗ ਵਰਤਾਰਾ ਹੈ। ਜ਼ਿਕਰਯੋਗ ਹੈ ਕਿ ਦੀ ਵਾਇਰ ਦੇ ਸੰਪਾਦਕ ਸਿਧਾਰਥ ਰੰਜਨ ਗ਼ਦਰੀ ਬਾਬਿਆਂ ਦੇ ਮੇਲੇ ਤੇ ਮੁੱਖ ਵਕਤਾ ਵਜੋਂ ਪ੍ਰਭਾਵਸ਼ਾਲੀ ਸੁਨੇਹਾ ਦੇ ਕੇ ਗਏ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਿਸ਼ੇਸ਼ ਕਰਕੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਫਿਰਕੂ ਅੰਧ-ਰਾਸ਼ਟਰਵਾਦ ਦੀ ਵਗਾਈ ਜਾ ਰਹੀ ਹਨੇਰੀ ਤੋਂ ਚੌਕੰਨੇ ਰਹਿੰਦੇ ਹੋਏ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਸਰਕਾਰ ਤੋਂ ਜ਼ੋਰਦਾਰ ਮੰਗ ਕਰਨ ਕਿ ਉਹ ਜੰਗੀ ਮਾਹੌਲ ਨੂੰ ਤੂਲ ਦੇਣ ਵਾਲੀਆਂ ਤਾਕਤਾਂ ਨੂੰ ਨੱਥ ਪਾਵੇ ਨਾ ਕਿ ਅਮਨ ਪਸੰਦ, ਜੰਗ ਵਿਰੋਧੀ ਅਤੇ ਲੋਕ ਹਿਤੈਸ਼ੀ ਤਾਕਤਾਂ ਦੀ ਆਵਾਜ਼ ਬੰਦ ਕਰਨ ਵਾਲੀਆਂ ਤਾਕਤਾਂ ਉਪਰ ਸ਼ਿਕੰਜਾ ਕੱਸਣ ਤੇ ਜੋਰ ਲਾਵੇ।



# ਕੇਂਦਰ ਦੇ ਪੰਜਾਬ ਵਿਰੋਧੀ ਵਤੀਰੇ ਦੀ ਪੰਜਾਬ ਚੇਤਨਾ ਮੰਚ ਵਲੋਂ ਸਖ਼ਤ ਨਿੰਦਾ

**ਫਗਵਾੜਾ-** ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ ਉੱਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਪੰਜਾਬ ਚੇਤਨਾ ਮੰਚ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਕੇਂਦਰ ਦੇ ਪੰਜਾਬ ਪ੍ਰਤੀ ਵਤੀਰੇ ਦੀ ਸਖ਼ਤ ਨਿੰਦਿਆ ਕੀਤੀ ਹੈ। ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ ਵੱਲੋਂ ਇੱਥੇ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੂਰੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੂੰ ਨਾ ਸਿਰਫ਼ ਪੰਜਾਬ ਦੇ ਹੱਕਾਂ ਲਈ ਸਖ਼ਤੀ ਨਾਲ ਖੜਨਾ ਚਾਹੀਦਾ ਹੈ, ਸਗੋਂ ਪੰਜਾਬ ਵਿਧਾਨ ਸਭਾ ਦੇ ਸੋਮਵਾਰ ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਇੱਕ ਮਤਾ ਪਾਸ ਕਰਕੇ ਕੇਂਦਰ ਵੱਲੋਂ ਬਣਾਏ ਗਏ "ਡੈਮ ਸੇਫ਼ਟੀ ਕਾਨੂੰਨ" ਨੂੰ ਵੀ ਰੱਦ ਕਰਨਾ ਚਾਹੀਦਾ ਹੈ।



ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿਵੇਂ ਪਾਣੀਆਂ ਦੇ ਮਸਲੇ ਉੱਤੇ ਸਰਬ ਪਾਰਟੀ ਮੀਟਿੰਗ ਵਿੱਚ ਸਹਿਮਤੀ ਪ੍ਰਗਟਾਈ ਗਈ ਹੈ ਇਵੇਂ ਹੀ ਇੱਕ ਸਰਬ ਪਾਰਟੀ ਮੀਟਿੰਗ ਬੁਲਾ ਕੇ ਅਤੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਦੀ ਮੰਗ ਵੀ ਪੂਰੇ ਜ਼ੋਰ ਸ਼ੋਰ ਨਾਲ ਤੇ ਸਰਬ ਸੰਮਤੀ ਨਾਲ ਉਠਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਜਾਬ ਚੇਤਨਾ ਮੰਚ ਪੰਜਾਬ ਲਈ ਖੜਨ ਵਾਲੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੀ ਪੂਰਨ ਹਮਾਇਤ ਕਰਦਾ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਟਰੰਪ ਤੇ ਸਾਊਦੀ ਅਰਬ ਵੱਲੋਂ ਦਰਜਨ ਤੋਂ ਵੱਧ ਸਮਝੌਤਿਆਂ 'ਤੇ ਦਸਤਖ਼ਤ



**ਰਿਆਧ–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪੱਛਮੀ ਏਸ਼ੀਆ ਦੇ ਚਾਰ ਰੋਜ਼ਾ ਦੌਰੇ ਦੇ ਸ਼ੁਰੂ 'ਚ ਸਾਊਦੀ ਅਰਬ ਪਹੁੰਚੇ ਜਿੱਥੇ ਉਨ੍ਹਾਂ ਨੇ ਆਰਥਿਕ ਤੇ ਦੁਵੱਲੇ ਸਹਿਯੋਗ ਸਬੰਧੀ ਕਈ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਇਸ ਦੌਰਾਨ ਟਰੰਪ ਨੇ ਅਤੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਨਾਲ ਇਰਾਨ ਦੇ ਪਰਮਾਣੂ ਪ੍ਰੋਗਰਾਮ ਅਤੇ ਗਾਜ਼ਾ 'ਚ ਜੰਗ ਬਾਰੇ ਅਮਰੀਕਾ ਦੇ ਫ਼ਿਕਰਾਂ ਤੇ ਕੋਸ਼ਿਸ਼ਾਂ ਬਾਰੇ ਚਰਚਾ ਵੀ ਕੀਤੀ। ਇਸ ਤੋਂ ਪਹਿਲਾਂ ਟਰੰਪ ਆਪਣੇ ਜਹਾਜ਼ ਏਅਰ ਫੋਰਸ ਵਨ ਰਾਹੀਂ ਇੱਥੇ ਕਿੰਗ ਖਾਲਿਦ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚੇ ਜਿੱਥੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮਗਰੋਂ ਦੋਵੇਂ ਆਗੂ ਰਿਆਧ ਹਵਾਈ ਅੱਡੇ 'ਤੇ ਵੱਡੇ ਹਾਲ 'ਚ ਗਏ ਜਿੱਥੇ ਟਰੰਪ ਤੇ ਉਨ੍ਹਾਂ ਦੇ ਨਾਲ ਆਏ ਵਫ਼ਦ ਨੂੰ ਰਵਾਇਤੀ ਅਰਬੀ ਕੌਫ਼ੀ ਪਰੋਸੀ ਗਈ। ਡੋਨਲਡ ਟਰੰਪ ਨੇ ਦੁਵੱਲੀ ਮੀਟਿੰਗ ਦੀ ਸ਼ੁਰੂਆਤ 'ਚ ਸ਼ਹਿਜ਼ਾਦੇ ਦੀ ਮੌਜੂਦਗੀ ਦੌਰਾਨ ਕਿਹਾ, ''ਮੈਨੂੰ ਯਕੀਨ ਹੈ ਕਿ ਅਸੀਂ ਇੱਕ ਦੂਜੇ ਨੂੰ ਬਹੁਤ ਪਸੰਦ ਕਰਦੇ ਹਾਂ।'' ਬਾਅਦ 'ਚ ਉਨ੍ਹਾਂ ਨੇ ਦੋਵਾਂ ਮੁਲਕਾਂ ਦੀਆਂ ਸਰਕਾਰਾਂ, ਫੌਜਾਂ, ਨਿਆਂ ਵਿਭਾਗਾਂ ਤੇ ਸੱਭਿਆਚਾਰਕ ਅਦਾਰਿਆਂ ਵਿਚਾਲੇ ਦਰਜਨ ਤੋਂ ਵੱਧ ਸਮਝੌਤਿਆਂ 'ਤੇ ਦਸਤਖ਼ਤ ਕੀਤੇ।

# ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ 'ਚ ਪੰਜਾਬ ਦਾ ਦੂਜਾ ਸਥਾਨ

**ਚੰਡੀਗੜ੍ਹ–** ਸਮੁੱਚੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ 'ਚ ਦੇਸ਼ ਭਰ ਚੋਂ ਅੱਗੇ ਰਿਹਾ ਹੈ ਜਿੱਥੇ 1987 'ਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਪੰਜਾਬ ਹੈ ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਪ੍ਰਾਪਤ ਜਾਣਕਾਰੀ ਗੁਜਰਾਤ 'ਚ ਸਾਲ 1976 ਵਿੱਚ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 16 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਉਸ ਮਗਰੋਂ ਜੁਲਾਈ–ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀਆਂ ਗਈਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜ੍ਹਬਾ ਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ।



ਮਜੀਠਾ ਹਲਕੇ 'ਚ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਪਿਛਲੇ ਚਿਹਰਿਆਂ ਦਾ ਖ਼ੁਲਾਸਾ ਜਲਦੀ ਹੋ ਸਕਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਤਾਜ਼ਾ ਬਿਆਨ ਤੋਂ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਨੇ ਮਜੀਠਾ 'ਚ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਦੀ ਪੈੜ ਨੱਪ ਲਈ ਹੋਵੇ। ਮੁੱਖ ਮੰਤਰੀ ਨੇ ਅੱਜ ਕਿਹਾ ਹੈ ਕਿ ਉਹ ਜਲਦੀ ਸਿਆਸੀ ਆਗੂਆਂ, ਪੁਲੀਸ ਅਤੇ ਨੌਕਰਸ਼ਾਹਾਂ ਦੇ ਗੱਠਜੋੜ ਦਾ ਪਰਦਾਫਾਸ਼ ਕਰਨਗੇ, ਜਿਨ੍ਹਾਂ ਦੀ ਸਰਪ੍ਰਸਤੀ ਤੋਂ ਬਿਨਾਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਣਾ ਸੰਭਵ ਨਹੀਂ ਹੈ।

ਮੁੱਖ ਮੰਤਰੀ ਦੀ ਇਸ ਟਿੱਪਣੀ 'ਚ ਕਈ ਗਹਿਰੇ ਭੇਤ ਲੁਕੇ ਜਾਪਦੇ ਹਨ, ਜਿਨ੍ਹਾਂ ਦਾ ਸਰਕਾਰ ਕਿਸੇ ਵੇਲੇ ਵੀ ਖ਼ੁਲਾਸਾ ਕਰ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਮਜੀਠਾ ਖੇਤਰ 'ਚ ਸ਼ਰਾਬ ਦੇ ਠੇਕੇਦਾਰਾਂ ਦੇ ਦੋ ਗਰੁੱਪਾਂ ਵਿਚਾਲੇ ਕੀਮਤਾਂ ਨੂੰ ਲੈ ਕੇ ਲੜਾਈ ਚੱਲ ਰਹੀ ਸੀ, ਜਿਨ੍ਹਾਂ ਬਾਰੇ ਮਿਲੀਆਂ ਸ਼ੁਰੂਆਤੀ ਰਿਪੋਰਟਾਂ ਦੇ ਆਧਾਰ 'ਤੇ ਹੀ ਮੁੱਖ ਮੰਤਰੀ ਕਿਸੇ ਸਿੱਟੇ 'ਤੇ ਪੁੱਜੇ ਹੋ ਸਕਦੇ ਹਨ। ਚਰਚੇ ਹਨ ਕਿ ਸ਼ਰਾਬ ਦੀਆਂ ਕੀਮਤਾਂ ਨੂੰ ਲੈ ਕੇ ਦੋ ਗਰੁੱਪਾਂ ਦੀ ਆਪਸੀ ਲੜਾਈ 'ਚੋਂ ਜ਼ਹਿਰੀਲੀ ਸ਼ਰਾਬ ਕਾਂਡ ਵਾਪਰਿਆ ਹੈ। ਇਸੇ ਦੀ ਬਦੌਲਤ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧਿਆ ਹੈ।

ਮਜੀਠਾ ਖੇਤਰ ਦਾ ਸ਼ਰਾਬ ਕਾਰੋਬਾਰ ਠੇਕੇਦਾਰਾਂ ਦੇ ਦੋ ਗਰੁੱਪਾਂ ਕੋਲ ਹੈ। ਛੋਟੇ ਗਰੁੱਪ ਵੱਲੋਂ ਸ਼ਰਾਬ ਨੂੰ ਤੈਅ ਕੀਮਤ 'ਤੇ ਵੇਚਿਆ ਜਾ ਰਿਹਾ ਸੀ, ਜਦਕਿ ਦੂਜੇ ਵੱਡੇ ਗਰੁੱਪ ਨੇ ਸ਼ਰਾਬ ਦੇ ਭਾਅ ਉੱਚੇ ਰੱਖੇ ਹੋਏ ਸਨ। ਛੋਟੇ ਗਰੁੱਪ ਵੱਲੋਂ ਤੈਅ ਭਾਅ 'ਤੇ ਸ਼ਰਾਬ ਵੇਚੇ ਜਾਣ ਤੋਂ ਦੂਸਰਾ ਗਰੁੱਪ ਔਖਾ ਸੀ ਕਿਉਂਕਿ ਉਨ੍ਹਾਂ ਦੀ ਵਿਕਰੀ ਪ੍ਰਭਾਵਿਤ ਹੋ ਰਹੀ ਸੀ। ਜਾਣਕਾਰੀ ਅਨੁਸਾਰ ਇਸ ਖੇਤਰ ਦੇ ਵੱਡੇ ਗਰੁੱਪ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ, ਜਿਸ ਦੇ ਨਤੀਜੇ ਵਜੋਂ ਛੋਟੇ ਗਰੁੱਪ ਵੱਲੋਂ ਚਲਾਏ ਜਾ ਰਹੇ ਸ਼ਰਾਬ ਦੇ ਕੁੱਝ ਠੇਕਿਆਂ ਨੂੰ ਬੰਦ ਵੀ ਕਰ ਦਿੱਤਾ ਗਿਆ ਸੀ। ਸ਼ਰਾਬ ਦੀ ਕੀਮਤ ਨੂੰ ਲੈ ਕੇ ਚੱਲ ਰਹੀ ਜੰਗ ਜਾਰੀ ਰਹੀ ਅਤੇ ਇਸੇ ਦੌਰਾਨ ਜ਼ਹਿਰੀਲੀ ਸ਼ਰਾਬ ਦਾ ਕਾਂਡ ਵਾਪਰਿਆ ਹੈ। ਹੁਣ ਮਜੀਠਾ 'ਚ ਵਾਪਰੇ ਕਾਂਡ ਦੀ ਆਬਕਾਰੀ ਮਹਿਕਮੇ ਵੱਲੋਂ ਕੀਤੀ ਸ਼ੁਰੂਆਤੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਨੇ ਮੀਥੇਨੌਲ ਈ–ਕਾਮਰਸ ਪੋਰਟਲ ਜ਼ਰੀਏ ਪ੍ਰਾਪਤ ਕੀਤਾ ਸੀ। ਆਬਕਾਰੀ ਵਿਭਾਗ ਨੇ ਮੀਥੇਨੌਲ ਦੀ ਵਿਕਰੀ ਦੇ ਜੀਐੱਸਟੀ ਵੇਰਵਿਆਂ ਦੀ ਜਾਂਚ ਕਰ ਲਈ ਹੈ, ਜਿਸ ਮਗਰੋਂ ਜਾਂਚ ਦੇ ਤਾਰ ਰਾਜਪੁਰਾ ਵਿੱਚ ਸਟੋਰ ਕੀਤੇ ਮੀਥੇਨੌਲ ਨਾਲ ਜੁੜੇ ਹਨ। ਉਧਰ ਸਰਕਾਰ ਨੇ ਸਮੁੱਚੇ ਪੰਜਾਬ 'ਚ ਗੈਰ–ਕਾਨੂੰਨੀ ਸ਼ਰਾਬ ਬਣਾਉਣ ਅਤੇ ਵਿਕਰੀ ਕਰਨ ਵਾਲਿਆਂ ਦੀ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ ਹੈ।

# ਜੇਐੱਨਯੂ ਵੱਲੋਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਸਮਝੌਤਾ ਮੁਅੱਤਲ

**ਨਵੀਂ ਦਿੱਲੀ–** ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਨੇ ਕੌਮੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਇੱਕ ਅਕਾਦਮਿਕ ਸਮਝੌਤਾ (ਐੱਮਓਯੂ) ਮੁਅੱਤਲ ਕਰ ਦਿੱਤਾ ਹੈ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ। ਐੱਮਓਯੂ 'ਤੇ ਤਿੰਨ ਫਰਵਰੀ ਨੂੰ ਤਿੰਨ ਸਾਲ ਦੀ ਮਿਆਦ ਲਈ ਦਸਤਖ਼ਤ ਕੀਤੇ ਗਏ ਸਨ।

ਜੇਐੱਨਯੂ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, ''ਅਸੀਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਸਮਝੌਤਾ ਮੁਅੱਤਲ ਕਰ ਦਿੱਤਾ ਹੈ। ਸਮਝੌਤੇ ਤਹਿਤ ਫੈਕਲਟੀ ਅਤੇ ਵਿਦਿਆਰਥੀ ਆਦਾਨ–ਪ੍ਰਦਾਨ ਸਣੇ ਹੋਰ ਪ੍ਰੋਗਰਾਮਾਂ ਦੀ ਯੋਜਨਾ ਬਣਾਈ ਗਈ ਸੀ।''

ਤੁਰਕੀ ਦੇ ਮਾਲਤਯਾ Malatya ਵਿੱਚ ਇਨੋਨੂ ਯੂਨੀਵਰਸਿਟੀ ਨੇ ਅੰਤਰ–ਸੱਭਿਆਚਾਰਕ ਖੋਜ ਅਤੇ ਵਿਦਿਆਰਥੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ JNU ਨਾਲ ਇੱਕ ਅਕਾਦਮਿਕ ਭਾਈਵਾਲੀ ਕੀਤੀ ਸੀ। ਚਾਰ ਦਿਨ ਤੱਕ ਸਰਹੱਦ ਪਾਰ ਤੋਂ ਡਰੋਨ ਅਤੇ ਮਿਜ਼ਾਇਲ ਹਮਲਿਆਂ ਮਗਰੋਂ ਭਾਰਤ–ਪਾਕਿਸਤਾਨ ਨੇ 10 ਮਈ ਨੂੰ ਫ਼ੌਜੀ ਕਾਰਵਾਈਆਂ ਰੋਕਣ 'ਤੇ ਸਹਿਮਤੀ ਜਤਾਈ ਸੀ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

# ਫਗਵਾੜਾ ਦੇ ਪਿੰਡ ਰਾਮਪੁਰ ਖਲਿਆਣ 'ਚ ਹੋਏ ਜੋਰਦਾਰ ਧਮਾਕੇ ਨਾਲ ਬਣੀ ਦਹਿਸ਼ਤ

**ਫਗਵਾੜਾ (ਬੀ. ਕੇ. ਰੱਤੂ)-** ਫਗਵਾੜਾ ਦੇ ਨਜਦੀਕੀ ਪਿੰਡ ਰਾਮਪੁਰ ਖਲਿਆਣ ਵਿਖੇ ਬੀਤੀ ਰਾਤ ਕਰੀਬ ਢਾਈ ਵਜੇ ਅਸਮਾਨ ਤੋਂ ਅੱਗ ਦੇ ਗੋਲੇ ਦੇ ਰੂਪ ਵਿਚ ਇਕ ਮਿਜਾਇਲ ਨੁਮਾ ਵਸਤੂ ਡਿੱਗਣ ਨਾਲ ਜੋਰਦਾਰ ਧਮਾਕਾ ਹੋਇਆ। ਜਿਸ ਤੋਂ ਬਾਅਦ ਨੇੜਲੇ ਕਈ ਪਿੰਡਾਂ 'ਚ ਭਾਰੀ ਦਹਿਸ਼ਤ ਦਾ ਮਾਹੌਲ ਬਣ ਗਿਆ। ਗਨੀਮਤ





ਇਹ ਰਹੀ ਕਿ ਇਹ ਧਮਾਕਾ ਆਬਾਦੀ ਤੋਂ ਦੂਰ ਖੇਤਾਂ ਵਿਚ ਹੋਇਆ। ਧਮਾਕੇ ਵਾਲੀ ਜਗ੍ਹਾ ਦੇ ਆਲੇ-ਦੁਆਲੇ ਪਿੰਡ ਰਾਮਪੁਰ ਖਲਿਆਣਾ, ਸਾਹਨੀ, ਮਲਕਪੁਰ ਅਤੇ ਨਸੀਰਾਬਾਦ ਲੱਗਦੇ ਹਨ। ਇਹਨਾਂ ਪਿੰਡਾਂ ਦੇ ਵਸਨੀਕਾਂ ਨੇ ਦੱਸਿਆ ਕਿ ਰਾਤ ਕਰੀਬ 2 ਵਜੇ ਪਹਿਲਾਂ ਇਕ ਧਮਾਕੇ ਦੀ ਆਵਾਜ ਨਾਲ ਉਹ ਜਾਗ ਗਏ। ਇਸ ਤੋਂ ਕੁੱਝ ਦੇਰ ਬਾਅਦ ਉਹਨਾਂ ਨੇ ਅਸਮਾਨ ਵਿਚੋਂ ਇਕ ਅੱਗ ਦਾ ਗੋਲਾ ਹੇਠਾਂ ਵੱਲ ਆਉਂਦਾ ਦੇਖਿਆ। ਜੋ ਉਹਨਾਂ ਦੇ ਦੇਖਦੇ-ਦੇਖਦੇ ਇਕ ਖੇਤ ਵਿਚ ਜਾ ਡਿੱਗਿਆ। ਖੇਤ ਵਿਚ ਕਮਾਦੀ ਬੀਜੀ ਹੋਈ ਸੀ ਅਤੇ ਖੇਤ ਗਿੱਲਾ ਵੀ ਸੀ। ਜਿਸ ਨਾਲ ਇਹ ਅੱਗ ਦੇ ਗੋਲੇ ਵਾਲੀ ਵਸਤੂ ਜਮੀਨ ਵਿਚ ਡੂੰਘੀ ਧੱਸ ਗਈ ਅਤੇ ਧਮਾਕੇ ਨਾਲ ਕਰੀਬ 7-8 ਫੁੱਟ ਡੂੰਘਾ ਅਤੇ 10 ਫੁੱਟ ਚੌੜਾ ਟੋਆ ਪੈ ਗਿਆ।

ਨਾਲ ਦੇ ਖੇਤ 'ਚ ਨਾੜ ਨੂੰ ਵੀ ਅੱਗ ਲੱਗ ਗਈ। ਦੱਸਿਆ ਜਾਂਦਾ ਹੈ ਕਿ ਧਮਾਕੇ ਦੀ ਆਵਾਜ ਇੰਨੀ ਤੇਜ ਸੀ ਕਿ ਕਾਫੀ ਦੂਰ ਦੇ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿਚ ਵੀ ਸੁਣੀ ਗਈ। ਥਾਣਾ ਰਾਵਲਪਿੰਡੀ ਦੇ ਐਸ.ਐਚ. . ਮੇਜਰ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਤਿੰਨ ਵਜੇ ਉਹਨਾਂ ਨੂੰ ਇਸ ਧਮਾਕੇ ਦੀ ਸੂਚਨਾ ਮਿਲੀ ਸੀ। ਜਿਸ ਤੇ ਉਹ ਪੁਲਿਸ ਪਾਰਟੀ ਦੇ ਨਾਲ ਤੁਰੰਤ ਮੌਕੇ 'ਤੇ ਪੁੱਜੇ। ਸੂਚਨਾ ਮਿਲਣ 'ਤੇ ਐਸ.ਪੀ. ਰੁਪਿੰਦਰ ਕੌਰ ਭੱਟੀ, ਡੀ.ਐਸ.ਪੀ. ਭਾਰਤ ਭੂਸ਼ਣ, ਏ.ਡੀ.ਸੀ. ਡਾ. ਅਕਸ਼ਿਤਾ ਗੁਪਤਾ ਨੇ ਵੀ ਪਿੰਡ ਰਾਮਪੁਰ ਖਲਿਆਣ ਪੁੱਜ ਕੇ ਮੋਕਾ ਮੁਆਇਨਾ ਕੀਤਾ। ਫਾਇਰ ਬ੍ਰਿ-ਗੇਡ ਦੀ ਟੀਮ ਵੀ ਮੌਕੇ ਤੇ ਬੁਲਾਈ ਗਈ। ਜਿਸ ਨੇ ਨਾੜ ਦੇ ਖੇਤ 'ਚ ਲੱਗੀ ਅੱਗ ਤੇ ਕਾਬੂ ਪਾਇਆ। ਉਹਨਾਂ ਦੱਸਿਆ ਕਿ ਮਿਜਾਇਲ ਨੁਮਾ ਵਸਤੂ ਦੇ ਟੁਕੜੇ ਫੌਜ ਨੇ ਫਰਾਂਸਿਕ ਜਾਂਚ ਲਈ ਆਪਣੇ ਕਬਜੇ ਵਿਚ ਲੈ ਲਏ ਹਨ। ਜਾਂਚ ਤੋਂ ਬਾਅਦ ਹੋਰ ਤੱਥ ਸਾਹਮਣੇ ਆਉਣਗੇ। ਇਸ ਘਟਨਾ ਦੀ ਸਵੇਰ ਹੁੰਦਿਆ ਸਾਰ ਹੀ ਆਸ ਪਾਸ ਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿੱਚ ਉਕਤ ਘਟਨਾ ਨੂੰ ਦੇਖਣ ਲਈ ਆਉਣੇ ਸ਼ੁਰੂ ਹੋ ਗਏ ਲਦੂਸਰੇ ਪਾਸੇ ਅੱਜ ਦਿਨ ਚੜ੍ਹੇ ਪੁਲਿਸ ਵਲੋਂ ਅਹਿਤਿਆਤ ਦੇ ਤੌਰ 'ਤੇ ਫਗਵਾੜਾ ਸ਼ਹਿਰ ਦੇ ਬਾਜ਼ਾਰ ਬੰਦ ਕਰਵਾ ਦਿੱਤੇ ਗਏ। ਜਿਸ ਕਰਕੇ ਕਿਸੇ ਹਮਲੇ ਦੇ ਖਦਸ਼ੇ ਦੀ ਚਰਚਾ ਸ਼ੁਰੂ ਹੋ ਗਈ। ਪਰ ਦੁਪਿਹਰ ਕਰੀਬ 12 ਵਜੇ ਡਿਪਟੀ ਕਮਿਸ਼ਨਰ ਕਪੂਰਥਲਾ ਵਲੋਂ ਦੁਕਾਨਾਂ ਅਤੇ ਵਪਾਰਕ ਅਦਾਰੇ ਖੋਲ੍ਹਣ ਦਾ ਸਪਸ਼ਟੀਕਰਨ ਜਾਰੀ ਕੀਤਾ ਗਿਆ। ਜਿਸ 'ਤੇ ਲੋਕਾਂ ਨੇ ਰਾਹਤ ਦਾ ਸਾਹ ਲਿਆ। ਐਸ.ਪੀ. ਰੁਪਿੰਦਰ ਕੌਰ ਭੱਟੀ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਜਿੱਥੇ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਹੈ, ਉੱਥੇ ਹੀ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਜਾ ਰਹੀਆਂ ਅਫਵਾਹਾਂ 'ਤੇ ਵੀ ਬਿਲਕੁਲ ਯਕੀਨ ਨਾ ਕਰਨ ਦੀ ਗੱਲ ਕਹੀ ਹੈ।

ਉਹਨਾਂ ਇਹ ਵੀ ਕਿਹਾ ਕਿ ਜੇਕਰ ਅਸਮਾਨ ਤੋਂ ਕਿਸੇ ਤਰ੍ਹਾਂ ਦੀ ਕੋਈ ਵੀ ਵਸਤੂ ਡਿੱਗਦੀ ਨਜ਼ਰ ਆਏ ਤਾਂ ਖੁਦ ਉਸਨੂੰ ਹੱਥ ਨਾ ਲਗਾਇਆ ਜਾਵੇ ਅਤੇ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ। ਉਕਤ ਧਮਾਕੇ ਦੀ ਖਬਰ ਸੁਣ ਕੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਪਤਵੰਤਿਆਂ ਨੇ ਵੀ ਧਮਾਕੇ ਵਾਲੀ ਜਗ੍ਹਾ ਦਾ ਦੌਰਾ ਕੀਤਾ ਤੇ ਲੋਕਾਂ ਦਾ ਹਾਲ ਚਾਲ ਜਾਣਿਆ ਅਤੇ ਸਰਕਾਰੀ ਹਦਾਇਤਾਂ ਦੀ ਗੰਭੀਰਤਾ ਨਾਲ ਪਾਲਣਾ ਕਰਨ ਲਈ ਕਿਹਾ।

# 'ਦੀ ਵਾਇਰ' ਯੂ ਟਿਊਬ ਚੈਨਲ ਨੂੰ ਬਲੌਕ ਕਰਨ ਨਾਲ ਸੱਚ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕੇਗਾ: ਦੱਤ, ਖੰਨਾ

**ਬਰਨਾਲਾ, (ਦਲਜੀਤ ਕੌਰ)** ਇਨਕਲਾਬੀ ਕੇਂਦਰ, ਪੰਜਾਬ ਨੇ ਆਲੋਚਕ ਨੇਹਾ ਸਿੰਘ ਰਾਠੌਰ ਅਤੇ ਪ੍ਰੋਫੈਸਰ ਮਾਦਰੀ ਕਾਕੋਟੀ (ਡਾ. ਮੇਡਿਊਸਾ) 'ਤੇ ਰਾਜਧ੍ਰੋਹ ਦੀਆਂ ਧਾਰਾਵਾਂ ਤਹਿਤ ਐਫਆਈਆਰ ਦਰਜ ਕਰਨ, 4 ਪੀਐਮ ਯੂ ਟਿਊਬ ਚੈਨਲ, ਪਰਸੂਨ ਵਾਜਪੇਈ ਯੂ ਟਿਊਬ ਚੈਨਲ ਤੋਂ ਬਾਅਦ 'ਦ ਵਾਇਰ' ਯੂ ਟਿਊਬ ਟੀਵੀ ਚੈਨਲ ਨੂੰ ਬਲੌਕ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।




ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਮੋਦੀ ਹਕੂਮਤ ਦਾ ਅਜਿਹਾ ਵਤੀਰਾ ਪੱਖਪਾਤੀ ਅਤੇ ਬਦਨੀਅਤੀ ਤੋਂ ਪ੍ਰੇਰਿਤ ਹੈ, ਜਿਸ ਨੂੰ ਤੁਰੰਤ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹ ਮਾਮਲਾ ਸਿੱਧੇ ਤੌਰ 'ਤੇ ਕਾਨੂੰਨ ਦੀ ਦੁਰਵਰਤੋਂ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੈ। ਇਨ੍ਹਾਂ ਕਲਮਾਂ ਨੇ ਜੁਅਰੱਤ ਵਿਖਾਉਂਦੇ ਹੋਏ ਪਹਿਲਗਾਮ 'ਚ 22 ਅਪ੍ਰੈਲ ਦੇ ਦਹਿਸ਼ਤੀ ਹਮਲੇ ਨੇ ਕੌਮੀ ਸੁਰੱਖਿਆ ਦੇ ਮਾਮਲੇ 'ਚ ਸਰਕਾਰ ਦੀ ਨਾਕਾਮੀ ਨੂੰ ਉਜਾਗਰ ਕੀਤਾ ਹੈ। ਸਰਕਾਰ ਦੀਆਂ ਨਾਕਾਮੀਆਂ ਪ੍ਰਤੀ ਸਵਾਲ ਖੜ੍ਹੇ ਕਰਨਾ ਦੀ ਵਾਇਰ, ਪਰਸੁਨ ਵਾਜਪੇਈ, 4 ਪੀ ਐਮ ਯੂ ਟਿਊਬ ਚੈਨਲ ਅਤੇ ਦੋਵਾਂ ਕਾਰਕੁਨਾਂ ਸਮੇਤ ਹਰ ਵਿਅਕਤੀ ਦਾ ਬੁਨਿਆਦੀ ਸੰਵਿਧਾਨਕ ਅਧਿਕਾਰ ਹੈ। ਚੰਦ ਕੁ ਹੀ ਅਜਿਹੇ ਸੋਸ਼ਲ ਮੀਡੀਆ ਪਲੇਟਫਾਰਮ, ਕਲਾ, ਲਿਖਤ ਅਤੇ ਬਿਆਨਾਂ ਰਾਹੀਂ ਪੂਰੇ ਹੌਂਸਲੇ ਨਾਲ ਨਿਆਂ ਅਤੇ ਲੋਕਾਂ ਦੀ ਸੁਰੱਖਿਆ ਦੇ ਹਿੱਤ 'ਚ ਸਰਕਾਰ ਦੀਆਂ ਕਮੀਆਂ ਨੂੰ ਉਜਾਗਰ ਕਰਕੇ ਲੋਕਤੰਤਰੀ ਕਦਰਾਂ ਨੂੰ ਮਜ਼ਬੂਤ ਕਰ ਰਹੇ ਹਨ, ਪਰ ਚਿੰਤਾ ਦੀ ਗੱਲ ਹੈ ਕਿ ਸੱਤਾ ਦੀਆਂ ਸੰਸਥਾਵਾਂ, ਇਹਨਾਂ ਉਠ ਰਹੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਆਪਣੀ ਆਲੋਚਨਾ ਕੀਤੇ ਜਾਣ ਨੂੰ ਹੀ ਅਪਰਾਧ ਐਲਾਨ ਰਹੀਆਂ ਹਨ। ਇੱਕ ਪਾਸੇ ਆਪਣੀਆਂ ਕਮਜ਼ੋਰੀਆਂ ਤੇ ਪਰਦਾ ਪਾਉਣ ਲਈ 'ਅਪਰੇਸ਼ਨ ਸਿੰਧੂਰ' ਨਿੱਹਕੀ ਜੰਗ ਛੇੜ ਕੇ ਫ਼ਿਰਕੂ ਜਨੂੰਨੀ ਅੰਨ੍ਹਾ ਰਾਸ਼ਟਰਵਾਦੀ ਮਾਹੌਲ ਬਣਾਇਆ ਜਾ ਰਿਹਾ ਹੈ, ਦੂਜੇ ਪਾਸੇ ਜ਼ੰਗ ਦੇ ਪਰਦੇ ਹਲੇ ਭਾਰਤੀ ਹਾਕਮਾਂ ਵੱਲੋਂ ਸਾਮਰਾਜੀ ਮੁਲਕਾਂ ਅਮਰੀਕਾ ਅਤੇ ਇੰਗਲੈਂਡ ਨਾਲ ਲੋਕ ਵਿਰੋਧੀ ਸਮਝੌਤੇ ਅਤੇ ਹੁਣ ਐਲਨ ਮਸਕ ਨਾਲ 'ਸਟਾਰ ਲਿੰਕ' ਸਮਝੌਤਾ ਸਿਰੇ ਚਾੜ੍ਹਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। 7 ਮਈ ਤੋਂ ਬਾਅਦ ਸਰਹੱਦੋਂ ਪਾਰ ਜੋ ਕੁੱਝ ਵੀ ਹੋ ਰਿਹਾ ਹੈ, ਇਸ ਨਾਲ ਭਾਰਤ ਅਤੇ ਪਾਕਿਸਤਾਨ ਦੋਵੇਂ ਪਾਸੇ ਆਮ ਲੋਕਾਈ ਦੇ ਘਰਾਂ ਵਿੱਚ ਮੌਤ ਦੇ ਸੱਥਰ ਵਿਛਣ ਗੇ। ਇਸੇ ਲੋੜ ਵਿੱਚੋਂ ਹੀ ਮੋਦੀ ਹਕੂਮਤ ਆਪਣੀਆਂ ਅਸਫਲਤਾਵਾਂ ਤੋਂ ਜਨਤਾ ਦਾ ਧਿਆਨ ਲਾਂਭੇ ਕਰਨ ਅਤੇ ਪਾਕਿਸਤਾਨ ਸਮੇਤ ਮੁਸਲਿਮ ਵਿਰੋਧੀ ਜਨੂੰਨ ਨੂੰ ਭੜਕਾਉਣ 'ਚ ਲੱਗੀ ਹੋਈ ਹੈ। ਦਮਨ ਦਾ ਇਹ ਚੱਕਰ ਲੋਕ ਪੱਖੀ ਯੂ ਟਿਊਬਰਾਂ, ਸਰਗਰਮ ਕਾਰਕੁਨਾਂ ਦੇ ਉਤਪੀੜਨ, ਕਸ਼ਮੀਰੀਆਂ ਅਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਉਣ ਅਤੇ ਕਾਨੂੰਨ ਦੇ ਰਾਜ ਵਿਰੁੱਧ ਜਾ ਕੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਦੇ ਰੂਪ 'ਚ ਜਾਰੀ ਹੈ।

ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਸਾਰੇ ਜਮਹੂਰੀਅਤ ਪਸੰਦ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਕਾਊ ਹੋ ਚੁੱਕੇ ਗੋਦੀ ਮੀਡੀਆ ਦੇ ਮੁਕਾਬਲੇ ਲੋਕ ਸਰੋਕਾਰਾਂ ਨਾਲ ਖੜ੍ਹਨ ਵਾਲੇ ਯੂ ਟਿਊਬ ਟੀਵੀ ਚੈਨਲਾਂ ਦ ਵਾਇਰ, 4ਫੰ, ਪਰਸੁਨ ਵਾਜਪੇਈ, ਮੋਦੀ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਆਲੋਚਕ ਨੇਹਾ ਸਿੰਘ ਰਾਠੌਰ, ਡਾ. ਮਾਦਰੀ ਕਾਕੋਟੀ ਅਤੇ ਸਰਕਾਰ ਤੋਂ ਸਵਾਲ ਪੁੱਛਣ ਵਾਲੇ ਸਾਰੇ ਨਿਆਂਪਸੰਦ ਲੋਕਾਂ ਦੇ ਸਮਰਥਨ 'ਚ ਅੱਗੇ ਆਉਣ, ਆਪਣੇ ਹੱਕਾਂ ਦੀ ਜੰਗ ਜਾਰੀ ਰੱਖਣ ਲਈ ਹੋਰ ਵਧੇਰੇ ਦ੍ਰਿੜ੍ਹਤਾ ਨਾਲ ਸੰਘਰਸ਼ਾਂ ਦਾ ਪਿੜ ਮੱਲਣ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਆਦਿ ਕਾਲ ਤੋਂ ਹੀ ਤਿਆ.ਗ, ਮਮਤਾ ਤੇ ਪਿਆਰ ਦੀ ਮੂਰਤ ਹੈ 'ਮਾਂ'

ਦੁਨੀਆ ਦੇ ਸਾਰੇ ਰਿਸ਼ਤੇ ਮਾਂ ਦੇ ਰਿਸ਼ਤੇ ਨਾਲੋਂ 9 ਮਹੀਨੇ ਛੋਟੇ ਹੁੰਦੇ ਹਨ। ਦੁਨੀਆ ਦਾ ਪਵਿੱਤਰ ਸ਼ਬਦ ਵੀ 'ਮਾਂ' ਹੀ ਮੰਨਿਆ ਗਿਆ ਹੈ। 'ਮਾਂ ਦਿਵਸ' 1908 ਤੋਂ ਹੋਂਦ ਵਿਚ ਆਇਆ। ਮਾਂ ਆਦਿ ਕਾਲ ਤੋਂ ਹੀ ਤਿਆਗ, ਮਮਤਾ ਅਤੇ ਪਿਆਰ ਦੀ ਮੂਰਤੀ ਹੈ, ਇਸੇ ਦੇ ਸਤਿਕਾਰ 'ਚ 'ਮਾਂ ਦਿਵਸ' ਮਨਾਇਆ ਜਾਂਦਾ ਹੈ। 1870 'ਚ ਅਮਰੀਕੀ ਸਮਾਜ ਸੇਵਿਕਾ 'ਜੂਲੀਆ ਵਾਰਡ ਹੌਵੇ' ਨੇ ਪਹਿਲੀ ਵਾਰ ਇਸ ਦਾ ਨਾਂ 'ਅਮਰੀਕੀ ਸਿਵਲ ਵਾਰ' ਅਤੇ 'ਫਰੈਂਕੋ ਪਰਸ਼ੀਅਨ ਵਾਰ' ਦੀ ਬਰਬਾਦੀ ਦੇਖ ਕੇ ਲਿਆ। ਜੂਲੀਆ ਨੇ ਅੰਤਰਰਾਸ਼ਟਰੀ ਅਮਨ ਕਾਨਫ਼ਰੰਸ, ਜੋ ਲੰਡਨ ਅਤੇ ਪੈਰਿਸ 'ਚ ਹੋਈ ਸੀ, 'ਚ ਸ਼ਾਂਤੀ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਇਕੱਲਿਆਂ ਹੀ ਸਭ ਔਰਤਾਂ ਨੂੰ ਯੁੱਧ ਦੇ ਵਿਰੋਧ 'ਚ ਖੜ੍ਹੇ ਹੋਣ ਦੀ ਪ੍ਰਾਰਥਨਾ ਕੀਤੀ। ਉਸੇ ਸਾਲ ਜੂਲੀਆ ਨੇ 'ਬੋਸਟਨ' 'ਚ ਇਕ ਜ਼ਬਰਦਸਤ ਭਾਸ਼ਣ ਦਿੱਤਾ ਜੋ ਅਸਲ 'ਚ ਸ਼ਾਂਤੀ ਲਈ 'ਮਦਰਸ ਡੇ' ਦਾ ਮੁੱਦਾ ਸੀ। ਇਹ ਕਈ ਭਾਸ਼ਾਵਾਂ 'ਚ ਛਪਿਆ ਤੇ ਵੰਡਿਆ ਗਿਆ। ਜੂਲੀਆ ਨੂੰ ਸ਼ਾਂਤੀ ਲਈ 'ਮਦਰਸ ਡੇ' ਦਾ ਵਿਚਾਰ 'ਐਨ ਮੈਰੀ ਰੀਵਜ਼ ਜਾਰਵਿਸ' ਤੋਂ ਮਿਲਿਆ ਸੀ, ਜਿਸ ਨੇ 1858 'ਚ ਸਾਫ਼-ਸਫ਼ਾਈ ਮੁਹਿੰਮ ਚਲਾਈ, ਜਿਸ ਨੂੰ ਉਸ ਨੇ 'ਮਦਰਸ ਫਰੈਂਡਸ਼ਿਪ ਡੇ' ਦਾ ਨਾਂ ਦਿਤਾ ਸੀ। ਫਿਰ ਸੰਨ 1900 'ਚ ਜਾਰਵਿਸ ਸਿਵਲ ਵਾਰ ਤੋਂ ਬਾਅਦ ਲੋਕਾਂ ਨੂੰ ਦੁਬਾਰਾ ਵਸਾਉਣ ਲੱਗ ਪਈ। ਪਿੱਛੋਂ ਜਾਰਵਿਸ ਦੀ ਬੇਟੀ ਐਨਾ ਜਾਰਵਿਸ ਨੇ ਇਸ ਦਿਨ ਨੂੰ ਅੱਜ ਦੇ ਯੁੱਗ 'ਚ ਮਨਾਏ ਜਾਣ ਵਾਲੇ 'ਮਦਰਸ ਡੇ' ਦੇ ਰੂਪ 'ਚ ਪਰਿਭਾਸ਼ਤ ਕੀਤਾ।

9 ਮਈ 1905 'ਚ ਐਨ ਰੀਵਜ਼ ਜਾਰਵਿਸ ਦਾ ਦਿਹਾਂਤ ਹੋ ਗਿਆ। ਉਹ ਆਖਰੀ ਸਮੇਂ 'ਚ ਕਾਫ਼ੀ ਬੀਮਾਰ ਰਹੀ। ਉਨ੍ਹਾਂ ਦੀ ਬੇਟੀ ਐਨਾ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ, ਇਥੋਂ ਤਕ ਕਿ ਉਸ ਨੇ ਵਿਆਹ ਵੀ ਨਹੀਂ ਕੀਤਾ। ਐਨਾ ਨੂੰ ਲੱਗਦਾ ਸੀ ਕਿ ਅਕਸਰ ਬੱਚੇ ਮਾਂ ਦੇ ਜੀਵਨ ਕਾਲ 'ਚ ਉਸ ਨੂੰ ਨਜ਼ਰਅੰਦਾਜ਼ ਕਰਦੇ ਹਨ, ਉਸ ਨੂੰ ਨਾ ਮਹੱਤਵ ਨਹੀਂ ਦਿੰਦੇ ਜਿਸ ਦੀ ਕਿ ਉਹ ਹੱਕਦਾਰ ਹੈ।

ਐਨਾ ਖ਼ੁਦ ਆਪਣੀ ਮਾਂ ਨੂੰ ਬਹੁਤ ਯਾਦ ਕਰਦੀ ਸੀ। 1907 'ਚ ਐਨਾ ਨੇ ਆਪਣੇ ਦੋਸਤਾਂ ਨੂੰ ਦਸਿਆ ਕਿ ਉਹ ਆਪਣੀ ਮਾਂ ਦੀ ਚਲਾਈ ਮੁਹਿੰਮ ਨੂੰ ਆਪਣਾ ਜੀਵਨ ਸਮਰਪਿਤ ਕਰਨਾ ਚਾਹੁੰਦੀ ਹੈ ਅਤੇ ਇਕ 'ਮਦਰਸ ਡੇ' ਬਣਾਉਣਾ ਚਾਹੁੰਦੀ ਹੈ, ਜੋ ਜੀਵਤ ਅਤੇ ਮਰ ਚੁੱਕੀਆਂ ਸਭ ਮਾਵਾਂ ਦੀ ਯਾਦ 'ਚ ਹੋਵੇ। ਉਸ ਨੇ ਆਪਣੇ ਦੋਸਤਾਂ ਨਾਲ ਰਲ ਕੇ ਇਕ ਲਹਿਰ ਚਲਾਈ, ਜਿਸ 'ਚ ਉਹ ਮੰਤਰੀਆਂ, ਵਪਾਰੀਆਂ ਅਤੇ ਕਾਂਗਰਸੀਆਂ ਭਾਵ ਅੰਤਰਰਾਸ਼ਟਰੀ ਮਹਿਲਾ ਪੀਸ ਕਾਂਗਰਸ ਦੇ ਮੈਂਬਰਾਂ ਨੂੰ ਲਗਾਤਾਰ ਪੱਤਰ-ਵਿਹਾਰ ਰਾਹੀਂ ਮਜਬੂਰ ਕਰਦੀ ਰਹੀ ਕਿ 'ਮਦਰਸ ਡੇ' ਨੂੰ ਨੈਸ਼ਨਲ ਡੇ ਮੰਨ ਕੇ ਛੁੱਟੀ ਐਲਾਨੀ ਜਾਵੇ। ਉਸ ਨੂੰ ਲੱਗਦਾ ਸੀ ਕਿ ਇੰਝ ਕਰਨ ਨਾਲ ਬੱਚਿਆਂ ਦੇ ਮਨ 'ਚ ਮਾਤਾ-ਪਿਤਾ ਲਈ ਇੱਜ਼ਤ ਵਧ ਜਾਵੇਗੀ।




10 ਮਈ 1908 ਨੂੰ ਗਰਾਟਨ 'ਚ 'ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ 'ਮਦਰਸ ਡੇ' ਮਨਾਇਆ। ਗਿਆ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। ਇਸੇ ਦਿਨ ਫਿਲਾਡੇਲਫੀਆ 'ਚ, ਜਿਥੇ ਜਾਰਵਿਸ ਦਾ ਦੇਹਾਂਤ ਹੋਇਆ ਸੀ, ਇਹ ਦਿਨ ਮਨਾਇਆ ਗਿਆ। ਇਸ ਗੱਲ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ 12 ਦਸੰਬਰ 1912 'ਚ 'ਦਿ ਮਦਰਸ ਡੇ ਇੰਟਰਨੈਸ਼ਨਲ ਐਸੋਸੀਏਸ਼ਨ' ਦਾ ਗਠਨ ਹੋਇਆ।

ਇਹ ਸਭ ਦੇਖਦਿਆਂ 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ 'ਮਦਰਸ ਡੇ' ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ 1911 ਤਕ ਇਹ ਦਿਨ ਅਮਰੀਕਾ 'ਚ ਹੀ ਨਹੀਂ, ਸਗੋਂ ਮੈਕਸੀਕੋ, ਕੈਨੇਡਾ, ਸਾਊਥ ਅਮਰੀਕਾ, ਚੀਨ, ਜਾਪਾਨ ਅਤੇ ਅਫ਼ਰੀਕਾ ਆਦਿ 'ਚ ਵੀ ਮਨਾਇਆ ਜਾਣ ਲੱਗ ਪਿਆ। ਸੰਨ 1934 'ਚ ਪੋਸਟ ਮਾਸਟਰ ਜਨਰਲ ਜੇਮਸ ਏ। ਫਾਰਲੇ ਨੇ 'ਮਦਰਸ ਡੇ' 'ਤੇ ਇਕ ਸਟੈਂਪ ਦਾ ਆਗਾਜ਼ ਵੀ ਕੀਤਾ। ਹੌਲੀ-ਹੌਲੀ ਇਹ ਪ੍ਰਥਾ ਭਾਰਤ 'ਚ ਜ਼ੋਰ ਫੜਨ ਲੱਗੀ। ਵਿਸ਼ਵੀਕਰਨ ਕਾਰਨ ਲਗਭਗ 10 ਸਾਲਾਂ ਤੋਂ ਇਹ ਪੱਛਮੀ ਦੇਸ਼ਾਂ ਦਾ ਤਿ ਹਾਰ ਭਾਰਤ 'ਚ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਤਿਓਹਾਰ ਦੀ ਸਫ਼ਲਤਾ ਦਾ ਕਾਰਨ ਮਾਂ ਨਾਲ ਜੁੜੀਆਂ ਭਾਵਨਾਵਾਂ ਹਨ। ਮਾਵਾਂ ਨੂੰ ਤਾਂ ਭਾਰਤ 'ਚ ਪਹਿਲਾਂ ਹੀ ਪੂਜਿਆ ਜਾਂਦਾ ਹੈ। ਇਹ ਤਿਓਹਾਰ ਸਾਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ ਕਿ ਮਾਂ ਦਾ ਸਾਡੇ ਜੀਵਨ 'ਚ ਕੀ ਮਹੱਤਵ ਹੈ। ਮਾਂ ਨੇ ਸਾਨੂੰ ਜਨਮ ਦਿੱਤਾ, ਨਿਰਸਵਾਰਥ ਹੋ ਕੇ ਸਾਡਾ ਪਾਲਣ ਪੋਸ਼ਣ ਕੀਤਾ। ਜਦੋਂ ਸਾਨੂੰ ਹੋਸ਼ ਵੀ ਨਹੀਂ ਹੁੰਦਾ ਤਾਂ ਮਾਂ ਸਾਡੀ ਹਰ ਤਰ੍ਹਾਂ ਹਿਫਾਜ਼ਤ ਕਰਦੀ ਹੈ। ਮਾਂ ਤੋਂ ਵੀ ਵਧੇਰੇ ਮਹਾਨ ਉਸ ਦੀ ਮਮਤਾ ਹੈ, ਜੋ ਉਸ ਦੇ ਜੀਵਨ ਕਾਲ 'ਚ ਕਦੇ ਖਤਮ ਨਹੀਂ ਹੁੰਦੀ। ਮਾਂ ਇੱਕ ਅਜਿਹਾ ਰਿਸ਼ਤਾ ਹੈ, ਜਿਸ 'ਤੇ ਬੱਚਾ ਅੱਖਾਂ ਮੀਟ ਕੇ ਵਿਸ਼ਵਾਸ ਕਰ ਸਕਦਾ ਹੈ।

ਅੱਜ ਦੀ ਔਰਤ ਪਹਿਲਾਂ ਨਾਲੋਂ ਕਿਤੇ ਮਾਡਰਨ ਅਤੇ ਮਜ਼ਬੂਤ ਹੈ। ਮਾਵਾਂ ਦੇ ਅਕਸ 'ਚ ਜ਼ਮੀਨ ਅਸਮਾਨ ਦਾ ਫ਼ਰਕ ਆਇਆ ਹੈ ਪਰ ਮਮਤਾ ਅੱਜ ਵੀ ਉਹੀ ਹੈ। ਇਸ ਦਿਨ ਬੱਚੇ ਆਪਣੀ ਮਾਂ ਲਈ ਕਾਰਡ ਬਣਾਉਂਦੇ ਹਨ ਅਤੇ ਆਪਣੀਆਂ ਭਾਵਨਾਵਾਂ ਨੂੰ ਉਸ 'ਚ ਜ਼ਾਹਿਰ ਕਰਦੇ ਹਨ। ਕੁੱਝ ਬੱਚੇ ਆਪਣੀ ਮਾਂ ਨੂੰ ਇਸ ਦਿਨ ਕਿਚਨ ਤੋਂ ਛੁੱਟੀ ਦੇ ਦਿੰਦੇ ਹਨ ਅਤੇ ਖ਼ੁਦ ਮਾਂ ਲਈ ਸੁਆਦੀ ਪਕਵਾਨ ਬਣਾਉਂਦੇ ਹਨ। ਇਸ ਦਿਨ ਬੱਚੇ ਆਪਣੀ ਮਾਂ ਨੂੰ ਵੰਨ-ਸੁਵੰਨੇ ਤੋਹਫ਼ੇ ਦਿੰਦੇ ਹਨ। ਕੁੱਝ ਲੋਕ ਇਸ ਦਿਨ ਘਰਾਂ ਨੂੰ ਖ਼ੂਬ ਸਜਾਉਂਦੇ ਹਨ ਅਤੇ ਕੇਕ ਵੀ ਕੱਟਦੇ ਹਨ।

ਮਾਂ ਦੀ ਸਿਫ਼ਤ ਕਰਨ ਲਈ ਵੈਸੇ ਤਾਂ ਅਸੀਂ ਕੁਦਰਤ ਪਾਸੋਂ ਰੱਬ ਦੀ ਉਸਤਤ ਵੀ ਉਧਾਰ ਮੰਗ ਸਕਦੇ ਹਾਂ ਪਰ ਗੱਲ ਮਾਂ ਦੇ ਉੱਚੇ ਮਾਣ-ਸਤਿਕਾਰ ਨਾਲ ਜੁੜੀ ਹੈ, ਇਸ ਲਈ ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਮਾਂ ਦੀਆਂ ਲੋਰੀਆਂ ਵਿਚ ਸਵਰਗ ਵਰਗਾ ਅਨੰਦ ਹੈ, ਜਿਸ ਦੇ ਪਵਿੱਤਰ ਚਰਨਾਂ ਵਿਚੋਂ ਜੰਨਤ ਦਾ ਦੁਆਰ ਖੁੱਲ੍ਹਦਾ ਹੈ ਅਤੇ ਉਸ ਨਿੱਘੀ ਗੋਦ ਵਿਚ ਰੂਹਾਨੀ ਸੁੱਖਾਂ ਦੀ ਖਾਣ ਛੁਪੀ ਹੈ। ਔਲਾਦ ਲਈ ਮਾਂ ਦੀ ਮਿੱਠੜੀ ਜ਼ਬਾਨ 'ਤੇ ਅਸੀਸਾਂ, ਅੱਖਾਂ ਵਿਚ ਸੁਪਨੇ, ਢਿੱਡ ਵਿਚ ਡਰ, ਹਿਰਦੇ 'ਚ ਮਮਤਾ, ਦਿਲ ਵਿਚ ਰਹਿਮ, ਸੋਚਾਂ ਵਿਚ ਫ਼ਿਕਰ ਅਤੇ ਖ਼ੂਨ ਵਿਚ ਅਜ਼ੀਬ ਤੜਪ ਹਮੇਸ਼ਾ ਹੀ ਬਣੀ ਰਹਿੰਦੀ ਹੈ। ਉਹ ਔਲਾਦ ਦੇ ਖੁਸ਼ ਹੋਣ 'ਤੇ ਹੱਸਦੀ ਹੈ ਤੇ ਦੁਖੀ ਹੋਣ 'ਤੇ ਅੱਖਾਂ ਭਰਦੀ ਹੈ। ਅੱਜ ਪੂਰੀ ਦੁਨੀਆ ਦੇ ਵਿਚ ਮਨਾਏ ਜਾ ਰਹੇ 'ਮਾਂ ਦਿਵਸ' ਮੌਕੇ ਸਮੂਹ ਮਾਤਾਵਾਂ ਨੂੰ ਕੋਟਿਨ ਕੋਟਿ ਪ੍ਰਣਾਮ।

**ਪੇਸ਼ਕਸ਼: ਹਰਜਿੰਦਰ ਸਿੰਘ ਬਸਿਆਲਾ**

# ਜੰਮੂ-ਕਸ਼ਮੀਰ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਵਿੱਦਿਅਕ ਅਦਾਰੇ ਮੁੜ ਖੁੱਲ੍ਹੇ

ਬਾਰਾਮੂਲਾ (ਜੰਮੂ-ਕਸ਼ਮੀਰ)- ਕੰਟਰੋਲ ਰੇਖਾ ਦੇ ਨੇੜੇ ਸਥਿਤ ਜ਼ਿਲ੍ਹਿਆਂ ਨੂੰ ਛੱਡ ਕੇ ਕਸ਼ਮੀਰ ਵਾਦੀ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਵਿੱਦਿਅਕ ਅਦਾਰੇ ਬੁੱਧਵਾਰ ਨੂੰ ਮੁੜ ਖੁੱਲ੍ਹ ਗਏ ਹਨ। ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਮੱਦੇਨਜ਼ਰ ਸਰਹੱਦੀ ਜ਼ਿਲ੍ਹਿਆਂ ਬਾਰਾਮੂਲਾ, ਕੁਪਵਾੜਾ ਅਤੇ ਬਾਂਦੀਪੋਰਾ ਵਿਚ ਸਕੂਲ ਅਤੇ ਕਾਲਜ ਇਕ ਹਫ਼ਤੇ ਲਈ ਬੰਦ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਘਾਟੀ ਵਿਚ ਹੋਰ ਥਾਵਾਂ 'ਤੇ ਸਕੂਲ ਮੰਗਲਵਾਰ ਨੂੰ ਖੁੱਲ੍ਹ ਗਏ ਸਨ।

ਬਾਰਾਮੂਲਾ ਦੇ ਇਕ ਵਿਦਿਆਰਥੀ ਤਾਲਿਬ ਡਾਰ ਨੇ ਕਿਹਾ, "ਅਸੀਂ ਆਪਣੇ ਦੋਸਤਾਂ ਅਤੇ ਅਧਿਆਪਕਾਂ ਨੂੰ ਮਿਲ ਰਹੇ ਹਾਂ ਅਤੇ ਗੋਲੀਬੰਦੀ ਤੋਂ ਅਸੀਂ ਬਹੁਤ ਖੁਸ਼ ਹਾਂ।ਹੁਣ ਅਸੀਂ ਆਪਣੀ ਪੜ੍ਹਾਈ ਦੁਬਾਰਾ ਸ਼ੁਰੂ ਕਰਦਿਆਂ ਆਪਣੀਆਂ ਨਿਯਮਤ ਕਲਾਸਾਂ 'ਤੇ ਧਿਆਨ ਕੇਂਦਰਿਤ ਕਰਾਂਗੇ।" ਇਕ ਸਰਕਾਰੀ ਸਕੂਲ ਵਿਚ ਪੜ੍ਹਾਉਣ ਵਾਲੇ ਜ਼ਹੂਰ ਅਹਿਮਦ ਨੇ ਕਿਹਾ ਕਿ ਤਰੱਕੀ ਲਈ ਸ਼ਾਂਤੀ ਬਹੁਤ ਜ਼ਰੂਰੀ ਹੈ।



KB USED AUTO SALES

8655 B Monterey Street Gilroy, CA 95020
Kashmiri Bhatia, Dealer/Broker 408-848-2365
50% OFF WARRANTY with Qualifying Car Purchase
IN HOUSE FINANCING AVALIABLE www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kamaljit Kaur Bhatia & Kashmiri Bhatia
K&K AUTO REPAIR and Car Wash
63 Muckelemi St San Juan Bautista 95045
Kashmiri Bhatia (Owner) 831-623-4702
20% OFF LABOUR on your next qualifying service
Car Care You Can Trust

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਨੇ "ਮਾਂ ਦਿਵਸ" ਮਨਾਇਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮਾਂ ਦਿਵਸ ਦੇ ਮੌਕੇ ਤੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਵਿਰਧ ਆਸ਼ਰਮ ਫੱਤੂਆਣਾ (ਭਰੋਮਜਾਰਾ) ਵਿਚ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਮਾਂ ਦਿਵਸ ਮਨਾਇਆ ਗਿਆ । ਇਸ ਮੌਕੇ ਡਾ. ਹਰਿਕ੍ਰਿਸ਼ਨ ਬੰਗਾ ਜਨਰਲ ਸਕੱਤਰ ਪੰਜਾਬ, ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਬਹਾਦੁਰ ਚੰਦ ਅਰੋੜਾ ਜਿਲ੍ਹਾ ਪ੍ਰਧਾਨ ਨਵਾਂਸ਼ਹਿਰ, ਕਿਰਨ ਬਾਲਾ ਜਿਲ੍ਹਾ ਜਨਰਲ ਸਕੱਤਰ, ਵਾਸਦੇਵ ਪਰਦੇਸੀ ਜਿਲ੍ਹਾ ਪ੍ਰੈਸ ਸਕੱਤਰ, ਗੁਰਜੀਤ ਸਿੰਘ, ਐਨ ਆਰ ਆਈ ਸੁਰਿੰਦਰ ਸ਼ਰਮਾ, ਸੁਰਜੀਤ ਸਿੰਘ ਚੇਅਰਮੈਨ ਜਿਲ੍ਹਾ ਹੁਸ਼ਿਆਰਪੁਰ, ਸੀਮਾ ਦੇਵੀ ਜਿਲ੍ਹਾ ਸਕੱਤਰ, ਮੀਨੂ ਬਾਲਾ, ਕੁਲਦੀਪ ਕੁਮਾਰ, ਮਰਿਦੁਲ ਸੰਦਲ ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਕਿਰਨਾਂ ਬਾਲਾ ਬੰਗਾ ਜਨਰਲ ਸਕੱਤਰ ਜ਼ਿਲ੍ਹਾ ਨਵਾਂਸ਼ਹਿਰ ਨੇ ਆਪਣੀ ਸਵਰਗਵਾਸੀ ਮਾਤਾ ਪੁਸ਼ਪਾ ਦੇਵੀ ਦੀ ਯਾਦ ਵਿੱਚ ਫ਼ਲ ਫਰੂਟ ਅਤੇ ਹੋਰ ਖਾਣ ਪੀਣ ਦੀ ਸਮੱਗਰੀ ਭੇਂਟ ਕੀਤੀ। ਇਸ ਮੌਕੇ ਸਭ ਤੋਂ ਪਹਿਲਾਂ ਉਥੋਂ ਦੇ ਸਰਪ੍ਰਸਤ ਬਾਬਾ ਬਲਵੰਤ ਸਿੰਘ ਜੀ ਵਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਉਸ ਬਾਅਦ ਆਸ਼ਰਮ 'ਚ ਮੌਜੂਦ ਬਜ਼ੁਰਗਾਂ ਨੂੰ ਫ਼ਲ ਫਰੂਟ ਅਤੇ ਖਾਣ ਪੀਣ ਦੀ ਸਮੱਗਰੀ ਵਿਤਰਿਤ ਕੀਤੀ ਗਈ। ਇਸ ਮੌਕੇ ਡਾਕਟਰ ਹਰਿਕ੍ਰਿਸ਼ਨ ਬੰਗਾ ਨੇ ਕਿਹਾ ਮਾਂ ਦਿਵਸ ਦੇ ਮੌਕੇ ਅੱਜ ਬਜ਼ੁਰਗਾਂ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਮੇਰੇ ਪਰਿਵਾਰ ਅਤੇ ਪੂਰੀ ਸੁਸਾਇਟੀ ਲਈ ਬਹੁਤ ਹੀ ਸਕੂਨ ਭਰਿਆ ਪਲ ਹੈ। ਪ੍ਰਿੰਸੀਪਲ ਜਗਦੀਸ਼ ਰਾਏ ਨੇ ਕਿਹਾ ਸਾਨੂੰ ਆਪਣੇ ਬਜ਼ੁਰਗਾਂ ਦੀ ਸੇਵਾ ਆਪਣੇ ਪਰਿਵਾਰ ਵਿੱਚ ਰੱਖ ਕੇ ਹੀ ਕਰਨੀ ਚਾਹੀਦੀ ਹੈ ਅਤੇ ਉਹਨਾਂ ਦੇ ਸੰਸਕਾਰਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਜੋ ਅਸੀ ਤੇ ਸਾਡੇ ਬੱਚੇ ਵਧੀਆ ਸਮਾਜ ਦੀ ਸਿਰਜਣਾ ਕਰ ਸਕੀਏ। ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਸਾਡੀ ਸੁਸਾਇਟੀ ਸਮਾਜ ਸੇਵੀ ਕੰਮਾਂ ਵਿਚ ਹਰ ਸਮੇਂ ਤਤਪਰ ਰਹਿੰਦੀ ਹੈ ਅਤੇ ਸੁਸਾਇਟੀ ਧਰਤੀ ਬਚਾ ਬੇਟੀ ਬਚਾ ਮੁਹਿੰਮ ਅਧੀਨ ਕੰਮ ਕਰਦੀ ਹੈ। ਅੱਜ ਬੜਾ ਹੀ ਭਾਗਾਂ ਵਾਲਾ ਦਿਨ ਹੈ ਕਿ ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪਰਿਵਾਰ ਦੇ ਮੈਂਬਰ ਅੱਜ ਇਥੇ ਬਜ਼ੁਰਗਾਂ ਦੀ ਸੇਵਾ ਕਰਕੇ ਆਪਣੇ ਮਾਪਿਆਂ ਨੂੰ ਯਾਦ ਕਰ ਰਹੇ ਹਨ। ਉਹਨਾਂ ਨੇ ਕਿਹਾ ਕਿ ਮੈਨੂੰ ਆਪਣੀ ਸੁਸਾਇਟੀ ਮੈਂਬਰਾਂ ਦੇ ਆਪਣੀ ਸੰਸਥਾ ਪ੍ਰਤੀ ਸਮਰਪਣ ਨੂੰ ਦੇਖ ਕੇ ਫਖਰ ਮਹਿਸੂਸ ਹੁੰਦਾ ਹੈ।

ਬਾਬਾ ਬਲਵੰਤ ਸਿੰਘ ਜੀ ਵਲੋਂ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਅਹੁਦੇਦਾਰਾਂ ਦਾ ਇੱਥੇ ਪਹੁੰਚਣ ਤੇ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਦਾ ਵਿਸੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜਨਰਲ ਸਕੱਤਰ ਜ਼ਿਲ੍ਹਾ ਨਵਾਂਸ਼ਹਿਰ ਕਿਰਨ ਬਾਲਾ ਬੰਗਾ ਜੀ ਵਲੋਂ ਆਪਣੀ ਸਵਰਗਵਾਸੀ ਮਾਤਾ ਪੁਸ਼ਪਾ ਦੇਵੀ ਦੀ ਯਾਦ ਵਿਚ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੂੰ ਪੋਰਟੇਬਲ ਸਾਊਂਡ ਸਿਸਟਮ ਵੀ ਭੇਂਟ ਕੀਤਾ ਗਿਆ।

# ਸਮਾਜਿਕ ਕੰਮਾਂ ਦੀ ਪਹਿਰੇਦਾਰੀ ਕਰਦਿਆਂ ਸਮਾਜ ਸੇਵਕ ਬਿੱਲ ਬਸਰਾ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਵੈਨਕੂਵਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਰਹਿਬਰਾਂ ਦੇ ਮਿਸ਼ਨ ਦੀ ਪਹਿਰੇਦਾਰੀ ਕਰਨ ਵਾਲੇ ਸ੍ਰੀ ਗੁਰੂ ਰਵਿਦਾਸ ਸਭਾ ਬਰਨਵੀ ਦੇ ਸਾਬਕਾ ਪ੍ਰਧਾਨ ਅਤੇ ਮੇਲਾ ਇੰਟਰਟੇਨਮੈਂਟ ਕੰਪਨੀ ਦੇ ਪ੍ਰੋਡਿਊਸਰ ਸ੍ਰੀਮਾਨ ਬਿੱਲ ਬਸਰਾ ਦਾ ਹਾਲ ਹੀ ਵਿੱਚ ਉਹਨਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਦੇਖਦਿਆਂ ਵਿਸ਼ੇਸ਼



ਤੌਰ ਤੇ ਸਨਮਾਨ ਕੀਤਾ ਗਿਆ । ਇਲੈਕਸ਼ਨ ਤੋਂ ਪਹਿਲਾਂ ਹੋਏ ਇਸ ਸਨਮਾਨ ਵਿੱਚ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਨੇ ਉਹਨਾਂ ਨੂੰ ਐਪਰੀਸੀਏਸ਼ਨ ਅਐਵਾਰਡ ਦੇ ਕੇ ਨਿਵਾਜਿਆ ਅਤੇ ਕਿਹਾ ਕਿ ਜੋ ਵੀ ਇਨਸਾਨ ਆਪਣੇ ਤਨ ਮਨ ਨਾਲ ਮਿਸ਼ਨ ਦੀ ਸੇਵਾ ਕਰਦਾ ਹੈ ਉਸ ਦਾ ਮਾਣ ਸਤਿਕਾਰ ਹਮੇਸ਼ਾ ਸਮਾਜ ਵਲੋਂ ਕੀਤਾ ਜਾਂਦਾ ਹੈ । ਉਹਨਾਂ ਨੂੰ ਦਿੱਤੇ ਗਏ ਸਨਮਾਨ ਵਿੱਚ ਸਪੱਸ਼ਟ ਤੌਰ ਤੇ ਜੋ ਲਿਖਿਆ ਉਹ ਆਪ ਦੀ ਨਜ਼ਰ ਹੈ...

ਇਹ ਮੈਡਲ, ਜੋ ਕਿ ਕੈਨੇਡੀਅਨ ਸਨਮਾਨ ਪ੍ਰਣਾਲੀ ਦਾ ਇੱਕ ਅਧਿਕਾਰਤ ਹਿੱਸਾ ਹੈ, ਉਨ੍ਹਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਆਪਣੇ ਭਾਈਚਾਰੇ ਵਿੱਚ ਅਸਾਧਾਰਨ ਯੋਗਦਾਨ ਪਾਇਆ ਹੈ ਅਤੇ ਸੇਵਾ ਅਤੇ ਸਮਰਪਣ ਦੇ ਮੁੱਲਾਂ ਨੂੰ ਮੂਰਤੀਮਾਨ ਕੀਤਾ ਹੈ। ਇਹ ਪੁਰਸਕਾਰ ਰਾਜਾ ਚਾਰਲਸ ਦੇ ਤਾਜਪੋਸ਼ੀ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਸੀ, ਜੋ ਕਿ 6 ਮਈ, 2023 ਨੂੰ ਹੋਇਆ ਸੀ। ਪ੍ਰਾਪਤਕਰਤਾਵਾਂ ਨੂੰ ਉਨ੍ਹਾਂ ਦੀ ਅਗਵਾਈ, ਸਵੈ-ਸੇਵਕ ਵਚਨਬੱਧਤਾ ਅਤੇ ਖੇਤਰ, ਸੂਬੇ ਅਤੇ ਦੇਸ਼ ਦੀ ਭਲਾਈ ਲਈ ਸਮਰਪਣ ਲਈ ਚੁਣਿਆ ਗਿਆ ਸੀ।

"ਉਨ੍ਹਾਂ ਦੇ ਯੋਗਦਾਨ ਨੂੰ ਸਿਰਫ਼ ਉਨ੍ਹਾਂ ਦੁਆਰਾ ਪੂਰੇ ਕੀਤੇ ਗਏ ਪ੍ਰੋਜੈਕਟਾਂ ਦੁਆਰਾ ਹੀ ਨਹੀਂ ਮਾਪਿਆ ਜਾਂਦਾ, ਸਗੋਂ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਵਿੱਚ ਉਨ੍ਹਾਂ ਦੁਆਰਾ ਪੈਦਾ ਕੀਤੀ ਗਈ ਪ੍ਰੇਰਨਾ ਦੁਆਰਾ ਵੀ ਮਾਪਿਆ ਜਾਂਦਾ ਹੈ," ਸਰਰਾਜ਼ਿਨ ਨੇ ਕਿਹਾ। ਬਿੱਲ ਬਸਰਾ ਨੂੰ ਮਿਲੇ ਇਸ ਸਨਮਾਨ ਲਈ ਸਮੁੱਚੇ ਭਾਈਚਾਰੇ ਵਲੋਂ ਉਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਲੋਕ ਨੂੰ ਘਬਰਾਉਣ ਦੀ ਜਰੂਰਤ ਨਹੀਂ ਸਰਕਾਰ ਜਨਤਾ ਨੂੰ ਕਿਸੇ ਵੀ ਚੀਜ਼ ਦੀ ਕਮੀਂ ਨਹੀਂ ਆਉਣ ਦੇਵੇਗੀ - ਜਰਨੈਲ ਨੰਗਲ

**ਫਗਵਾੜਾ (ਬੀ.ਕੇ. ਰੱਤੂ)–** ਬੀਤੀ ਅੱਧੀ ਰਾਤ ਖਲਿਆਣ ਨਜ਼ਦੀਕ ਹੋਏ ਧਮਾਕੇ ਵਾਲੀ ਜਗ੍ਹਾ ਤੇ ਮੌਕੇ ਦੇ ਹਲਾਤਾਂ ਦਾ ਜ਼ਾਇਜ਼ਾ ਲੈਣ ਵਾਸਤੇ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਪੰਜਾਬ ਜਨਰਲ ਸਕੱਤਰ ਅਤੇ ਇੰਪਰੂਵਮੇਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਜਰਨੈਲ ਨੰਗਲ ਅਤੇ ਜ਼ਿਲ੍ਹਾ ਯੋਜਨਾ ਬੋਰਡ ਕਪੂਰਥਲਾ ਦੀ ਚੇਅਰਪਸਨ ਮੈਡਮ ਲਲਿਤ ਸੁਕਲਾਨੀ ਪਹੁੰਚੇ ਇਸ ਵਕਤ ਉਹਨਾਂ ਦੇ ਨਾ਼ਲ ਥਾਣਾ ਰਾਵਲਪਿੰਡੀ ਦੇ ਐਸ.ਐਚ.ਓ. ਮੇਜ਼ਰ ਸਿੰਘ ਵੀ ਹਾਜ਼ਰ ਸਨ। ਜਾਣਕਾਰੀ ਦਿੰਦੇ ਹੋਏ ਜਰਨੈਲ ਨੰਗਲ ਨੇ ਕਿਹਾ ਕਿ ਧਮਾਕੇ ਵਾਲੀ ਜਗ੍ਹਾ ਤੋਂ ਸ਼ੱਕੀ ਸਮਾਨ ਦੇ ਟੁਕੜਿਆ ਨੂੰ ਪੁਲਿਸ



ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਹਨਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕਿਸੇ ਨੂੰ ਘਬਰਾਉਣ ਦੀ ਜਰੂਰਤ ਨਹੀਂ ਹੋ ਸਰਕਾਰ ਹਰ ਹਾਲਤ ਵਿੱਚ ਲੋਕਾਂ ਦੀ ਹਿਫ਼ਾਜ਼ਤ ਕਰੇਗੀ। ਲੋਕਾਂ ਨੂੰ ਕਿਸੇ ਵੀ ਚੀਜ਼ ਦੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ। ਲੋਕ ਸਹਿਯੋਗ ਕਰਨ ਅਤੇ ਪ੍ਰਸ਼ਾਸ਼ਨ ਵਲੋਂ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਨ। ਰਾਤ ਵੇਲੇ ਘਰੋਂ ਬਾਹਰ ਨਾ ਨਿਕਲਣ, ਰਾਤ ਵੇਲੇ ਲਾਇਟਾ ਬੰਦ ਰੱਖਣ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਹਰਮੇਸ਼ਪਲ ਸਿੰਘ, ਬਲਰਾਜ ਬਾਊ, ਸਤਵਿੰਦਰ ਸਿੰਘ ਸਰਪੰਚ, ਚਮਨ ਲਾਲ, ਸੱਤਿਆ ਦੇਵੀ, ਬਾਪੂ ਰਾਮ ਪਾਲ, ਮੌਂਟੀ ਚੱਕ਼ ਹਕੀਮ, ਮਨੀ ਗੋਬਿੰਦਪੁਰਾ, ਸਨੀ ਸਿੰਘ ਅਤੇ ਹੋਰ ਵੀ ਮੌਜ਼ੂਦ ਸਨ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020




HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# "ਬੁੱਧ ਪੂਰਨਿਮਾ" ਬੁੱਧ ਵਿਹਾਰ ਸੋਫੀ ਪਿੰਡ ਵਿਖੇ ਧੂਮਧਾਮ ਨਾਲ ਮਨਾਈ ਗਈ





**ਜਲੰਧਰ (ਪਰਮਜੀਤ ਜੱਸਲ)–** ਅੱਜ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਅਤੇ ਨਗਰ ਨਿਵਾਸੀਆਂ ਵਲੋਂ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਬੁੱਧ ਪੂਰਨਿਮਾ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੁੱਧ ਵੰਦਨਾ, ਤਰੀਸ਼ਰਨ ਅਤੇ ਪੰਚਸ਼ੀਲ ਦੇ ਪਾਠ ਕਰਨ ਉਪਰੰਤ ਸ੍ਰੀ ਸੋਢੀ ਲਾਲ ਬੋਧੀ ਪ੍ਰਧਾਨ ਅਤੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਮਿਲ ਕੇ ਪੰਚਸ਼ੀਲ ਦਾ ਝੰਡਾ ਲਹਿਰਾਇਆ ਬਾਅਦ ਵਿੱਚ ਸਕੂਲ ਦੇ ਬੱਚਿਆਂ ਨੇ ਤਥਾਗਤ ਬੁੱਧ ਦੇ ਜੀਵਨ ਫਲਸਫੇ 'ਤੇ ਗੀਤ, ਕਵਿਤਾਵਾਂ ਅਤੇ ਭਾਸ਼ਣ ਦਿੱਤੇ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਕਿਹਾ ਕਿ ਅੱਜ ਤਥਾਗਤ ਬੁੱਧ ਦੀ 2569ਵੀਂ ਜੈਅੰਤੀ ਪੂਰੇ ਵਿਸ਼ਵ ਭਰ ਵਿੱਚ ਮਨਾਈ ਜਾ ਰਹੀ ਹੈ। ਉਹਨਾਂ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਹੀ ਸ਼ਾਂਤੀ, ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਨੂੰ ਅਪਣਾਇਆ ਅਤੇ ਵਿਸ਼ਵ ਨੂੰ ਇਸ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸੋਢੀ ਬੋਧੀ ਪ੍ਰਧਾਨ ਬੁੱਧ ਵਿਹਾਰ ਟਰੱਸਟ ਨੇ ਤਥਾਗਤ ਬੁੱਧ ਦੀਆ ਸਿੱਖਿਆਵਾਂ 'ਤੇ ਚੱਲਣ ਲਈ ਕਿਹਾ। ਪ੍ਰਿੰਸੀਪਲ ਤਾਰਾ ਸਿੰਘ ਨੇ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਤਰਕ ਦੇ ਅਧਾਰ 'ਤੇ ਮਨੁੱਖ ਨੂੰ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਪ੍ਰੇਰਿਆ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਇਸ ਮੌਕੇ 'ਤੇ ਵਧਾਈ ਦਿੱਤੀ ਅਤੇ ਤਥਾਗਤ ਬੁੱਧ ਦੁਆਰਾ ਦਿੱਤੇ "ਪੰਚਸ਼ੀਲ" ਨੂੰ ਜੇ ਅਸੀਂ ਸਾਰੇ ਆਪਣੀ ਜ਼ਿੰਦਗੀ 'ਚ ਗ੍ਰਹਿਣ ਕਰ ਲਈਏ ਤਾਂ ਸਾਡਾ ਦੇਸ਼ ਸੁੱਖ-ਮਈ ਹੋ ਸਕਦਾ ਹੈ। ਜਿਵੇਂ ਨਸ਼ਿਆਂ ਦਾ ਤਿਆਗ ਕਰਨ ਨਾਲ ਮਨੁੱਖ ਦੀ ਮਾਨਸਿਕਤਾ ਵਿੱਚ ਪਰਿਵਰਤਨ ਆਉਂਦਾ ਹੈ। ਸ਼੍ਰੀਮਤੀ ਸੰਤੋਸ਼ ਕੁਮਾਰੀ ਸਾਂਪਲਾ, ਪ੍ਰੋਫੈਸਰ ਸਪਨਾ , ਕਵਿਤਾ ਢੰਡਾ ਨੇ ਵੀ ਤਥਾਗਤ ਬੁੱਧ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ 'ਤੇ ਇੱਕ ਗਰੀਬ ਲੜਕੀ ਨੂੰ ਸਿਲਾਈ ਮਸ਼ੀਨ ਦਿੱਤੀ ਗਈ, ਜੋ ਸੋਹਣ ਲਾਲ ਸਾਂਪਲਾ, ਜਰਮਨੀ ਵਲੋਂ ਦਾਨ ਕੀਤੀ ਗਈ। ਦਾਦੂਵਾਲ ਤੋਂ ਇੱਕ ਪਰਿਵਾਰ ਨੇ ਬੁੱਧ ਵਿਹਾਰ ਵਿੱਚ ਚੱਲ ਰਹੀ ਫਰੀ ਡਿਸਪੈਂਸਰੀ ਲਈ ਦਵਾਈਆਂ ਦਾਨ ਕੀਤੀਆਂ। ਉਨਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਇਹਨਾਂ ਤੋਂ ਇਲਾਵਾ ਗੁਰਮੀਤ ਸਾਂਪਲਾ, ਲੈਂਬਰ ਬੰਗੜ, ਸੰਤੋਸ਼ ਕੁਮਾਰੀ ਸਾਂਪਲਾ, ਮਨਜੀਤ ਸਾਂਪਲਾ, ਪਰਵੀਨ ਕੁਮਾਰੀ ਤੇ ਰਜਨੀ (ਨੰਬਰਦਾਰ ਰੂਪ ਲਾਲ ਦੀਆਂ ਬੇਟੀਆਂ), ਪ੍ਰੋਫੈਸਰ ਸਪਨਾ, ਮਨਜੀਤ ਸਾਂਪਲਾ, ਕਾਂਤਾ ਸਾਂਪਲਾ, ਪ੍ਰਿੰਸੀਪਲ ਤਾਰਾ ਸਿੰਘ, ਸ੍ਰੀ ਗੁਰੂ ਰਵਿਦਾਸ ਸਭਾ ਸੋਫੀ ਪਿੰਡ ਦੇ ਪ੍ਰਧਾਨ ਕੁਲਦੀਪ ਕੁਮਾਰ ਅਤੇ ਸਾਥੀਆਂ, ਪ੍ਰਿੰਸੀਪਲ ਪਰਮਜੀਤ ਜੱਸਲ ਅਤੇ ਹੋਰ ਵੀ ਸਾਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਭਾਗ ਲੈਣ ਵਾਲੇ ਬੱਚਿਆਂ ਦਾ ਵੀ ਸਨਮਾਨ ਕੀਤਾ ਗਿਆ।



ਇਹਨਾਂ ਤੋਂ ਇਲਾਵਾ ਚਮਨ ਸਾਂਪਲਾ, ਨਰੇਸ਼ ਸਾਂਪਲਾ, ਰੱਜਤ, ਮਨਜੀਤ ਸਿੰਘ ਸਾਬਕਾ ਮੈਨੇਜਰ, ਗੌਤਮ ਸਾਂਪਲਾ, ਮਿਸਟਰ ਰੱਤੂ, ਬਰਕੇਟ ਚੰਦ ਸਾਂਪਲਾ, ਮਾਸਟਰ ਰਾਮ ਲਾਲ, ਬਿੰਦਰ ਸਾਂਪਲਾ, ਜਸਵੰਤ ਰਾਏ, ਬੀਰਾਂ, ਕੋਮਲ, ਸੁੱਖੀ, ਸੱਤਿਆ, ਕਮਲੇਸ਼, ਸੁਰਿੰਦਰ ਕੌਰ, ਜਸਕਰਨ ਰਾਣੀ, ਡਾ. ਗਿਆਨ, ਡਾ. ਗੁਰਪਾਲ ਚੌਹਾਨ, ਡਾ. ਅਵਿਨਾਸ਼, ਗੁਰਪਾਲ ਸਿੰਘ ਪਾਲਾ ਪ੍ਰਧਾਨ ਬੀ.ਐਸ.ਪੀ. ਕੈਂਟ, ਸੇਵਾ ਰਾਮ , ਬੇਟੀ ਜਸਮੀਨ, ਨੇਹਾ ਅਤੇ ਹੋਰ ਬਹੁਤ ਸਾਰੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਨਵੀਂ ਗੁਰੂਘਰ ਦੀ ਲਾਇਬ੍ਰੇਰੀ ਵਿੱਚ ਬੁੱਤ ਦਾ ਉਦਘਾਟਨ

ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਨਵੀਂ ਗੁਰੂਘਰ ਦੀ ਲਾਇਬ੍ਰੇਰੀ ਵਿੱਚ ਡਾ. ਬੀ.ਆਰ. ਅੰਬੇਡਕਰ ਸਾਹਿਬ ਦਾ ਬੁੱਤ ਸਥਾਪਤ ਕੀਤਾ ਅਤੇ ਇਸਦਾ ਉਦਘਾਟਨ ਮੁੱਖ ਮਹਿਮਾਨ ਚੰਦਰ ਸ਼ੇਖਰ ਆਜ਼ਾਦ ਐਮਪੀ ਜ਼ਿਲ੍ਹਾ ਨਗੀਨਾ (ਯੂਪੀ) ਅਤੇ ਆਜਾਦ ਸਮਾਜ ਪਾਰਟੀ ਦੇ ਫਾਊਂਡਰ ਅਤੇ ਪ੍ਰਧਾਨ ਦੁਆਰਾ ਕੀਤਾ ਗਿਆ।

ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂਐਸਏ ਨੇ ਇਹ ਬੁੱਤ ਭਾਰਤ ਤੋਂ ਲਿਆਂਦਾ ਹੈ ਅਤੇ ਕੈਲੀਫੋਰਨੀਆ ਵਿੱਚ ਬਾਬਾ ਸਾਹਿਬ ਦੀ ਪਹਿਲੀ ਲਾਇਬ੍ਰੇਰੀ ਵਿੱਚ ਸਥਾਪਤ ਕਰਕੇ ਇਤਿਹਾਸ ਰਚਿਆ ਹੈ।

ਅਰਦਾਸ ਅਤੇ ਬੁੱਧ ਵੰਦਨਾ ਨਾਲ ਮੂਰਤੀ ਉਦਘਾਟਨ ਦੀ ਸ਼ੁਰੂਆਤ ਹੋਈ। ਗੁਰੂਘਰ ਸੰਗਤ ਪਿਆਰ, ਸਤਿਕਾਰ ਅਤੇ ਉਤਸ਼ਾਹ ਨਾਲ ਜੈ ਭੀਮ ਦੇ ਨਾਅਰੇ ਨਾਲ ਜਾਪ ਰਹੀ ਸੀ। ਇਹ ਬਹੁਤ ਹੀ ਭਾਵੁਕ ਅਤੇ ਦਿਲ ਨੂੰ ਛੂਹ ਲੈਣ ਵਾਲੇ ਪਲ ਸਨ। ਸ਼੍ਰੀ ਗੁਰੂ ਰਵਿਦਾਸ ਸਭਾ ਸਭਾ ਬੇ-ਏਰੀਆ ਅਤੇ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂਐਸਏ ਦੀਆਂ ਟੀਮਾਂ ਬਾਬਾ ਸਾਹਿਬ ਮਿਸ਼ਨ ਅਤੇ ਸਾਡੇ ਭਾਈਚਾਰੇ ਲਈ ਪੂਰੀ ਤਰ੍ਹਾਂ ਸਮਰਪਿਤ ਅਤੇ ਵਚਨਬੱਧ ਹਨ।

ਸ੍ਰੀ ਚੰਦਰ ਸ਼ੇਖਰ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਟੀਮ ਅਤੇ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂਐਸਏ ਕਮੇਟੀਆਂ ਵੱਲੋਂ ਇੱਕ ਯਾਦਕਾਰੀ ਪਲੈਕ ਨਾਲ ਸਨਮਾਨਿਤ ਕੀਤਾ ਗਿਆ। ਦੋਵਾਂ ਕਮੇਟੀਆਂ ਦੇ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਨੇ ਸਮੁੱਚੀ ਸੰਗਤ ਦਾ ਉਨ੍ਹਾਂ ਦੀ ਮਦਦ ਅਤੇ ਯੋਗਦਾਨ ਲਈ ਧੰਨਵਾਦ ਕੀਤਾ।






























ਭੀਮ ਇੰਟਰਨੈਸ਼ਨਲ ਫਾਉਂਡੇਸ਼ਨ ਯੂਐਸਏ ਨੇ 11 ਅਪ੍ਰੈਲ ਨੂੰ ਸੈਨਫ੍ਰਾਂਸਿਸਕੋ ਹਵਾਈ ਅੱਡੇ 'ਤੇ ਸ਼੍ਰੀ ਚੰਦਰ ਸ਼ੇਖਰ ਆਜ਼ਾਦ ਐਮਪੀ ਨਗੀਨਾ ਜ਼ਿਲ੍ਹਾ ਯੂਪੀ ਦਾ ਪੂਰੇ ਉਤਸ਼ਾਹ ਨਾਲ ਸਵਾਗਤ ਕੀਤਾ। ਸਾਰੇ ਬੀਆਈਐਫ ਮੈਂਬਰ ਉਨ੍ਹਾਂ ਦਾ ਸਵਾਗਤ ਕਰਨ ਲਈ ਪਹੁੰਚੇ। ਉਹ ਆਪਣੀ ਭੀਮ ਆਰਮੀ ਯੂਐਸਏ ਟੀਮ ਦੇ ਮੈਂਬਰਾਂ ਨੂੰ ਦੇਖ ਕੇ ਬਹੁਤ ਖੁਸ਼ ਹੋਏ।






















# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਘਰ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਅਤੇ ਮਾਂ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 11 ਮਈ ਦਿਨ ਐਤਵਾਰ ਨੂੰ ਈਸਟ ਕੋਸਟ ਵਿੱਚ ਸਥਿਤ ਵਾਹਿਦ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਅਤੇ ਹੈਪੀ ਮਦਰ ਡੇਅ ਸੰਗਤਾਂ ਨੇ ਬੜੀ ਹੀ ਸ਼ਰਧਾ ਨਾਲ ਮਨਾਇਆ।

ਇਸ ਮੌਕੇ ਗੁਰੂ ਘਰ ਦੇ ਜੁਆਇੰਟ ਸਕੱਤਰ ਸ੍ਰੀ ਬਲਵਿੰਦਰ ਭੌਰਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਦੇਸ਼ ਵਿੱਚ ਅਸੀਂ ਰਹਿੰਦੇ ਹਾਂ, ਉਥੇ ਦੇ ਪੱਕੇ ਨਾਗਰਿਕ ਬਣਕੇ ਅਸੀਂ ਜ਼ਿੰਦਗੀ ਦੀਆਂ ਸਾਰੀਆਂ ਸੁਵਿਧਾਵਾਂ ਮਾਣਦੇ ਹਾਂ, ਅਸੀਂ ਕਾਨੂੰਨੀ ਤੌਰ ਤੇ ਤਾਂ ਸਾਰੇ ਹੱਕ ਤੇ ਸੁਵਿਧਾਵਾਂ ਦਾ ਆਨੰਦ ਮਾਣਦੇ ਹਾਂ, ਪਰ ਸਾਨੂੰ ਸਭਿਆਚਾਰਕ ਤੌਰ ਤੇ ਵੀ ਇਨ੍ਹਾਂ ਲੋਕਾਂ ਨਾਲ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ । ਅਸੀਂ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਇਹੀ ਦੇਸ਼ ਤੇ ਇਹੀ ਸਭਿਆਚਾਰ ਹੈ।

ਸਾਨੂੰ ਆਪਣੇ ਤੇ ਕਰਮਭੂਮੀ ਵਾਲੇ ਦੇਸ਼ਾਂ ਦੇ ਵੀ ਈਮਾਨ ਨਾਲ ਸ਼ੁਕਰਗੁਜ਼ਾਰ ਰਹਿਣਾ ਚਾਹੀਦਾ ਹੈ। ਸੰਗਤਾਂ ਨੂੰ ਉਤਸ਼ਾਹਿਤ ਨੂੰ ਕਰਦਿਆਂ ਬਲਵਿੰਦਰ ਭੌਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਗੁਰਪੁਰਬ ਵੱਡੇ ਪੱਧਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਬੰਧਕਾਂ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਪਰਿਵਾਰਾਂ ਨੇ ਗੁਰੂ ਘਰ ਵਿਖੇ ਲੰਗਰ ਹਾਲ 'ਚ ਆਪਣੀਆਂ ਪਿਆਰੀਆਂ ਮਾਤਾਵਾਂ ਨਾਲ ਯਾਦਗਾਰੀ ਤਸਵੀਰਾਂ ਖਿਚਵਾਈਆਂ । ਕੀਰਤਨ ਦੀ ਆਰੰਭਤਾ ਭਾਈ ਅਵਤਾਰ ਸਿੰਘ ਹੀਰਾ ਤੇ ਸਾਥੀਆਂ ਨੇ ਦੋ ਸ਼ਬਦਾਂ ਨਾਲ ਆਪਣੀ ਹਾਜ਼ਰੀ ਲਗਵਾਈ ।ਉਪਰੰਤ ਗੁਰੂ ਘਰ ਦੇ ਜਥੇ ਭਾਈ ਦਿਲਬਾਗ ਸਿੰਘ, ਭਾਈ ਰੂਪ ਸਿੰਘ ਤੇ ਭਾਈ ਸਰਬਜੀਤ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪਹਿਲੀ ਵਾਰ ਗੁਰੂ ਘਰ ਇੰਡੀਆ ਤੋਂ ਵਿਸ਼ੇਸ਼ ਹਾਜ਼ਰੀ ਭਰਨ ਆਏ ਕੈਪਟਨ ਚਰਨ ਸਿੰਘ ਰਿਟਾਇਰਡ ਨੂੰ ਪ੍ਰਬੰਧਕਾਂ ਵੱਲੋਂ ਸਿਰੋਪਾ ਭੇਂਟ ਕੀਤਾ ਗਿਆ।

ਪ੍ਰੋਗਰਾਮ ਦੇ ਅੰਤ ਵਿੱਚ ਸੰਤ ਜੀਤ ਦਾਸ ਜੀ ਮਾਹਲ ਗਹਿਲਾਂ ਵਾਲੇ ਗਿਆਨੀ ਪ੍ਰਿਤਪਾਲ ਸਿੰਘ ਜੀ ਤੇ ਭਾਈ ਸੰਦੀਪ ਕੁਮਾਰ ਜੀ ਦੇ ਜਥੇ ਨੇ ਕੀਰਤਨ ਕਰਨ ਉਪਰੰਤ ਸਮਾਗਮ ਦੀ ਸਮਾਪਤੀ ਕੀਤੀ , ਉਪਰੰਤ ਬਾਬਾ ਬ੍ਰਹਮ ਦਾਸ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਕੁੱਲ ਮਿਲਾ ਕੇ ਇਹ ਹਫਤਾਵਾਰੀ ਸਮਾਗਮ ਪ੍ਰਭਾਵਸ਼ਾਲੀ ਰਿਹਾ। ਸਮੂਹ ਸੇਵਾਦਾਰਾਂ ਨੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਸੇਵਾ ਕੀਤੀ। ਯੂ-ਟਿਊਬ ਲਾਈਵ ਚੈਨਲ ਦੀ ਸੇਵਾ ਪਬ, ਰਿਲੇ. ਸਕੱਤਰ ਤਵਿੰਦਰ ਹੈਪੀ ਨੇ ਬਾਖੂਬੀ ਨਿਭਾਈ , ਸਟੇਜ ਦੀ ਸੰਚਾਲਨਾਂ ਬਲਵਿੰਦਰ ਭੌਰਾ ਨੇ ਨਿਭਾਈ। ਇਸ ਸਮਾਗਮ ਦੀ ਸੰਗਤਾਂ ਵੱਲੋਂ ਭਰਭੂਰ ਸ਼ਲਾਘਾ ਕੀਤੀ ਗਈ।




ਮੰਚ ਸੰਚਾਲਨ ਕਰਦੇ ਹੋਏ ਬਲਵਿੰਦਰ ਭੌਰਾ


ਗੁਰੂ ਘਰ ਦਾ ਕੀਰਤਨੀ ਜਥਾ


ਸੰਤ ਜੀਤ ਦਾਸ ਜੀ, ਗਿਆਨੀ ਪ੍ਰਿਤਪਾਲ ਸਿੰਘ ਜੀ ਤੇ ਸੰਦੀਪ ਕੁਮਾਰ ਜੀ ਕੀਰਤਨ ਅਤੇ ਕਥਾ ਵਿਚਾਰ ਕਰਦੇ ਹੋਏ


ਭਾਈ ਅਵਤਾਰ ਸਿੰਘ ਹੀਰਾ ਆਪਣੇ ਜੱਥੇ ਨਾਲ ਸ਼ਬਦ ਗਾਇਨ ਕਰਦੇ ਹੋਏ


ਗੁਰੂ ਘਰ ਦੇ ਗ੍ਰੰਥੀ ਸਿੰਘ ਬਾਬਾ ਬ੍ਰਹਮ ਦਾਸ ਜੀ ਪ੍ਰਸਾਦ ਦੀ ਸੇਵਾ ਕਰਨ ਉਪਰੰਤ


ਲੰਗਰ ਹਾਲ ਅਤੇ ਦੀਵਾਨ ਹਾਲ ਕੀਰਤਨ ਰਸ ਮਾਣ ਰਹੀਆਂ ਸੰਗਤਾਂ


ਕੈਪਟਨ ਚਰਨ ਸਿੰਘ ਨੂੰ ਸਿਰੋਪਾ ਨਾਲ ਸਨਮਾਨਿਤ ਕਰਦੇ ਹੋਏ ਪ੍ਰਬੰਧ





ਮਾਂ ਦਿਵਸ ਦੀਆਂ ਯਾਦਗਾਰ ਤਸਵੀਰਾਂ ਖਿਚਵਾਉਂਦੇ ਪ੍ਰੀਵਾਰ

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਘਰ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਅਤੇ ਮਾਂ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ










# ਫਰਿਜ਼ਨੋ 'ਚ ਡਾ. ਅੰਬੇਦਕਰ ਜੀ ਦਾ 134ਵਾਂ ਜਨਮ ਦਿਨ ਅਤੇ ਬਹੁਜਨ ਸਮਾਜ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ

**ਫਰਿਜ਼ਨੋ (ਦੇਸ਼ ਦੁਆਬਾ ਬਿਊਰੋ)** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ 4 ਮਈ 2025 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਵਰਲਡਵਾਈਡ ਬੀ. ਐਸ. ਪੀ. ਸਪੋਰਟਜ਼ ਟੀਮ ਨੇ ਰਾਸ਼ਟਰ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 134ਵਾਂ ਜਨਮ ਦਿਹਾੜਾ ਅਤੇ ਬਹੁਜਨ ਸਮਾਜ ਪਾਰਟੀ ਦਾ ਸਥਾਪਨਾ ਦਿਵਸ ਬਹੁਤ ਹੀ ਉਤਸ਼ਾਹ ਪੂਰਵਕ ਮਨਾਇਆ ਗਿਆ।

ਸਭ ਤੋਂ ਪਹਿਲਾਂ ਸਵੇਰੇ 10 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਤੇ ਭਾਈ ਹਰਬਲਾਸ ਸਿੰਘ ਝਿੰਗੜ ਨੇ ਭਾਈ ਰਾਮ ਆਸਰਾ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਰਾਜ ਬਰਾੜ ਜੀ ਨੇ ਵੀ ਧਾਰਮਿਕ ਗੀਤ ਗਾਇਆ। ਭਾਈ ਹਰਬਲਾਸ ਸਿੰਘ ਝਿੰਗੜ ਜੀ ਨੇ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਬਹੁਜਨ ਸਮਾਜ ਪ੍ਰਤੀ ਘਾਲੀ ਘਾਲਣਾ ਨੂੰ ਸਦਾ ਯਾਦ ਰੱਖਣ ਲਈ ਕਿਹਾ।

ਇਸ ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਅਮਰ ਦੜੌਚ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਪ੍ਰੋਜੈਕਟਰ ਦੁਆਰਾ ਬਾਬਾ ਸਾਹਿਬ ਦੇ ਸਲੋਗਨਾਂ ਰਾਹੀਂ ਸੰਗਤਾਂ 'ਚ ਰੁਚੀ ਪੈਦਾ ਕੀਤੀ, ਜੋ ਅੱਜ ਅਗਾਂਹ ਹੋਣ ਜਾ ਰਿਹਾ ਸੀ। ਫਿਰ ਮੁੱਖ ਬੁਲਾਰੇ, ਮੁੱਖ ਮਹਿਮਾਨ ਸ੍ਰੀ ਅਮਰਜੀਤ ਸਿੰਘ ਬੱਧਣ ਜੋ ਵਰਲਡਵਾਈਡ ਬੀ. ਐਸ. ਪੀ. ਸਪੋਰਟਰਜ਼ ਟੀਮ, ਕੈਨੇਡਾ ਤੋਂ ਇਲਾਵਾ ਵਾਰੋ-ਵਾਰੀ ਵਿਸ਼ੇਸ਼ ਮਹਿਮਾਨ ਡਾ. ਨਿਰਮਲ ਸਿੰਘ ਭੱਟੀ (ਐਮ. ਡੀ.), ਪ੍ਰੋਫੈਸਰ ਪੁਨੀਤਾ ਸੱਲ੍ਹਣ ਅਤੇ ਸ੍ਰੀ ਅਮਰ ਦੜੌਚ ਨੇ ਕ੍ਰਮਵਾਰ ਬਾਬਾ ਸਾਹਿਬ ਦਾ ਜੀਵਨ ਅਤੇ ਸੰਘਰਸ਼, ਬਾਬਾ ਸਾਹਿਬ ਜੀ ਦੀ ਕਿਤਾਬ 'ਅਛੂਤ ਕੌਣ ਅਤੇ ਕਿਵੇਂ?' ਅਤੇ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਅਤੇ ਬਹੁਜਨ ਮੂਵਮੈਂਟ ਦੀ ਮਹੱਤਤਾ ਤੇ ਵਿਸਥਾਰਪੂਰਵਕ ਆਪਣੇ ਵਿਚਾਰਾਂ ਦੀ ਸਾਂਝ ਪਾਈ। ਇਹਨਾਂ ਉਪਰੰਤ ਸ੍ਰੀ ਪ੍ਰਸ਼ੋਤਮ ਆਹੀਰ ਬਸਪਾ ਵਰਕਰ (ਹੁਸ਼ਿਆਰਪੁਰ) ਹਾਲ ਕੈਲੇਫੋਰਨੀਆ ਤੇ ਉਘੇ ਸਮਾਜ ਸੇਵੀ ਅਤੇ ਬਿਜ਼ਨਸਮੈਨ ਸ੍ਰੀ ਪ੍ਰੇਮ ਸਿੰਘ ਸੋਢੀ (ਮੋਮੀ) ਜੀ ਨੇ ਬਹੁਜਨ ਸਮਾਜ ਪ੍ਰਤੀ ਆਪਣੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ ਅਤੇ ਇਹਨਾਂ ਤੋਂ ਇਲਾਵਾ ਜੈਕਾਰਾ ਮੂਵਮੈਂਟ ਦੇ ਸਰਦਾਰ ਇੰਦਰਜੀਤ ਸਿੰਘ ਨੇ ਆਪਣੇ ਵਿਚਾਰਾਂ ਨਾਲ ਸੰਗਤ ਨੂੰ ਜਾਣੂ ਕਰਾਉਂਦਿਆਂ ਆਪਣੇ ਜੈਕਾਰਾ ਮੂਵਮੈਂਟ ਦੀ ਵਚਨਬੱਧਤਾ ਦੁਹਰਾਈ। ਇਸ ਉਪਰੰਤ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਇਸ ਨੇਕ ਉਦਮ ਲਈ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਵਰਲਡਵਾਈਡ ਬੀ. ਐਸ. ਪੀ. ਸਪੋਰਟਰਜ਼ ਟੀਮ ਦੀ ਸਰਾਹਨਾ ਕਰਦਿਆਂ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸਮਾਜ ਅਤੇ ਦੇਸ਼ ਲਈ ਕੀਤੀਆਂ ਲਾਸਾਨੀ ਸੇਵਾਵਾਂ ਦਾ ਜ਼ਿਕਰ ਕਰਦਿਆਂ ਕੁਝ ਅਜਿਹੇ ਦਸਤਾਵੇਜ਼ਾਂ ਦਾ ਜ਼ਿਕਰ ਕਰਦਿਆਂ ਅਤੇ ਕੁਝ ਦੀ ਝਲਕ ਦਿਖਾਉਂਦਿਆਂ ਇਹਨਾਂ ਰਹਿਬਰਾਂ ਦਾ ਕੋਟਿਨ-ਕੋਟਿ ਧੰਨਵਾਦ ਕਰਦਿਆਂ ਆਪਾਂ ਸਾਰਿਆਂ ਨੂੰ ਰਲ-ਮਿਲ ਕੇ ਪਿਆਰ, ਸਤਿਕਾਰ ਅਤੇ ਇਤਫਾਕ ਨਾਲ ਆਪਣੇ ਰਹਿਬਰਾਂ ਨੂੰ ਯਾਦ ਕਰਦਿਆਂ ਸੁਪਨੇ ਸਾਕਾਰ ਕਰਨੇ ਚਾਹੀਦੇ ਹਨ। ਇਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

ਅੱਜ ਦੇ ਵਿਸ਼ੇਸ਼ ਸਮਾਗਮ ਦੀ ਵਿਸ਼ੇਸ਼ਤਾ ਨੂੰ ਹੋਰ ਚੰਨ ਉਦੋਂ ਲੱਗ ਗਏ ਜਦੋਂ ਪ੍ਰੋਫੈਸਰ ਸੱਲਣ ਅਤੇ ਡਾ. ਭੱਟੀ ਸਾਹਿਬ ਦੇ ਯਤਨਾਂ ਨਾਲ ਬੱਚਿਆਂ ਨੂੰ ਆਪਣੇ ਰਹਿਬਰਾਂ ਪ੍ਰਤੀ ਜਾਗਰੂਕਤਾ ਲਿਆ ਕੇ ਕੁਝ ਸਵਾਲ-ਜਵਾਬਾਂ ਰਾਹੀਂ ਕੰਪੀਟੀਸ਼ਨ ਵੀ ਕਰਵਾਇਆ ਤੇ ਉਹਨਾਂ ਨੂੰ ਮਾਣ ਪੱਤਰਾਂ ਨਾਲ ਸਨਮਾਨਿਤ ਵੀ ਕੀਤਾ ਗਿਆ। ਇਹ ਸੁਹਾਵਣਾ ਦ੍ਰਿਸ਼ ਦੇਖਣ ਵਾਲਾ ਸੀ ਕਿ ਬੱਚਿਆਂ ਨੂੰ ਜਿੱਥੇ ਕੰਪੀਟੀਸ਼ਨ ਪ੍ਰਵੇਸ਼ ਕਰਨ 'ਚ ਖ਼ੂਬ ਉਤਸ਼ਾਹ ਸੀ, ਉਸ ਦੇ ਨਾਲ ਜਦੋਂ ਉਹਨਾਂ ਸਨਮਾਨ ਸਮਾਰੋਹ 'ਚ ਸੁਨਹਿਰੀ ਮਾਣ ਪੱਤਰ ਨਾਲ ਸਨਮਾਨ ਹੋਇਆ, ਉਹ ਉਹਨਾਂ ਸਭਨਾਂ ਲਈ ਜ਼ਿੰਦਗੀ ਦਾ ਅਭੁੱਲ ਸਮਾਂ ਰਹੇਗਾ। ਇਹਨਾਂ ਅਭੁੱਲ ਯਾਦਾਂ ਨੂੰ ਸਿਹਰਾ ਪਹਿਨਾਉਣ ਲਈ ਜਿੱਥੇ ਆਰਗੇਨਾਈਜ਼ਰਜ਼ ਸਾਹਿਬਾਨ ਨੇ ਸਖਤ ਮਿਹਨਤ ਕੀਤੀ, ਉਥੇ ਇਹਨਾਂ ਬੱਚਿਆਂ ਦੇ ਮਾਤਾ-ਪਿਤਾ ਦਾ ਵੀ ਬਹੁਤ ਯੋਗਦਾਨ ਹੈ, ਜਿਹਨਾਂ ਬਿਨਾਂ ਇਹ ਕਾਰਜ ਵਧੀਆ ਹੋਣਾ ਸੌਖਾ ਨਹੀਂ ਸੀ, ਜਿਸ ਨੂੰ ਖਬਰ ਰਾਹੀਂ ਬਿਆਨ ਕਰਨਾ ਵੀ ਸੌਖਾ ਨਹੀਂ ਬਲਕਿ ਦਿਲਚਸਪੀ ਰੱਖਣ ਵਾਲੇ ਜ਼ਰੂਰ ਵਰਲਡਵਾਈਡ ਬੀ. ਐਸ. ਪੀ. ਸਪੋਰਟਰਜ਼ ਫੇਸਬੁੱਕ ਪੇਜ਼ ਅਤੇ ਅੰਬੇਦਕਰ ਟਾਈਮਜ਼ ਟੀ. ਵੀ. (ਯੂ.ਟਿਊਬ ਚੈਨਲ) ਤੇ ਦੇਖ ਸਕਦੇ ਹਨ, ਜਿਹਨਾਂ ਦੇ ਲਿੰਕਸ ਹੇਠਾਂ ਦਿੱਤੇ ਜਾ ਰਹੇ ਹਨ। ਅਖੀਰ ਗੁਰੂ ਘਰ ਦੇ ਵਜ਼ੀਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਪ੍ਰਧਾਨ ਸ੍ਰੀ ਅਮਰ ਦੜੌਚ ਨੇ ਸਮੂਹ ਗੁਰੂ ਪਿਆਰੀ ਸੰਗਤਾਂ ਦਾ ਅਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸਾਰੇ ਪ੍ਰੋਗਰਾਮ ਦੀ ਕਵਰੇਜ਼ ਕਰਨ ਲਈ ਧੰਨਵਾਦ ਕਰਦਿਆਂ ਸਭਨਾਂ ਵੱਲੋਂ ਇਸੇ ਤਰ੍ਹਾਂ ਭਾਰਤੀ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਦਕਰ ਦੇ ਮਿਸ਼ਨ ਨਾਲ ਜੁੜੇ ਰਹਿਣ ਲਈ ਸਨਿਮਰ ਬੇਨਤੀ ਕੀਤੀ।

ਇਸ ਉਪਰੰਤ ਗੁਰੂ ਦੇ ਕੜਾਹ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ ਅਤੇ ਜਿਹਨਾਂ-ਜਿਹਨਾਂ ਪਰਿਵਾਰਾਂ ਨੇ ਸੇਵਾ ਕੀਤੀ, ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ।























# ਫਰਿਜ਼ਨੋ 'ਚ ਡਾ. ਅੰਬੇਦਕਰ ਜੀ ਦਾ 134ਵਾਂ ਜਨਮ ਦਿਨ ਅਤੇ ਬਹੁਜਨ ਸਮਾਜ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ









































**ਪ੍ਰੋਗਰਾਮ ਦੀ ਲਾਈਵ ਕਵਰੇਜ ਦੇਖਣ ਲਈ ਕਲਿਕ ਕਰੋ:**

https://www.youtube.com/watch?v=rNZumK59RAU

https://www.youtube.com/watch?v=7X8Ht5Qtux8

https://www.youtube.com/watch?v=Vj-xsmP8c1w

https://youtube.com/@chumbermedia?si=ph-jQTX86qhxGWwO



# ਫਰਿਜ਼ਨੋ 'ਚ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ-ਭਾਸ਼ਾ ਪ੍ਰੇਮੀਆਂ ਦੀ ਭਰਪੂਰ ਹਾਜ਼ਰੀ ਨਾਲ ਸਮਾਗਮ ਯਾਦਗਾਰੀ ਹੋ ਨਿੱਬੜਿਆ


























**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ, ਕੈਲੀਫੋਰਨੀਆ:** ਇੰਡੋ ਯੂ.ਐਸ. ਹੈਰੀਟੇਜ ਫਰਿਜ਼ਨੋ ਵੱਲੋਂ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ ਇੰਡੀਆ ਵਨ ਰੈਸਟੋਰੈਂਟ ਦੇ ਹਾਲ ਵਿਖੇ ਸਾਦੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ ਪ੍ਰਤੀ ਪ੍ਰੇਮ, ਸੰਕਲਪ ਅਤੇ ਇਸ ਦੀ ਸੰਭਾਲ ਲਈ ਸਪੱਸ਼ਟ ਸਨੇਹਾ ਦੇ ਕੇ ਲੋਕ ਮਨਾਂ 'ਚ ਇੱਕ ਉਤਸ਼ਾਹ ਜਗਾਉਂਦਾ ਯਾਦਗਾਰੀ ਹੋ ਨਿੱਬੜਿਆ। ਸਮਾਗਮ ਦੀ ਸ਼ੁਰੂਆਤ ਮੰਚ ਸੰਚਾਲਕ ਪੱਤਰਕਾਰ ਨੀਟਾ ਮਾਛੀਕੇ ਨੇ ਸਾਰਿਆਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪਹਿਲਗਾਂਮ ਅੱਤਵਾਦੀ ਹਮਲੇ ਅਤੇ ਭਾਰਤ-ਪਾਕਿਸਤਾਨ ਜੰਗ ਦੌਰਾਨ ਮਾਰੇ ਗਏ ਨਿ-ਰਦੋਸ਼ ਲੋਕਾਂ ਅਤੇ ਫੌਜੀਆਂ ਨੂੰ ਸਰਧਾਂਜਲੀ ਦਿੱਤੀ ਗਈ।



ਇਸ ਮੌਕੇ ਪੰਜਾਬੀ ਭਾਸ਼ਾ ਦੇ ਪ੍ਰਸਾਰ, ਪ੍ਰਚਾਰ ਅਤੇ ਨਿੱਘਾਰ ਬਾਰੇ ਖੁਲ੍ਹਕੇ ਗੱਲਬਾਤ ਹੋਈ। ਪ੍ਰੋਗਰਾਮ ਦੀ ਸ਼ੁਰੂਆਤ 'ਯਮਲੇ ਜੱਟ' ਦੇ ਸ਼ਗਿਰਦ ਰਾਜ ਬਰਾੜ ਵੱਲੋਂ ਇੱਕ ਧਾਰਮਿਕ ਗੀਤ ਰਾਹੀਂ ਕੀਤੀ ਗਈ।

ਬੋਲਣ ਵਾਲੇ ਬੁਲਾਰਿਆਂ ਵਿੱਚ ਮਾਣਯੋਗ ਸ਼ਖ਼ਸੀਅਤਾਂ ਪ੍ਰਿੰਸੀਪਲ ਦਲਜੀਤ ਸਿੰਘ (ਪ੍ਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ), ਡਾ. ਅਰਜਨ ਸਿੰਘ ਜੋਸ਼ਨ, ਸਾਧੂ ਸਿੰਘ ਸੰਘਾ (ਕਨਵੀਨਰ ਇੰਡੋ ਯੂ. ਐਸ. ਹੈਰੀਟੇਜ), ਮਹਿੰਦਰ ਸਿੰਘ ਸੰਧਾਵਾਲੀਆ, ਡਾ. ਗੁਰਰੀਤ ਬਰਾੜ, ਹਰਨੇਕ ਸਿੰਘ ਲੋਹਗੜ, ਰਣਜੀਤ ਗਿੱਲ, ਕੁਲਵੰਤ ਕੌਰ, ਕਮਲਜੀਤ ਕੌਰ ਭੰਗਲ, ਪ੍ਰਵੀਨ ਸ਼ਰਮਾ (ਰੇਡੀ ਹੋਸਟ), ਸ਼ਾਇਰ ਹਰਜਿੰਦਰ ਕੰਗ, ਮਲਕੀਤ ਸਿੰਘ ਕਿੰਗਰਾ, ਕਹਾਣੀਕਾਰ ਕਰਮ ਸਿੰਘ ਮਾਨ, ਹਰਦੇਵ ਸਿੰਘ ਰਸੂਲਪੁਰ, ਗੁਰਬਖ਼ਸ਼ ਸਿੰਘ ਸਿੱਧੂ, ਸੰਤੋਖ ਮਨਿਹਾਸ, ਰਾਜ ਕਿਸ਼ਨਪੁਰਾ, ਇਕਬਾਲ ਸਿੰਘ ਸੇਖੋਂ, ਸੁਰਿੰਦਰ ਮੰਡਾਲੀ ਆਦਿ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਤੇ ਇਸਦੇ ਭਵਿੱਖ ਬਾਰੇ ਸੋਚਣ ਉਤੇ ਜ਼ੋਰ ਦਿੱਤਾ।

ਕਵੀ ਦਰਬਾਰ ਵਿੱਚ ਕਈ ਮਸ਼ਹੂਰ ਕਵੀਆਂ ਨੇ ਹਿੱਸਾ ਲਿਆ। ਰਣਜੀਤ ਗਿੱਲ ਤੇ ਗਾਇਕ ਗੁਰਦੀਪ ਧਾਲੀਵਾਲ ਨੇ ਬਾਪੂ ਕਰਨੈਲ ਕਵੀਸ਼ਰ ਦੀ ਕਵਿਸ਼ਰੀ ਪੇਸ਼ ਕਰਕੇ ਦਰਸ਼ਕਾਂ ਦੀ ਖੂਬ ਵਾਹ ਵਾਹ ਖੱਟੀ। ਸ. ਸਾਧੂ ਸਿੰਘ ਸੰਘਾ ਨੇ ਹਾਸਰਸ ਕਵਿਤਾ ਰਾਹੀਂ ਹਾਜ਼ਰੀਨ ਨੂੰ ਲੋਟਪੋਟ ਕਰ ਦਿੱਤਾ।

ਕਵੀ ਦਰਬਾਰ ਵਿੱਚ ਦਲਜੀਤ ਰਿਆੜ, ਸੁੱਖੀ ਧਾਲੀਵਾਲ, ਰੂਬੀ ਕੌਰ (ਕਰਮਨ), ਰਜਿੰਦਰ ਕੁਮਾਰ, ਹਰਜਿੰਦਰ ਢੇਸੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਭਰੀ। ਗਾਇਕ ਕਮਲਜੀਤ ਬੈਨੀਪਾਲ ਨੇ ਆਪਣੇ ਦੋ ਗੀਤ ਪੇਸ਼ ਕਰਕੇ ਸਮਾਗਮ ਵਿੱਚ ਸੰਗੀਤਕ ਰੰਗ ਭਰ ਦਿਤਾ।

ਇਸ ਮੌਕੇ ਸ਼ਾਇਰ ਸੁੱਖੀ ਧਾਲੀਵਾਲ ਦਾ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਪ੍ਰਤੀ ਯੋਗਦਾਨ ਲਈ ਇੰਡੋ. ਯੂ. ਐਸ. ਹੈਰੀਟੇਜ ਦੇ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ।

ਸਮਾਗਮ ਵਿੱਚ ਇੰਡੋ-ਅਮਰੀਕਨ ਹੈਰੀਟੇਜ ਫੋਰਮ, ਵਿਰਸਾ ਫਾਊਂਡੇਸ਼ਨ, ਖਾਲੜਾ ਪਾਰਕ ਵਾਲੇ ਬਾਬੇ, ਜੀ ਐਚ ਜੀ, ਸੌਂਗੀ ਕਿੰਗ ਚਰਨਜੀਤ ਸਿੰਘ ਬਾਠ, ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ, ਹੈਰੀ (ਕੋਸਟ ਟੂ ਕੋਸਟ), ਕਰਮ ਸਿੰਘ ਸੰਘਾ,ਆਦਿ ਅਤੇ ਫਰਿਜ਼ਨੋ ਦੀਆਂ ਹੋਰ ਵੀ ਬਹੁਤ ਸਾਰੀਆਂ ਮਾਣਯੋਗ ਸ਼ਖਸੀਅਤਾਂ ਨੇ ਭਾਗ ਲਿਆ। ਇਸ ਸਮੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਚਾਹ, ਪਕੌੜਿਆਂ ਅਤੇ ਮਠਿਆਈ ਨਾਲ ਆਏ ਮਹਿਮਾਨਾਂ ਦੀ ਸੇਵਾ ਕੀਤੀ ਗਈ।

ਇਹ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਇੰਡੋ ਯੂ. ਐਸ. ਹੈਰੀਟੇਜ ਦੇ ਸਮੂਹ ਮੈਂਬਰ ਸਹਿਬਾਨ ਨਿਰਮਲ ਸਿੰਘ ਗਿੱਲ (ਪ੍ਰਧਾਨ), ਸੰਤੋਖ ਸਿੰਘ ਢਿੱਲੋ, ਮਨਜੀਤ ਕੁਲਾਰ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਰਣਜੀਤ ਗਿੱਲ, ਸਾਧੂ ਸਿੰਘ ਸੰਘਾ, ਕੁਲਵਿੰਦਰ ਸਿੰਘ ਢੀਂਡਸਾ, ਕਮਲਜੀਤ ਬੈਨੀਪਾਲ, ਪੁਸ਼ਪਿੰਦਰ ਪਾਤੜਾਂ, ਸੁਲੱਖਣ ਸਿੰਘ ਗਿੱਲ, ਨੀਟਾ ਮਾਛੀਕੇ, ਹੈਰੀ ਮਾਨ ਆਦਿ ਦਾ ਖ਼ਾਸ ਸਹਿਯੋਗ ਰਿਹਾ। ਇਹ ਸਮਾਗਮ ਪੰਜਾਬੀ ਮਾਂ ਬੋਲੀ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜਾਂ ਨਾਲ ਜੋੜਨ ਦੇ ਯਤਨਾਂ ਲਈ ਇੱਕ ਯਾਦਗਾਰੀ ਕਦਮ ਸਾਬਤ ਹੋਇਆ।

## ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਵੀ ਸੰਕਟਕਾਲੀਨ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ - ਆਸ਼ਿਕਾ ਜੈਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੌਜੂਦਾ ਹਾਲਾਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ਼ਹਿਰਾਂ ਤੇ ਕਸਬਿਆਂ ਦੇ ਨਾਲ-ਨਾਲ ਪਿੰਡਾਂ ਵਿਚ ਵੀ ਕਿਸੇ ਵੀ ਸੰਕਟਕਾਲੀਨ ਹਾਲਤ ਦਾ ਟਾਕਰਾ ਕਰਨ ਲਈ ਪੂਰੀ ਤਿਆਰੀ ਕਰ ਲਈ ਹੈ। ਅੱਜ ਇਸ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਹਰੇਕ ਪਿੰਡ ਵਿਚ 150-150 ਮਿੱਟੀ ਦੇ ਬੋਰੇ ਤਿਆਰ ਕੀਤੇ ਗਏ ਹਨ। ਇਸੇ ਤਰ੍ਹਾਂ ਪਿੰਡਾਂ ਵਿਚ ਵੀ ਰਿਸਪਾਂਸ ਟੀਮਾਂ ਗਠਿਤ ਕੀਤੀਆਂ ਗਈਆਂ ਹਨ ਅਤੇ ਜਿ ਹੀ ਸਾਇਰਨ ਵੱਜੇਗਾ ਤਾਂ ਸਾਰੇ ਪਾਸੇ ਬਲੈਕ ਆਊਟ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ ਬਲੈਕ ਆਊਟ ਦੌਰਾਨ ਕਿਸੇ ਵੀ ਸ਼ੱਕੀ ਵਿਅਕਤੀ ਦੀ ਆਮਦ ਨੂੰ ਰੋਕਣ ਲਈ ਠੀਕਰੀ ਪਹਿਰੇ ਸ਼ੁਰੂ ਕੀਤੇ ਗਏ ਹਨ ਅਤੇ ਸਿਵਲ ਡਿਫੈਂਸ ਲਈ ਡਰਿੱਲ ਵੀ ਕਰਵਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਜ਼ਰੂਰੀ ਸੇਵਾਵਾਂ ਲਈ ਮਨੋਨੀਤ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਤੋਂ ਜਾਣੂ ਕਰਵਾਇਆ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਇਨ੍ਹਾਂ ਸੇਵਾਵਾਂ ਵਿਚ ਹੈਡਕੁਆਰਟਰ ਸੇਵਾਵਾਂ, ਵਾਰਡਨ ਸੇਵਾਵਾਂ, ਸੰਚਾਰ ਸੇਵਾਵਾਂ, ਦੁਰਘਟਨਾ ਸੇਵਾਵਾਂ, ਫਾਇਰ ਫਾਈਟਿੰਗ ਸੇਵਾਵਾਂ, ਰੈਸਕਿਊ ਸੇਵਾਵਾਂ, ਵੈਲਫੇਅਰ ਸੇਵਾਵਾਂ, ਬਚਾ ਸੇਵਾਵਾਂ, ਕਰੋਪਸ ਡਿਸਪੋਜ਼ਲ ਸੇਵਾਵਾਂ, ਡੀਪੂ ਤੇ ਟਰਾਂਸਪੋਰਟ ਸੇਵਾਵਾਂ, ਟ੍ਰੇਨਿੰਗ ਸੇਵਾਵਾਂ, ਸਪਲਾਈ ਸੇਵਾਵਾਂ, ਲੇਬਰ ਸਪਲਾਈ ਸੇਵਾਵਾਂ, ਇੰਡਸਟਰੀ ਤੇ ਫੈਕਟਰੀ ਸੇਵਾਵਾਂ ਅਤੇ ਮਲਬਾ ਰਿਕਵਰੀ ਆਦਿ ਸੇਵਾਵਾਂ ਸ਼ਾਮਲ ਹਨ।

## ਜ਼ਿਲ੍ਹੇ 'ਚ ਸਥਿਤੀ ਪੂਰੀ ਤਰ੍ਹਾਂ ਆਮ ਵਾਂਗ, ਅਫ਼ਵਾਹਾਂ ਤੋਂ ਰਿਹਾ ਜਾਵੇ ਸਾਵਧਾਨ - ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਹੋਈ ਮੀਟਿੰਗ ਦੌਰਾਨ ਜ਼ਿਲ੍ਹੇ ਵਿਚ ਸਿਵਲ ਡਿਫੈਂਸ ਤਿਆਰੀ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਅਤੇ ਕਿਸੇ ਵੀ ਹੰਗਾਮੀ ਸਥਿਤੀ ਦੌਰਾਨ ਪੂਰੀ ਚੌਕਸੀ ਵਰਤਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸਿਵਲ ਡਿਫੈਂਸ ਸਬੰਧੀ ਵਿਸਥਾਰਤ ਆਰਡਰ ਜਾਰੀ ਕਰਕੇ ਵੱਖ-ਵੱਖ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜ਼ਨਾਂ ਦੇ ਉਪ ਮੰਡਲ ਮੈਜਿਸਟਰੇਟਾਂ ਕੋਲੋਂ ਲਗਾਤਾਰ ਰਿਪੋਰਟ ਲਈ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤੀ ਪੂਰੀ ਤਰ੍ਹਾਂ ਆਮ ਵਾਂਗ ਹੈ, ਫਿਰ ਵੀ ਜਨਰਲ ਤਿਆਰੀ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਲਗਾਤਾਰ ਏਅਰ ਫੋਰਸ ਅਤੇ ਆਰਮੀ ਨਾਲ ਤਾਲਮੇਲ ਬਣਾਇਆ ਹੋਇਆ ਹੈ।



ਉਨ੍ਹਾਂ ਇਕ ਖਾਸ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ, ਪਿੰਡ ਜਾਂ ਸ਼ਹਿਰ ਵਿੱਚ ਕਿਸੇ ਨੂੰ ਕੋਈ ਵੀ ਸ਼ੱਕੀ ਜਾਂ ਅਣਪਛਾਤੀ ਵਸਤੂ ਮਿਲਦੀ ਹੈ ਤਾਂ ਉਸ ਦੇ ਨੇੜੇ ਨਾ ਜਾਇਆ ਜਾਵੇ ਅਤੇ ਨਾ ਹੀ ਛੇੜਨ ਦੀ ਕੋਸ਼ਿਸ਼ ਕੀਤੀ ਜਾਵੇ, ਬਲਕਿ ਇਸ ਦੀ ਸੂਚਨਾ ਨੇੜੇ ਦੇ ਥਾਣੇ ਜਾਂ ਸਿਵਲ ਪ੍ਰਸ਼ਾਸਨ ਨੂੰ ਦਿੱਤੀ ਜਾਵੇ, ਤਾਂ ਜੋ ਉਸ ਵਸਤੂ ਦੀ ਫੋਰੈਂਸਿਕ ਜਾਂਚ ਕਰਵਾ ਕੇ ਆਰਮੀ ਜਾ ਏਅਰ ਫੋਰਸ ਤੱਕ ਰਿਕਵਰੀ ਲਈ ਪਹੁੰਚਾਇਆ ਜਾ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਵਿੱਚ ਹਾਲਾਤ ਪੂਰੀ ਤਰ੍ਹਾਂ ਆਮ ਵਾਂਗ ਹਨ ਅਤੇ ਕਿਸੇ ਵੀ ਤਰ੍ਹਾਂ ਘਬਰਾਉਣ ਵਾਲੀ ਗੱਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ 24 ਘੰਟੇ ਕਾਰਜਸ਼ੀਲ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰਬਰ 01882-220412 ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਇਸ ਕੰਟਰੋਲ ਰੂਮ 'ਤੇ ਸੰਪਰਕ ਕਰ ਸਕਦੇ ਹਨ। ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਗੁੰਮ-ਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਸਰਕਾਰ ਵਲੋਂ ਸਮੇਂ-ਸਮੇਂ 'ਤੇ ਲੋਕ ਹਿੱਤ ਵਿਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਇਸ਼ੀ ਮੰਡਲ, ਐਸ।ਡੀ।ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ।ਡੀ।ਐਮ ਟਾਂਡਾ ਪਰਮਪ੍ਰੀਤ ਸਿੰਘ, ਐਸ.ਪੀ ਨਵਨੀਤ ਕੌਰ ਗਿੱਲ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ ਅਤੇ ਸਿਵਲ ਡਿਫੈਂਸ ਅਧਿਕਾਰੀ ਮੌਜੂਦ ਸਨ।

# ਬੁੱਧ ਪੂਰਨਿਮਾ ਦਾ ਉਤਸਵ ਅੰਬੇਡਕਰ ਭਵਨ ਵਿਖੇ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ

**ਜਲੰਧਰ–** ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ 2569ਵੀਂ ਪਵਿੱਤਰ ਬੁੱਧ ਪੂਰਨਿਮਾ ਦਾ ਉਤਸਵ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਭੰਤੇ ਸਤਿਕਾਰਯੋਗ ਭਿਖੂ ਚੰਦਰ ਕੀਰਤੀ, ਬੁਧ ਵਿਹਾਰ, ਤਰਖਾਨ ਮਜਾਰਾ (ਫਿਲੌਰ) ਨੇ ਪੰਚ ਸ਼ੀਲ ਗ੍ਰਹਿਣ ਕਰਾਇਆ ਅਤੇ ਧੰਮ ਦੇਸ਼ਨਾ ਦਿੱਤੀ। ਭੰਤੇ ਚੰਦਰ ਕੀਰਤੀ ਨੇ ਆਪਣੇ ਪ੍ਰਵਚਨ ਵਿੱਚ ਕਿਹਾ ਕਿ ਰਾਜਕੁਮਾਰ ਸਿਧਾਰਥ ਨੇ ਆਪਣੇ ਜੀਵਨ ਵਿੱਚ ਸਭ ਪ੍ਰਕਾਰ ਦੀਆਂ ਸ਼ਾਹੀ ਸੁੱਖ-ਸੁਵਿਧਾਵਾਂ ਪ੍ਰਾਪਤ ਹੋਣ ਦੇ ਬਾਵਜੂਦ ਦੁਖੀ ਲੋਕਾਂ ਦੇ ਕਲਿਆਣ ਲਈ ਘਰ-ਪਰਿਵਾਰ ਦਾ ਤਿਆਗ ਕੀਤਾ ਅਤੇ 6 ਸਾਲ ਤੱਕ ਇਨ੍ਹਾਂ ਦੁੱਖਾਂ ਦੇ ਵਿਗਿਆਨਕ ਕਾਰਨਾਂ ਦੀ ਤਲਾਸ਼ ਉਪਰੰਤ ਇਹ ਸਿੱਟਾ ਕੱਢਿਆ ਕਿ ਦੁੱਖ ਹੈ, ਦੁੱਖ ਦਾ ਕਾਰਨ, ਤ੍ਰਿਸ਼ਨਾ, ਮੋਹ, ਇਛਾਵਾਂ ਅਤੇ ਖਾਹਸ਼ਾਂ ਹਨ। ਇਨ੍ਹਾਂ ਲਾਲਸਾਵਾਂ ਦਾ ਤਿਆਗ ਹੀ ਦੁੱਖਾਂ ਦਾ ਨਿਵਾਰਣ ਹੈ। ਦੁੱਖਾਂ ਤੋਂ ਮੁਕਤ ਹੋਣ ਲਈ ਉਨ੍ਹਾਂ ਨੇ ਪੰਚਸ਼ੀਲ ਅਪਣਾਉਣ ਤੇ ਜ਼ੋਰ ਦਿੱਤਾ। ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਉਪ-ਪ੍ਰਧਾਨ ਪ੍ਰੋ. ਬਲਬੀਰ ਨੇ ਕਿਹਾ ਕਿ ਤਥਾਗਤ ਬੁੱਧ ਦਾ ਧੱਮ-ਇੱਕ ਵਿਗਿਆਨਿਕ ਧਰਮ ਹੈ ਜਿਹੜਾ ਪਾਰਲੋਕਿਕ ਸੁੱਖਾਂ ਦੀ ਬਜਾਏ ਇਸ ਲੌਕਿਕ ਜਗਤ ਨੂੰ ਸੁੱਖ ਭਰਿਆ ਬਣਾਉਣ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਮਨ ਵਿੱਚ ਉੱਠਦੀਆਂ ਲੋਭ ਮੋਹ ਅਤੇ ਲਾਲਚ ਦੀਆਂ ਤਰੰਗਾਂ ਮਨੁੱਖੀ ਦੁੱਖਾਂ ਦਾ ਕਾਰਨ ਹੈ। ਇਨ੍ਹਾਂ ਕਾਰਨਾਂ ਦਾ ਨਿਵਾਰਣ ਹੀ ਸੁੱਖ ਦੀ ਪ੍ਰਾਪਤੀ ਹੈ। ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਜਨਰਲ ਸਕੱਤਰ ਤੇ ਸੁਸਾਇਟੀ ਦੇ ਸਰਪ੍ਰਸਤ ਡਾ. ਜੀ.ਸੀ. ਕੌਲ ਨੇ ਕਿਹਾ ਕਿ ਤਥਾਗਤ ਬੁੱਧ ਦੀ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਮਨੁੱਖ ਹੈ। ਇਸ ਧਰਤੀ ਤੇ ਹੀ ਮਨੁੱਖੀ ਜੀਵਨ ਨੂੰ ਸੁਖੀ ਅਤੇ ਕਲਿਆਣਕਾਰੀ ਬਣਾਉਣਾ ਬੁੱਧ ਦਾ ਉਦੇਸ਼ ਹੈ। ਇਸ ਮਹਾਨ ਫਲਸਫੇ ਨੂੰ ਸਹੀ ਅਰਥਾਂ ਵਿੱਚ ਅਪਣਾ ਕੇ ਹੀ ਜੀਵਨ ਸੁਖ ਭਰਿਆ ਬਣ ਸਕਦਾ ਹੈ। ਡਾ. ਕੌਲ ਨੇ ਕਿਹਾ ਬੁੱਧ ਧਰਮ ਦਾ ਕਰਮਕਾਂਡ, ਪਖੰਡਵਾਦ ਅਤੇ ਅੰਧ ਵਿਸ਼ਵਾਸ਼ਾਂ ਨਾਲ ਕੋਈ ਸਰੋਕਾਰ ਨਹੀਂ ਹੈ। ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ, ਜਨਰਲ ਸਕੱਤਰ ਸਨੀ ਥਾਪਰ, ਅੰਬੇਡਕਰੀ ਆਗੂ ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਨ ਅਤੇ ਗੌਤਮ ਸਾਂਪਲਾ ਨੇ ਵੀ ਨੇ ਬੁੱਧ ਧੰਮ ਤੇ ਆਪਣੇ ਵਿਚਾਰ ਪੇਸ਼ ਕੀਤੇ। ਹੋਣਹਾਰ ਬਾਲਕ ਰਜਤ ਸੋਫੀ ਪਿੰਡ ਨੇ ਤਥਾਗਤ ਬੁੱਧ ਤੇ ਆਪਣਾ ਗੀਤ ਪੇਸ਼ ਕੀਤਾ।

ਸਟੇਜ ਸੰਚਾਲਨ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਅੰਤ ਵਿੱਚ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਸਭ ਬੁਲਾਰੇ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਬੁੱਧ ਪੂਰਨਿਮਾ ਦਾ ਸਮਾਗਮ ਬੋਧਗਯਾ ਵਿਖੇ ਮਹਾਂਬੋਧੀ ਮਹਾਂਵਿਹਾਰ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਾਉਣ ਵਾਸਤੇ ਚੱਲ ਰਹੇ ਅੰਦੋਲਨ ਨੂੰ ਸਮਰਪਿਤ ਹੈ ਅਤੇ ਸੁਸਾਇਟੀ ਇਹ ਮੰਗ ਕਰਦੀ ਹੈ ਕਿ ਬੀ।ਟੀ। ਐਕਟ 1949 ਨੂੰ ਜਲਦੀ ਰੱਦ ਕਰਕੇ ਮਹਾਬੋਧੀ ਮਹਾਵਿਹਾਰ ਦਾ ਕਬਜਾ ਨਿਰੋਲ ਬੋਧੀਆਂ ਨੂੰ ਸੌਂਪ ਦਿੱਤਾ ਜਾਵੇ। ਸਮਾਗਮ ਉਪਰੰਤ ਖੀਰ ਦਾ ਲੰਗਰ ਵਰਤਾਇਆ ਗਿਆ। ਪਹਿਲਗਾਮ ਵਿੱਚ ਅਤੰਕਵਾਦੀ ਹਮਲੇ ਦੁਆਰਾ ਮਾਰੇ ਗਏ 27 ਵਿਅਕਤੀਆਂ ਅਤੇ ਹਾਲ ਹੀ ਵਿੱਚ ਭਾਰਤ ਪਾਕਿਸਤਾਨ ਜੰਗ ਦੌਰਾਨ ਮਾਰੇ ਗਏ ਭਾਰਤੀ ਜਵਾਨਾਂ ਅਤੇ ਨਿਰਦੋਸ਼ ਲੋਕਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ।

ਇਸ ਮੌਕੇ ਡਾ. ਮਹਿੰਦਰ ਸੰਧੂ, ਤਿਲਕਰਾਜ, ਹਰਭਜਨ ਨਿਮਤਾ, ਨਿਰਮਲ ਬਿੰਜੀ, ਐਡਵੋਕੇਟ ਹਰਭਜਨ ਸਾਂਪਲਾ, ਪ੍ਰਿੰਸੀਪਲ ਪਰਮਜੀਤ ਜੱਸਲ, ਚਮਨ ਦਾਸ ਸਾਂਪਲਾ, ਪ੍ਰੋਫੈਸਰ ਅਰਿੰਦਰ ਸਿੰਘ, ਹਰੀ ਸਿੰਘ ਥਿੰਦ, ਧਨੀ ਰਾਮ ਸੂਦ, ਰਜਿੰਦਰ ਜੱਸਲ, ਜੋਤੀ ਪ੍ਰਕਾਸ਼, ਚਰਨਜੀਤ ਸਿੰਘ, ਮਾਸਟਰ ਜੀਤ ਰਾਮ, ਸੇਵਾ ਸਿੰਘ, ਮਾਸਟਰ ਸੁਖਚਰਨ ਕੁਮਾਰ, ਪਿਸ਼ੋਰੀ ਲਾਲ ਸੰਧੂ, ਗੁਰਦਿਆਲ ਜੱਸਲ, ਬੀਬੀ ਸੁਨੀਤਾ, ਬਿੰਦੂ ਬਾਂਗੜ, ਕਵਿਤਾ ਢਾਂਡੇ ਅਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।


















## ਮਾਂ ਦਿਵਸ 'ਤੇ

# 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ'



ਐਚ. ਐਲ. ਕਪੂਰ

**'ਮਾਂ ਦਿਵਸ'** ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਐਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ 'ਮਾਂ ਦਿਵਸ' ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ 'ਮਾਂ ਦਿਵਸ' ਭਾਵ 'ਮਹਿਲਾ ਦਿਵਸ' 8 ਮਾਰਚ 1943 ਨੂੰ ਮਨਾਇਆ ਗਿਆ। ਇਸ ਦਿਨ 'ਤੇ 'ਮਾਂ' ਜਾਂ 'ਮਹਿਲਾ' ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ, ਇਸ ਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ 'ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ। ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਨ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਣੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ 'ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।' ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ, 'ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।' ਨਿਤਜਸ਼ਚ ਔਰਤ ਨੂੰ 'ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।' ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨੀ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਨ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਹਨਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ 'ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ 'ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ' ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, ''ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।''



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗ ਗੰਢ ਦੇ ਕੇ ਰੱਖਦੀ ਹੈ, ਜਿਵੇਂ ਇਕ ਜ਼ਖ਼ਮੀ ਹੋਇਆ ਕਬੂਤਰ ਆਪਣੇ ਜ਼ਖ਼ਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ 'ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲਕੇ, ਮਹਿੰਦੀ ਲਾ ਕੇ।

ਇਹ ਸਵੈ-ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖ਼ਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚਲਦੀ ਗੱਡੀ ਵਿਚ ਅਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੰਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ 'ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ' ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖ਼ਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਕਬਾਇਲੀ ਖੋਜ ਅਤੇ ਸਭਿਆਚਾਰਕ ਫਾਊਂਡੇਸ਼ਨ' ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ, ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਹਨਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਹਨਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖ਼ਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਹਨਾਂ ਵਿਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ 'ਸਿੱਖਿਆ ਦਾ ਅਧਿਕਾਰ' ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ 'ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ 'ਸਰਵ-ਸਿੱਖਿਆ ਅਭਿਆਨ' ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦੀ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਇੰਝ ਬਿਆਨ ਕੀਤਾ ਹੈ:

'ਭੰਡੁ ਮੋਆ ਭੰਡੁ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਹਨਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਣੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖ਼ਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖ਼ਤਮ ਨਹੀਂ ਹੋਇਆ। ਉਂਝ ਉਹਨਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ, ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ 'ਸਤੀ ਦੀ ਰਸਮ( ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ 'ਖਾਲਸੇ ਦੀ ਮਾਤਾ' ਹੋਣ ਦਾ ਮਾਣ ਬਖ਼ਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ 'ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਉਣ ਯੋਗ ਬਣਾਇਆ।'' ਇਸ ਲਈ ਜਿੰਨਾ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ 'ਕੱਟੀ ਪਤੰਗ' ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ 'ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਟੁੱਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ 'ਅੱਧ ਖਿੜਿਆ ਫੁੱਲ' ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, ''ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀ ਕਾਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, ''ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ 'ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ, ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ 'ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।''

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਤਿਭਾਸ਼ਾਲੀ, ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖ਼ਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ

(ਬਾਕੀ ਅਗਲੇ ਸਫੇ 'ਤੇ)

# ਬੱਚੇ ਡਿਪਰੈਸ਼ਨ 'ਚ ਕਿਉਂ ਜਾ ਰਹੇ ਹਨ?



ਅਮਰਜੀਤ ਚੰਦਰ ਲੁਧਿਆਣਾ
9417600014

ਡਿਪਰੈਸ਼ਨ ਇਕ ਮਾਨਸਿਕ ਬੀਮਾਰੀ ਹੈ,ਜਿਸ ਵਿੱਚ ਲੋਕ ਉਦਾਸੀ, ਇਕੱਲਤਾ ਜਾਂ ਉਰਜਾ ਦਾ ਅਨੁਭਵ ਕਰਦੇ ਹਨ। ਇਹ ਸਥਿੱਤੀ ਕੁਝ ਦਿਨ ਤੱਕ, ਕੁਝ ਹਫਤਿਆਂ ਜਾਂ ਕੁਝਹਕਰਮੀ ਹੈ। ਡਿਪੈਰਸ਼ਨ ਦੀ ਸਥਿੱਤੀ ਵਿੱਚ, ਵਿਅਕਤੀ ਬੇਚੈਨੀ ਅਤੇ ਚਿੜਚਿੜਾਪਣ ਦੇ ਨਾਲ ਨਾਲ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨ ਲੱਗਦਾ ਹੈ। ਉਸ ਨੂੰ ਥਕਾਵਟ ਗੈਫੈਨਲੇ, ਯੋਗਤਾ ਨਹੀ ਰਹਿੰਦੀ ਅਤੇ ਆਤਮਹੱਤਿਆ ਵਰਗੇ ਵਿਚਾਰਾਂ ਦਾ ਵੀ ਸਾਹਮਣਾ ਕਰਨਾ ਪੈਦਾ ਹੈ, ਜੇ ਦੇਖਿਆ ਜਾਵੇ, ਤਾਂ ਉਦਾਸੀ ਦੀ ਸਥਿੱਤੀ ਇਕ ਵਿਅਕਤੀ ਦੇ ਮਹਿਸੂਸ ਕਰਨ, ਸੋਚਣ, ਕੰਮ ਕਰਨ ਅਤੇ ਸੰਸਾਰ ਨੂੰ ਦੇਖਣ ਦੇ ਤਰੀਕੇ ਪਬਤਰਾਤਰ' ਕਰਦੀ ਹੈ। ਵਿਸ਼ਵ ਮਾਨਸਿਕ ਸਿਹਤ ਸਰਵੇਖਣ 2024 ਦੇ ਅਨੁਸਾਰ,ਭਾਰਤ ਵਿੱਚ 20 ਵਿਆਕਤੀਆਂ ਵਿੱਚੋਂ ਲੱਗਭਗ ਇਕ ਵਿਅਕਤੀ ਡਿਪਰੈਸ਼ਨ ਦਾ ਸ਼ਿਕਾਰ ਹੋ ਰਿਹਾ ਹੈ ਕਿ ਭਾਰਤ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਬੜੀ ਤੇਜ਼ੀ ਨਾਲ ਵੱਧ ਰਹੀਆਂ ਹਨ। ਵਿਸ਼ਵ ਪੱਧਰ 'ਤੇ ਲੱਗਭਗ 264 ਮਿਲੀਅਨ ਡਿਪਰੈਸ਼ਨ ਦਾ ਸ਼ਿਕਾਰ ਹਨ। ਇਸ ਵਿੱਚ ਆਦਮੀਆਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਵੱਧ ਹੈ। ਸੱਚ ਹੈ ਕਿ ਡਿਪਰੈਸ਼ਨ ਕਿਸੇ ਵੀ ਸਮੇਂ ਅਤੇ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ।

ਪਿੰਡਾਂ ਦੇ ਮੁਕਾਬਲੇ ਦੇਖਿਆ ਜਾਏ ਤਾਂ ਸ਼ਹਿਰਾਂ ਵਿੱਚ ਡਿਪਰੈਸ਼ਨ ਵਾਲੇ ਮਰੀਜ਼ਾਂ ਦੀ ਗਿਣਤੀ ਜਿਆਦਾ ਤੇਜ਼ੀ ਨਾਲ ਵੱਧ ਰਹੀ ਹੈ। ਇਕ ਹੋਰ ਰਿਪੋਰਟ ਦੇ ਅਨੁਸਾਰ, ਵਿਆਹਿਆਂ ਵਿੱਚ 60 ਪ੍ਰਤੀਸ਼ਤ ਜਿਆਦਾ ਦੇਖਣ ਨੂੰ ਮਿਲ ਰਹੀ ਹੈ। ਜਦੋਂ ਇਕ ਵਿਆਹਿਆ ਵਿਅਕਤੀ ਆਪਣੇ ਪਰੀਵਾਰ ਵਿੱਚ ਰਹਿੰਦਾ ਹੈ, ਤਾਂ ਉਹ ਡਿਪਰੈਸ਼ਨ ਦਾ ਸਿਕਾਰ ਹੁੰਦਾ ਹੈ? ਕਈ ਵਾਰ ਪਰਿਵਾਰ ਵਿੱਚ ਰਹਿੰਦਿਆਂ ਜਾਂ ਇਕੱਠ ਵਿੱਚ ਰਹਿੰਦਿਆਂ ਵਿਅਕਤੀ ਸੋਚਣ ਲੱਗ ਜਾਂਦਾ ਹੈ ਕਿ ਮੈਨੂੰ ਘਰ ਵਿੱਚ ਕੋਈ ਪੁੱਛਦਾ ਹੀ ਨਹੀ ਹੈ ਜਾਂ ਘਰ ਵਿੱਚ ਮੇਰੀ ਕੋਈ ਪੁੱਛ-ਪੜਤਾਲ ਹੀ ਨਹੀ ਹੈ, ਮੈਨੂੰ ਕੀ ਵਿੱਚ ਕੀ ਹੋ ਰਿਹਾ ਹੈ ਮੈਨੂੰ ਕੋਈ ਦੱਸਦਾ ਹੀ ਨਹੀ, ਪਰਿਵਾਰ ਵਿੱਚੋਂ ਮੇਰੇ ਲਈ ਕਿਸੇ ਕੋਲ ਸਮਾਂ ਹੀ ਨਹੀ ਹੈ? ਉਹ ਆਪਣੇ ਵਿਚਾਰ ਕਿਸੇ ਨਾਲ ਸਾਂਝੇ ਕਰਨ ਤੋਂ ਡਰਦਾ ਹੈ। ਅਜਿਹੀ ਸਥਿੱਤੀ ਵਿੱਚ ਉਹ ਆਪਣੇ ਆਪ ਨੂੰ ਇਕੱਲਾ ਸਮਝਣ ਲੱਗ ਜਾਂਦਾ ਹੈ। ਸ਼ਾਇਦ ਅੱਜ ਦੇ ਸਮੇਂ ਅੰਦਰ ਹਰ ਤਰਾਂ ਦੇ ਰਿਸ਼ਤੇ ਵਿੱਚ ਵਿਸ਼ਵਾਸ਼ ਦਾ ਬਹੁਤ ਵੱਡਾ ਸੰਕਟ ਪੈਦਾ ਹੋ ਰਿਹਾ ਹੈ। ਇਨਸਾਨ ਦੀ ਘੱਟ ਰਹੀ ਉਮਰ ਲਈ ਇਹੀ ਸਮੱਸਿਆ ਜਿੰਮੇਵਾਰ ਹੈ। ਇਸ ਕਰਕੇ ਹੀ ਅੱਜ ਕਲ ਛੋਟੀ ਉਮਰ ਵਿੱਚ ਹੀ ਦਿਲ ਦੇ ਰੋਗ, ਹਾਈ ਬਲੱਡ ਪ੍ਰੈਸ਼ਰ ਅਤੇ ਕਈ ਤਰਾਂ ਦੇ ਮਾਨਸਿਕ ਰੋਗਾਂ ਦਾ ਹੋਣਾ ਆਮ ਜਿਹੀ ਗੱਲ ਬਣ ਗਈ ਹੈ। ਵਿਸ਼ਵ ਸਿਹਤ ਦੀ ਸਮੱਸਿਆ, ਦੁਨੀਆਂ ਭਰ ਵਿੱਚ 300 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ।



ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ ਡਿਪਰੈਸ਼ਨ ਦੇ ਸੱਭ ਤੋਂ ਵੱਧ ਮਰੀਜ਼ ਹਨ। ਆਜਾਦੀ ਤੋਂ ਬਾਅਦ ਭਾਰਤ ਵਿੱਚ ਅਲੱਗ ਅਲੱਗ ਅਦਾਰਿਾਂ ਦੀਆਂ ਸੂਚਨਾਵਾਂ ਮੁਤਾਬਕ ਦਿਖਾਵੇ ਦੀਆਂ ਪ੍ਰਵਿਰਤੀਆਂ ਬਹੁਤ ਜਿਆਦਾ ਵੱਧ ਗਈਆਂ ਹਨ। ਦੂਜਾ ਕਰੋਨਾ ਮਹਾਂਮਾਰੀ ਤੋਂ ਬਾਅਦ ਸਮਾਜ ਵਿੱਚ ਪੈਦਾ ਹੋਈ ਆਰਥਿਕ ਸਥਿੱਤੀ ਦੀ ਉਦਾਸੀ ਨੂੰ ਜਿੰਦਗੀ ਦਾ ਹਿੱਸਾ ਬਣਾ ਦਿੱਤਾ ਹੈ। ਅਜਿਹੀ ਸਥਿੱਤੀ ਵਿੱਚ ਸਮਾਜ ਵਿੱਚ ਹਰ ਪਾਸੇ ਨਿਰਾਸ਼ਾ ਦੇ ਇਲਾਵਾ ਕੁਝ ਵੀ ਦਿਖਾਈ ਨਹੀ ਦੇ ਰਿਹਾ। ਜਦੋਂ ਨੌਜਵਾਨ ਪੜੇ-ਲਿਖੇ ਬੱਚੇ ਆਪਣੇ ਭਵਿੱਖ ਨੂੰ ਉਜਵਿਲ ਕਰਨ ਵਿੱਚ ਜੁੱਟੇ ਹੁੰਦੇ ਹਨ ਤਾਂ ਐਨ ਮੌਕੇ 'ਤੇ ਪ੍ਰਸ਼ਨ ਪੱਤਰ ਲੀਕ ਹੋ ਜਾਂਦਾ ਹੈ ਉਸ ਦੇ ਨਾਲ ਪ੍ਰੀਖਿਆਵਾਂ ਰੱਦ ਹੋ ਜਾਂਦੀਆਂ ਹਨ। ਕਈਆਂ ਦੀਆਂ ਕਾਲਜ ਜਾਂ ਯੂਨੀਵਰਸਿਟੀਆਂ ਵਿਚ ਦਾਖਲਾ ਨਹੀਂ ਮਿਲਦਾ ਤਾਂ ਬੱਚਾ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨ ਲੱਗ ਜਾਂਦਾ ਹੈ, ਜਾਂ ਜੇਕਰ ਨੌਕਰੀ ਮਿਲ ਜਾਂਦੀ ਹੈ ਤਾਂ ਨੌਕਰੀ ਤੋਂ ਕੱਢੇ ਜਾਣ ਦਾ ਮਨ 'ਚ ਡਰ ਬਣਿਆ ਰਹਿਣਾ, ਇਹ ਸਭ ਆਦਮੀ ਨੂੰ ਨਿਰਾਸ਼ਾ ਵੱਲ ਧਕੇਲ ਰਿਹਾ ਹੈ, ਨਿਰਾਸ਼ਾ ਵੱਲ ਡਿਪਰੈਸਨ ਵੱਲ ਤੋਰ ਦਿੰਦਾ ਹੈ। ਆਦਮੀ ਦਾ ਮਨ ਫਿਰ ਕਿਸੇ ਪਾਸੇ ਨਹੀ ਠਹਿਰਦਾ।

ਪਹਿਲਾਂ ਤਾਂ ਸਾਨੂੰ ਇਕੱਲਾਪਣ ਅਤੇ ਇਕਾਂਤ ਵਿੱਚ ਫਰਕ ਸਮਝਣਾ ਪਵੇਗਾ, ਇਕੱਲਾਪਣ ਸਾਡੇ ਮਨ ਦੀ ਇਕ ਅਵਸਥਾ ਹੈ ਜਾਂ ਇਕ ਮਾਨਸਿਕ ਬਿਮਾਰੀ ਵੱਲ ਇਸ਼ਾਰਾ ਕਰਦਾ ਹੈ ਜਾਂ ਇਸ ਵੱਲ ਲੈ ਜਾਂਦਾ ਹੈ। ਦੂਜੇ ਪਾਸੇ, ਇਕਾਂਤ ਅਧਿਆਤਮਿਕ ਵਿਕਾਸ ਦੀ ਇਕ ਅਵੱਸਥਾ ਹੈ ਜੋ ਵਿਅਕਤੀ ਨੂੰ ਚੰਗੇ ਮਾੜੇ ਵਿਚਾਰਾਂ ਵੱਲ ਲੈ ਜਾਂਦੀ ਹੈ। ਭਾਵ ਹੈ ਕਿ ਇਕਾਂਤ ਮਨ ਦੀ ਤਸੱਲੀ ਕਰਦਾ ਹੈ, ਜਦਕਿ ਇਕੱਲੇਪਣ ਦਾ ਸਾਹਮਣਾ ਕਰ ਰਿਹਾ ਵਿਅਕਤੀ ਉਦਾਸ ਹੋ ਸਕਦਾ ਹੈ। ਵਿਅਕਤੀ ਨੂੰ ਇਕ ਸਮਾਜਿਕ ਪ੍ਰਾਣੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇਕੱਠ ਵਿੱਚ ਰਹਿਣ ਦਾ ਆਦੀ ਬਣ ਗਿਆ ਹੁੰਦਾ ਹੈ, ਪਰ ਅੱਜ ਸਮਾਜਿਕ ਪ੍ਰਾਣੀ ਬਣ ਕੇ ਰਹਿੰਦੇ ਹੋਏ ਨਵੀਆਂ-ਨਵੀਆਂ ਚੀਜ਼ਾਂ ਦੇ ਪਿੱਛੇ ਭੱਜਦਿਆਂ ਹੋਇਆਂ ਕਈ ਵਾਰ ਉਸ ਦੇ ਪਰਿਵਾਰ ਵਾਲੇ ਜਾਂ ਦੋਸਤ ਪਿੱਛੇ ਰਹਿ ਜਾਂਦੇ ਹਨ ਅਤੇ ਇਕ ਸਮਾਂ ਅਜਿਹਾ ਆ ਜਾਂਦਾ ਹੈ, ਜਦੋਂ ਉਹ ਮਾਨਸਿਕ ਬਿਮਾਰ ਹੋ ਜਾਂਦਾ ਹੈ। ਇਹ ਅਹਿਸਾਸ ਉਸ ਨੂੰ ਇਕੱਲਾਪਣ ਬਹੁਤ ਮਹਿਸੂਸ ਕਰਾਉਦਾ ਹੈ।

ਇਕੱਲੇਪਣ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਾਰਨ ਹਨ ਜੋ ਸਾਨੂੰ ਡਿਪਰੈਸ਼ਨ ਵੱਲ ਲੈ ਜਾ ਰਹੇ ਹਨ, ਇਕ ਵਿਅਕਤੀ ਤਣਾਅਪੂਰਨ ਜੀਵਨ ਦੀਆਂ ਘਟਨਾਵਾਂ ਜਿਵੇਂ ਦੁੱਖ, ਤਲਾਕ, ਬੇਰੁਜ਼ਗਾਰੀ, ਬੀਮਾਰੀ, ਨੌਕਰੀ ਜਾਂ ਪੈਸੇ ਦੀ ਚਿੰਤਾ, ਸਰੀਰਕ ਜਾਂ ਮਾਨਸਿਕ ਹਿੰਸਾ, ਕਿਸੇ ਨਜ਼ਦੀਕੀ ਵਿਅਕਤੀ ਦੀ ਮੌਤ ਜਾਂ ਵਿਆਹੁਤਾ ਰਿਸ਼ਤੇ ਵਿਚ ਤਣਾਅ ਡਿਪਰੈਸਨ ਦੇ ਕਾਰਨ ਬਣਦੇ ਹਨ। ਜਾਪਾਨ ਵਿੱਚ ਵੱਧ ਰਹੀਆਂ ਖੁਦਕਸ਼ੀਆਂ ਦੀਆਂ ਘਟਨਾਵਾਂ ਕਾਰਨ ਇਕੱਲੇਪਣ ਨੂੰ ਦੂਰ ਕਰਨ ਲਈ ਸਾਲ 2021 ਵਿੱਚ 'ਮਨਿਸਟਰੀ ਆਫ ਹੈਲਥ ਦੀ ਇਕ ਬਰਾਂਚ' ਮਤਲਬ ਕੇ ਇਕੱਲੇਪਣ ਨੂੰ ਦੂਰ ਕਰਨ ਦੇ ਲਈ ਇਸ ਵਿਭਾਗ ਦਾ ਗਠਨ ਕੀਤਾ ਗਿਆ ਜੋ ਡਿਪਰੈਸ਼ਨ ਦੂਰ ਕਰਨ ਲਈ ਤੁਹਾਡੀ ਮਦਦ ਕਰੇਗਾ, ਉਹਨਾਂ ਨੂੰ ਖੁਦਕਸ਼ੀਆਂ ਕਰਨ ਤੋਂ ਰੋਕੇਗਾ। ਪਰ ਅਫਸੋਸ ਦੀ ਗੱਲ ਇਹ ਹੈ ਕਿ ਖੁਦਕਸ਼ੀਆਂ ਵਿੱਚ ਕੋਈ ਕਮੀ ਨਹੀ ਆਈ। ਸਾਨੂੰ ਇਸ ਸਮੱਸਿਆ ਵਿਚ ਸੁਧਾਰ ਕਿਵੇ ਕੀਤਾ ਜਾਏ, ਕਿਉਕਿ ਇਹ ਸਾਡੇ ਦੇਸ਼ ਲਈ ਇਕ ਬਹੁਤ ਹੀ ਗੰਭੀਰ ਮਾਮਲਾ ਹੈ। ਇਸ ਦਾ ਹੱਲ ਪਰਿਵਾਰ, ਦੇਸ਼ ਅਤੇ ਸਮਾਜ ਦੇ ਵਿਕਾਸ ਲਈ ਬਹੁਤ ਜਰੂਰੀ ਹੈ। ਉਦਾਸੀ ਕੋਈ ਵਿਅਕਤੀਗਤ ਸਮਸਿਆ ਨਹੀ ਹੈ, ਪੂਰਾ ਪਰਿਵਾਰ ਸਮੱਸਿਆ ਨਹੀ ਹੈ, ਬਲਕਿ ਪੂਰਾ ਪਰਿਵਾਰ ਸਮਾਜ ਸ਼ਿਕਾਰ ਹੁੰਦਾ ਜਾ ਰਿਹਾ ਹੈ।

ਨੌਜਵਾਨਾਂ ਨੂੰ ਵੀ ਇਹ ਸਭ ਸਮਝਣ ਦੀ ਲੋੜ ਹੈ ਕਿ ਉਚ ਯੂਨਵਿਰਸਿਟੀਆਂ ਵਿੱਚ ਦਾਖਲਾ, ਅਕਾਦਮਿਕ ਸਫਲਤਾ, ਵਧੀਆ ਨੌਕਰੀਆਂ ਅਤੇ ਵੱਡੀ ਤਨਖਾਹ ਹੀ ਖੁਸ਼ਹਾਲੀ ਨਹੀਂ ਹਨ। ਜੇਕਰ ਖੁਸ਼ਹਾਲੀ ਪਦਾਰਥਕ ਸਾਧਨਾਂ ਤੋਂ ਮਿਲਦੀ ਹੁੰਦੀ ਤਾਂ ਗੌਤਮ ਬੁੱਧ ਨੇ ਮਹਿਲ ਛੱਡ ਕੇ ਠੋਕਰਾਂ ਨਹੀ ਖਾਣੀਆਂ ਸੀ। ਖੁਸ਼ੀ ਅਤੇ ਸੰਤੁਸ਼ਟੀ ਮਨ ਦੀਆਂ ਕਿਸਮਾਂ ਹਨ, ਵਾਰ ਛੋਟੀਆਂ ਚੀਜ਼ਾਂ ਜਾਂ ਕੰਮ ਜਾਂ ਛੋਟੀਆਂ ਪ੍ਰਾਪਤੀਆਂ ਤੋਂ ਵੀ ਮਿਲਦੀ ਹੈ। ਖੁਸ਼ ਰਹਿਣ ਲਈ ਸਖਤ ਮਿਹਨਤ ਕਰਨ ਦੀ ਲੋੜ ਨਹੀ ਹੁੰਦੀ, ਇਸ ਲਈ ਆਪਣਿਆਂ ਦਾ ਸਹਿਯੋਗ ਹੋਣਾ ਬਹੁਤ ਜਰੂਰੀ ਹੈ। ਆਪਣੇ ਪਰਿਵਾਰ ਦੀ ਖੁਸ਼ੀ ਵਿੱਚ ਪਿਆਰ ਅਤੇ ਭਰੋਸਾ ਬਣਾਉਣਾ, ਦੂਜਿਆਂ ਨਾਲ ਬਰਾਬਰ ਦਾ ਵਿਵਹਾਰ ਕਰਨਾ, ਲੋੜ ਪੈਣ 'ਤੇ ਦੂਜਿਆਂ ਦੀ ਮਦਦ ਕਰਨਾ, ਇਹ ਸਭ ਕੁਝ ਅੱਜ ਦੀ ਜਿੰਦਗੀ ਵਿਚ ਕਰਨਾ ਲਾਜਮੀ ਹੈ। ਅੱਜ ਨਿਰਾਸ਼ ਪੀੜ੍ਹੀ ਦਾ ਸਮਾਜ ਸਿਰਜਿਆ ਜਾ ਰਿਹਾ ਹੈ।

ਇਸ ਗੱਲ ਤੋਂ ਇਨਕਾਰ ਵੀ ਨਹੀ ਕਰਿਆ ਜਾ ਸਕਦਾ ਕਿ ਵੱਧ ਰਹੀ ਭੌਤਿਕਵਾਦ, ਦਿਖਾਵੇ ਦਾ ਸਭਿਆਚਾਰ, ਵਿਦਿਅਕ ਦਬਾਅ, ਮਾਪਿਆਂ ਦੀਆਂ ਉਮੀਦਾਂ, ਬਦਲਦੇ ਸਮਾਜਿਕ ਨਿਯਮ, ਬਦਲਦੇ ਸਮਾਜਿਕ ਸਰੋਕਾਰ ਅਤੇ ਆਰਥਿਕ ਤੰਗੀਆਂ ਵਰਗੇ ਕਾਰਨਾਂ ਨੇ ਨੌਜਵਾਨਾਂ ਨੂੰ ਨਿਰਾਸ਼ਾ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਇੱਥੇ ਦੁਚਿੱਤੀ ਇਹ ਹੈ ਕਿ ਡਿਪਰੈਸ਼ਨ ਵਰਗੇ ਕਿਸੇ ਵੀ ਕਾਰਨ ਨੂੰ ਨਿਰਾਸ਼ਾ ਨਹੀ ਸਮਝੀ ਜਾਂਦੀ। ਨਤੀਜੇ ਵਜੋਂ ਲੋਕ ਸਮੇਂ ਸਿਰ ਇਸ ਦਾ ਇਲਾਜ ਨਹੀ ਕਰਾਉਦੇ।

ਅੱਜ ਦੇ ਯੁੱਗ ਵਿੱਚ ਆਰਥਿਕ ਸਥਿੱਤੀ ਦੇ ਨਾਲ-ਨਾਲ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਵਿੱਚ ਵੀ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਡਿਪਰੈਸ਼ਨ ਵਰਗੀ ਸਮੱਸਿਆਵਾਂ ਤਾਂ ਦਿਨੋ-ਦਿਨ ਹੋਰ ਵੀ ਗੰਭੀਰ ਰੂਪ ਧਾਰਨ ਕਰ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਕਿਸੇ ਵੀ ਸਮੱਸਿਆ ਦਾ ਹੱਲ ਆਪਸੀ ਗੱਲਬਾਤ ਨਾਲ ਹੀ ਨਿਕਲ ਸਕਦਾ ਹੈ। ਕੋਈ ਵੀ ਸਮੱਸਿਆ ਮਨੁੱਖ ਦੀ ਹਿੰਮਤ ਨਾਲੋ ਵੱਡੀ ਨਹੀ ਹੋ ਸਕਦੀ। ਧੀਰਜ਼, ਹਿੰਮਤ ਉਮੀਦ ਅਤੇ ਉਚੀ ਸੋਚ ਨਾਲ ਸਭ ਕੁਝ ਸੰਭਵ ਹੈ। ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਸਿਹਤ ਸੰਸਥਾ ਦੀ ਭੂਮਿਕਾ ਨਿਰਧਾਰਤ ਨਹੀ ਕੀਤੀ ਜਾ ਸਕਦੀ। ਇਹ ਜਰੂਰੀ ਹੈ ਕਿ ਪ੍ਰਸ਼ਾਸ਼ਨ, ਵਿਦਿਅਕ ਅਦਾਰੇ, ਸਾਹਿਤਕਾਰ ਅਤੇ ਪਰਿਵਾਰ ਸਾਰੇ ਆਪੋ-ਆਪਣੇ ਪੱਧਰ 'ਤੇ ਇਸ ਸਮੱਸਿਆ ਨੂੰ ਦੂਰ ਕਰਨ ਲਈ ਉਪਰਾਲੇ ਕਰਨੇ, ਅਜਿਹਾ ਨਹੀ ਕੀਤਾ ਜਾ ਸਕਦਾ ਕਿ ਕਿਸੇ ਵੀ ਸਮਾਜ 'ਤੇ ਦੇਸ਼ ਦੇ ਵਿਕਾਸ ਅਤੇ ਤਰੱਕੀ ਲਈ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਨਾਗਰਿਕ ਹੀ ਭੂਮਿਕਾ ਨਿਭਾਅ ਸਕਦੇ ਹਨ

# ਇਕ ਚੰਦਰੀ ਬੁੜ੍ਹੀ ਵਰਗੇ ਨਾ ਬਣੀਏਂ ਆਪਾਂ !

ਇਹ ਸਿਰਲੇਖ ਪੜ੍ਹਕੇ ਸ਼ਾਇਦ ਪਾਠਕਾਂ ਦੇ ਮਨ ਵਿਚ ਉਹ ਮਾਈ ਆ ਗਈ ਹੋਵੇਗੀ ਜਿਹਨੂੰ ਸਦਾ ਚੰਦਰੇ ਬੋਲ ਬੋਲਣ ਦੀ ਆਦਤ ਕਰਕੇ ਘਰ ਵਾਲ਼ਿਆਂ ਨੇ ਮੁੰਡੇ ਦੀ ਜੰਞ ਚੜ੍ਹਨ ਵੇਲੇ ਕਮਰੇ ਅੰਦਰ ਡੱਕ ਦਿੱਤਾ ਸੀ। ਪਰ ਸਾਰੀਆਂ ਰਸਮਾਂ ਨੇਪਰੇ ਚੜ੍ਹਨ 'ਤੇ ਜਦ ਉਹਨੂੰ ਅੰਦਰੋਂ ਬਾਹਰ ਕੱਢਿਆ ਗਿਆ ਸੀ, ਉਹਨੇ ਫੇਰ ਵੀ ਵਿਆਂਦੜ ਮੁੰਡੇ ਦੇ ਘੋੜੀ ਚੜ੍ਹਨ ਵੇਲੇ, ਸਿਰ ਸਜੇ ਸਿਹਰੇ 'ਚ ਨੁਕਸ ਕੱਢ ਦਿੱਤਾ ਸੀ- "ਵੇ ਆਹ ਸਿਹਰੇ ਨੂੰ ਤਾਂ ਸਹੀ ਤਰਾਂ 'ਅੱਗ ਲਾ ਲੈ' ਪਹਿਲਾਂ ?"

ਏਦਾਂ ਦੀ ਹੀ ਫਿਤਰਤ ਵਾਲ਼ੀ ਮਾਤਾ ਸੀ ਮੇਰੇ ਇਕ ਜਾਣੂ ਸੱਜਣ ਦੀ। ਮੈਂ ਤੇ ਮੇਰਾ ਜਾਣੂ ਅਸੀਂ ਦੋਵੇਂ ਕਿਸੇ ਦੇ ਘਰੋਂ



ਅਫਸੋਸ ਕਰਕੇ ਆ ਰਹੇ ਸਾਂ। ਉਹ ਮੈਨੂੰ ਦੱਸੇ ਅਖੇ ਯਾਰ ਕਿਆ ਗੱਲ ਕਰਨੀ ਐਂ। ਜੇ ਪਿੰਡ 'ਚ ਕੋਈ ਮੌਤ ਹੋ ਜਾਵੇ ਤਾਂ ਸਾਡੀ ਮਾਈ ਨੂੰ ਚਾਅ ਈ ਚੜ੍ਹ ਜਾਂਦਾ ਐ!

ਹਥਲੇ ਸਾਰੇ ਜਰੂਰੀ ਕੰਮ ਛੱਡ ਕੇ ਉਹ ਗ਼ਲੀਉ ਗ਼ਲੀ ਗੇੜੀ ਮਾਰਦੀ ਫਿਰਦੀ ਹੈ !

'ਕੁੜੇ ਬਚਿੰਤੀਏ ਪਤਾ ਲੱਗਾ ਤੈਨੂੰ ? ਫਲਾਣਾ ਸੂੰਹ ਸੁੱਤਾ ਪਿਆ ਈ ਰਹਿ ਗਿਆ ਕਹਿੰਦੇ...।!'

ਕੰਮੀਂ ਕਾਰੀਂ ਤੁਰੇ ਜਾਂਦਿਆਂ ਨੂੰ ਰੋਕ ਰੋਕ ਦੱਸੂ ਗੀ-

'ਵੇ ਬੁੱਘਿਆ, ਕਹਿੰਦੇ ਫਲਾਣਾ ਫੁੜ੍ਹਕ ਗਿਆ ਰਾਤੀ!'

ਕਿਸੇ ਦਾ ਦਰਵਾਜਾ ਖੜਕਾ ਕੇ 'ਭੈਣੇ ਘਰੇ ਈ ਐਂ ?' ਪੁੱਛਦਿਆਂ ਮਰ ਗਏ ਪ੍ਰਾਣੀ ਦੀ ਸੂਚਨਾ ਦਊ ਗੀ !

'ਹੈ ਹੈ ਕੁੜੇ...। ਖੌਰੇ ਇਲਾਜ ਖੁਣੋ ਈ ਚੱਲ ਵਸਿਆ ਫਲਾਣਾ...।।!'

ਜਾਣੂ ਮਿੱਤਰ ਕਹਿੰਦਾ, ਇੰਜ ਸਾਡੀ ਮਾਈ ਅੱਧੇ ਕੁ ਪਿੰਡ ਨੂੰ 'ਸੁਣਾਉਣੀ' ਸੁਣਾ ਕੇ ਫੇਰ ਮ੍ਰਿਤਕ ਦੇ ਘਰੇ ਜਾਂਦੀ ਹੁੰਦੀ ਐ !!

ਸਿਆਣੇ ਕਹਿੰਦੇ ਨੇ ਭਾਵੇਂ ਉਹ ਸੱਚੀ ਹੀ ਹੋਵੇ ਪਰ ਚੰਦਰੀ ਗੱਲ ਮੂੰਹੋਂ ਵੀ ਨਹੀਂ ਕੱਢੀ ਦੀ !ਜਿਵੇਂ ਸਾਡੇ ਪਿੰਡਾਂ ਵਿਚ ਕੈਂਸਰ ਤੋਂ ਪੀੜਤ ਮਰੀਜ਼ ਬਾਰੇ ਏਦਾਂ ਕਿਹਾ ਜਾਂਦਾ ਹੈ ਕਿ ਫਲਾਣੇ ਨੂੰ 'ਚੰਦਰੀ ਬੀਮਾਰੀ' ਲੱਗ ਗਈ ਹੈ!

ਮੇਰੇ ਕਹਿਣ ਦਾ ਮਤਲਬ ਹੈ ਕਿ ਕਲਹਿਣੇ ਜੰਗ ਦੀਆਂ ਮਨਹੂਸ ਖਬਰਾਂ/ਜਾਣਕਾਰੀਆਂ ਚਾਮ੍ਹਲ ਚਾਮ੍ਹਲ ਕੇ ਅੱਗੇ ਤੋਂ ਅੱਗੇ ਨਾ ਫੈਲਾਈਆਂ ਜਾਣ!

-ਤਰਲੋਚਨ ਸਿੰਘ 'ਦੁਪਾਲ ਪੁਰ'
78146-92724

# 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ'

ਬਹੁਤ ਥੋੜ੍ਹੇ ਗਿਣੇ-ਚੁਣੇ ਨਾਂ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ-ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, ''ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।'' ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: ''ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਹਨਾਂ ਦੀ ਮਾਂ ਨਾਲ ਅਥਾਹ ਪਿਆਰ।''

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

"ਵਾਹ! ਵਾਹ! ਰੇ ਅਬਲਾ ਨਾਰੀ,
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।''

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

''ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇਕਰ ਮੈਂ ਨਾ ਮਰਦੀ।''

ਪ੍ਰੋ: ਮੋਹਨ ਸਿੰਘ ਜੀ ਦੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਦੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉਠ ਦਰਦਵੰਦਾਂ ਦਿਆ ਦਰਦੀਆ
ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ''ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।'' ਅਰਸਤੂ ਕਹਿੰਦਾ ਹੈ "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ।'' ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ।'

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ!

ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ-ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ।

ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ, ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਇਸ ਲਈ ਔਰਤ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।

# ਪੱਤਰਕਾਰੀ ਦਾ ਬਾਬਾ ਬੋਹੜ ਸੀ - ਸਵ. ਜਗਜੀਤ ਸਿੰਘ ਥਿੰਦ



ਕੁਲਵੰਤ ਉੱਭੀ ਧਾਲੀਆਂ
(559) 473-9264

ਹਰ ਵਿਅਕਤੀ ਦੀ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਪਹਿਚਾਣ ਹੁੰਦੀ ਹੈ। ਜਿਸ ਲਈ ਬਹੁਤ ਸਾਰੇ ਲੋਕ ਬਹੁਤ ਵਿਖਾਵਾ ਕਰਦੇ ਹਨ ਕਿ ਸਮਾਜਿਕ ਦਾਇਰੇ ਵਿੱਚ ਪਹਿਚਾਣੇ ਜਾਣ। ਪਰ ਕੁਝ ਉਹ ਲੋਕ ਵੀ ਹੁੰਦੇ ਹਨ ਜੋ ਸਮਾਜ ਵਿੱਚ ਵਿਚਰਦੇ ਹੋਏ ਅਜਿਹੇ ਕਾਰਜ ਕਰ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਪਹਿਚਾਣ ਬਣਾਉਣ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਦੀ ਪਹਿਚਾਣ ਆਪਣੇ ਆਪ ਬਣ ਜਾਂਦੀ ਹੈ। ਇਸ ਤੋਂ ਇਲਾਵਾ ਉਹ ਲੋਕ ਹੋਰਨਾਂ ਦੀ ਵੀ ਪਹਿਚਾਣ ਬਣਾਉਂਦੇ ਹਨ। ਅਜਿਹੀ ਹੀ ਵਿਲੱਖਣ ਸ਼ਖਸੀਅਤ ਦੇ ਮਾਲਕ ਸਨ ਪੱਤਰਕਾਰ ਸਵ. ਸ. ਜਗਜੀਤ ਸਿੰਘ ਥਿੰਦ। ਜਿਨ੍ਹਾਂ ਨੇ ਆਪਣੀ ਪੱਤਰਕਾਰੀ ਰਾਹੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਭਾਈਚਾਰੇ ਵਿੱਚ ਲਿਆ ਪਹਿਚਾਣ ਦਿੱਤੀ।

ਉਨ੍ਹਾਂ ਦਾ ਜਨਮ ਪਿੰਡ ਬਿੰਜ਼ਲ, ਨਜ਼ਦੀਕ ਜਗਰਾਉਂ, ਜਿਲ੍ਹਾਂ ਲੁਧਿਆਣਾ, ਪੰਜਾਬ ਵਿੱਚ 4 ਜਨਵਰੀ, 1930 ਨੂੰ ਹੋਇਆ ਸੀ। ਉਹ ਹਮੇਸ਼ਾ ਆਪਣੇ ਪਰਿਵਾਰ ਨਾਲ ਘਰ ਦੇ ਕੰਮਾਂ ਵਿੱਚ ਮਦਦ ਕਰਦੇ ਰਹਿੰਦੇ ਸਨ। ਪਰ ਮਾਪਿਆਂ ਦੇ ਸਹਿਯੋਗ ਅਤੇ ਹਲਾਸ਼ੇਰੀ ਨਾਲ ਦਸਵੀਂ ਜਮਾਤ ਤੱਕ ਦੀ ਪੜ੍ਹਾਈ "ਖਾਲਸਾ ਹਾਈ ਸਕੂਲ, ਕਮਾਲਪੁਰਾ ਤੋਂ ਕੀਤੀ। ਇਸ ਉਪਰੰਤ ਪੜਾਈ ਪ੍ਰਤੀ ਦਿਲਚਸਪੀ ਹੋਣ ਕਰਕੇ ਅਗਲੀ ਐਫ.ਏ. ਅਤੇ ਗਿਆਨੀ ਦੀ ਪੜਾਈ ਪ੍ਰਾਈਵੇਟ ਪਾਸ ਕੀਤੀ। ਆਪਣੀ ਜ਼ਿੰਦਗੀ ਦੇ ਸੁਨਹਿਰੀ ਭਵਿੱਖ ਲਈ ਟੀਚਰ ਟਰੇਨਿੰਗ ਜਲੰਧਰ ਤੋਂ ਪ੍ਰਾਪਤ ਕੀਤੀ।

ਆਪਣੀ ਚੰਗੀ ਉੱਚ ਸਿੱਖਿਆ ਅਤੇ ਸਮਾਜਿਕ ਸੇਵਾਵਾਂ ਵਾਲੀ ਵਿਰਤੀ ਹੋਣ ਕਰਕੇ ਆਪਣੇ ਪਿੰਡ ਦੀ ਭਲਾਈ ਅਤੇ ਸਾਂਝੇ ਕਾਰਜਾਂ ਨੂੰ ਹਮੇਸ਼ਾ ਤਰਜੀਹ ਦਿੰਦੇ ਸਨ। ਇਹੀ ਕਾਰਨ ਸੀ ਕਿ ਉਹ 33 ਸਾਲ ਦੇ ਲਗਭਗ ਪਿੰਡ ਦੀ ਕੋਆਪਰੇਟਿਵ ਵਿਖੇ ਨੌਕਰੀ ਕਰਦੇ ਰਹੇ। ਇਸਦਾ ਦੂਜਾ ਕਾਰਨ ਕਿ ਉਨ੍ਹਾਂ ਦਾ ਪਿੰਡ ਵਿੱਚ ਬਹੁਤ ਸਤਿਕਾਰ ਸੀ। ਜਿਸ ਦੀ ਉਦਾਹਰਣ ਉਹ ਆਪਣੇ ਪਿੰਡ ਬਿੰਜ਼ਲ ਦੇ 23 ਸਾਲ ਲਗਾਤਾਰ ਸਰਪੰਚ ਵੀ ਰਹੇ। ਉਨ੍ਹਾਂ ਪਿੰਡ ਦੇ ਭਲਾਈ ਕਾਰਜਾਂ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਜਿੱਥੇ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਲਈ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਭੇਜਿਆ, ਉੱਥੇ ਪਿੰਡ ਦੇ ਹੋਰ ਬਹੁਤ ਬੱਚਿਆਂ ਨੂੰ ਵੀ ਸਿੱਖਿਆ ਵੱਲ ਪ੍ਰੇਰਿਤ ਕੀਤਾ। ਜਿਸ ਦਾ ਕਾਰਨ ਕਿ ਇਸ ਪਿੰਡ ਦੇ ਲੋਕ ਪੜ੍ਹੇ-ਲਿਖੇ ਅਤੇ ਉੱਚ ਅਹੁਦਿਆਂ ਉੱਤੇ ਬੈਠੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਵਿੱਚ ਰਹਿੰਦਿਆਂ ਦੋ ਵਾਰੀ ਬਤੌਰ ਇਫਕੋ (ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਕੋਅਪਰੇਟਿਵ) ਦੇ ਡਾਇਰੈਕਟਰ ਵੀ ਰਹੇ।

ਦੋ ਵਾਰ ਲੁਧਿਆਣਾ ਸਟੇਟ ਕੋਚ ਯੂਨੀਅਨ ਦੇ ਮੈਂਬਰ ਰਹੇ। ਦੋ ਵਾਰ ਲੁਧਿਆਣਾ ਡਿਸਟ੍ਰਿਕਟ ਹੋਲਸੇਲ ਸੁਸਾਇਟੀ ਦੇ ਡਾਇਰੈਕਟਰ ਰਹੇ। ਇੰਨਾਂ ਦੇ ਕੀਤੇ ਚੰਗੇ ਕਾਰਜਾਂ ਬਦਲੇ ਤਿੰਨ ਵਾਰ ਬਲਾਕ ਸੰਮਤੀ (ਬਲਾਕ ਸੁਧਾਰ) ਦੇ ਮੈਂਬਰ ਬਣੇ ਅਤੇ ਇਸੇ ਦੌਰਾਨ ਫਾਈਨੈਂਸ਼ ਕਮੇਟੀ ਦੇ ਚੇਅਰਮੈਨ ਬਣੇ। ਇੱਕ ਪੂਰਾ ਕਾਰਜ ਕਾਲ ਬਤੌਰ ਲੁਧਿਆਣਾ ਜਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਰਹੇ। ਇਸੇ ਤਰ੍ਹਾਂ ਇੱਕ ਪੂਰਾ ਕਾਰਜਕਾਲ (Term) ਰਾਏਕੋਟ ਮਾਰਕੀਟ ਸੁਸਾਇਟੀ ਦੇ ਵਾਈਸ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਉਣ ਦਾ ਮਾਣ ਪ੍ਰਾਪਤ ਹੋਇਆ।

ਜਿਨ੍ਹਾਂ ਨੇ ਪੰਜਾਬ ਵਿੱਚ ਸਮਾਜਿਕ ਕਾਰਜਾਂ ਦੀ ਜੋ ਸ਼ੁਰੂਆਤ ਕੀਤੀ ਸੀ ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਪਹੁੰਚ ਕੇ ਵੀ ਇਸ ਤਰ੍ਹਾਂ ਜਾਰੀ ਰੱਖਿਆ ਕਿ ਉਨ੍ਹਾਂ ਨੂੰ ਮਿਲਿਆ ਅਮਰੀਕਾ ਪ੍ਰਦੇਸ਼ ਨਹੀਂ, ਸਗੋਂ ਪੰਜਾਬ ਹੀ ਲੱਗਦਾ ਸੀ। ਜ਼ਿੰਦਗੀ ਦੇ ਬਹੁਤ ਸਾਰੇ ਤਜਰਬਿਆਂ ਅਤੇ ਸਮਾਜਿਕ ਕਾਰਜਾਂ ਵਿੱਚ ਵਿਚਰਦੇ ਹੋਏ ਲੋਕਾਂ ਦੇ ਕੰਮਾਂ ਅਤੇ ਹਾਲਾਤਾਂ ਨੂੰ ਸਮਝਦੇ ਹੋਏ ਬਹੁਤ ਨੇੜਿਓਂ ਦੇਖਿਆ। ਇਸੇ ਤਜਰਬੇ ਅਤੇ ਉੱਚੀ ਸੋਚ ਦੇ ਵਿੱਚ ਪੱਤਰਕਾਰੀ ਦਾ ਜਨਮ ਹੋਇਆ।

ਪਹਿਲੀ ਵਾਰ 1991 ਈ. ਨੂੰ ਆਪਣੀ ਧੀ ਪਰਮਿੰਦਰ ਕੌਰ ਬਦੇਸਾ ਅਤੇ ਜਵਾਈ ਸ. ਮਹਿੰਦਰ ਸਿੰਘ ਬਦੇਸਾ ਦੇ ਸੱਦੇ ਤੇ ਅਮਰੀਕਾ ਵਿੱਚ ਕੈਲੇਫੋਰਨੀਆ ਦੇ ਸ਼ਹਿਰ ਕਰਮਨ ਵਿਖੇ ਆਏ। ਉਹ ਪੰਜਾਬ ਵਿੱਚ ਆਪਣੇ ਕਾਰੋਬਾਰ ਅਤੇ ਸਮਾਜਿਕ ਰੁਝੇਵਿਆਂ ਕਰਕੇ ਇੱਥੇ ਬਹੁਤਾ ਸਮਾਂ ਨਾ ਰਹਿ ਸਕੇ। ਜਲਦ ਵਾਪਸ ਪੰਜਾਬ ਚਲੇ ਗਏ। ਜਿੱਥੇ ਇਸ ਉਪਰੰਤ ਆਪਣੇ ਅਧੂਰੇ ਕੰਮਾਂ ਨੂੰ ਪੂਰਾ ਕੀਤਾ ਅਤੇ ਬਾਅਦ ਵਿੱਚ ਸਾਰੇ ਪਰਿਵਾਰ ਦੀ ਪੱਕੀ ਪਟੀਸ਼ਨ ਨਿਕਲਨ ਉਪਰੰਤ 1997 ਦੀ। ਨੂੰ ਇੱਥੇ ਪੱਕੇ ਤੌਰ ਤੇ ਵਾਪਸ ਰਹਿਣ ਲਈ ਆ ਗਏ। ਜਦ ਕਿ ਇਨ੍ਹਾਂ ਦਾ ਪੁੱਤਰ ਸੁਰਿੰਦਰ ਸਿੰਘ ਥਿੰਦ, ਉਸ ਦੀ ਪਤਨੀ, ਇੱਕ ਪੋਤਰਾ ਅਤੇ ਤਿੰਨ ਪੋਤੀਆਂ 1998 ਦੀ। ਨੂੰ ਆਪਣੇ ਬਾਪੂ ਜੀ ਕੋਲ ਪੰਜਾਬ ਤੋਂ ਆ ਗਏ। ਜਿੱਥੇ ਉਨ੍ਹਾਂ ਪੰਜਾਬੀ ਦੀ ਸੰਘਣੀ ਵਸੋਂ ਵਾਲੇ ਇਸ ਸ਼ਹਿਰ ਕਰਮਨ ਨੂੰ ਆਪਣਾ ਰੈਣ ਬਸੇਰਾ ਬਣਾ ਲਿਆ ਅਤੇ ਆਪਣੇ ਅੰਤਿਮ ਸੁਆਸਾਂ ਤੱਕ ਇੱਥੇ ਰਹਿ ਕੇ ਆਪਣੀ ਪੱਤਰਕਾਰੀ ਦੇ ਨਾਲ-ਨਾਲ ਆਪਣੇ ਕੁਝ ਦੋਸਤਾਂ ਨਾਲ ਰਲ ਪੰਜਾਬੀ ਭਾਈਚਾਰੇ ਲਈ ਸਮਾਜ ਸੇਵਾ ਵਿੱਚ ਸਰਗਰਮ ਰਹਿੰਦੇ।

ਇਨ੍ਹਾਂ ਹੀ ਦਿਨਾਂ ਵਿੱਚ ਮੈਂ ਵੀ ਪੰਜਾਬ ਤੋਂ ਪੱਕੇ ਤੌਰ ਤੇ ਕਰਮਨ ਸ਼ਹਿਰ ਵਿਖੇ ਆ ਵਸਿਆ ਸੀ। ਇਸ ਤੋਂ ਪਹਿਲਾਂ ਮੈਂ ਪੱਤਰਕਾਰੀ ਅਤੇ ਅਖ਼ਬਾਰਾਂ ਆਦਿਕ ਲਈ ਆਰਟੀਕਲ ਲਿਖਣ ਤੋਂ ਇਲਾਵਾ ਇੰਨਾਂ ਦੇ ਨਜ਼ਦੀਕੀ ਪਿੰਡ ਕਮਾਲਪੁਰਾ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਤੌਰ ਲੈਕਚਰਾਰ ਰਿਹਾ ਹੋਣ ਕਰਕੇ ਸ। ਜਗਜੀਤ ਸਿੰਘ ਥਿੰਦ ਦੀ ਸਮਾਜ ਸੇਵਾ, ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਜਾਣਦਾ ਸੀ। ਸਬੱਬ ਦੀ ਗੱਲ ਇਹ ਸੀ ਕਿ ਸ। ਜਗਜੀਤ ਸਿੰਘ ਥਿੰਦ ਇਸ ਸਕੂਲ ਤੋਂ ਪੜੇ ਹੋਏ ਸਨ ਅਤੇ ਇਸ ਸਕੂਲ ਦੇ ਵਿਕਾਸ ਵਿੱਚ ਵੀ ਇੰਨਾਂ ਦਾ ਯੋਗਦਾਨ ਰਿਹਾ। ਇਹ ਇੰਨਾਂ ਦੇ ਇਲਾਕੇ ਦਾ ਸਭ ਵੱਡਾ ਸਕੂਲ ਸੀ। ਪਰ ਮੇਰੀ ਜ਼ਿਆਦਾ ਸਾਂਝ ਕੈਲੇਫੋਰਨੀਆ ਦੇ ਸ਼ਹਿਰ ਕਰਮਨ ਆ ਕੇ ਹੀ ਵਧੀ। ਪੱਤਰਕਾਰੀ ਦਾ ਖੇਤਰ ਸਾਡਾ ਦੋਨਾਂ ਦਾ ਸਾਂਝਾ ਖੇਤਰ ਸੀ। ਜੋ ਅਸੀਂ ਪੰਜਾਬ ਤੋਂ ਪੱਤਰਕਾਰੀ ਕਰਦੇ ਆ ਰਹੇ ਸੀ। ਪਰ ਇਸ ਖੇਤਰ ਵਿੱਚ ਤਜਰਬਿਆਂ ਅਤੇ ਉਮਰ ਦੇ ਅਧਾਰ 'ਤੇ ਸ। ਜਗਜੀਤ ਸਿੰਘ ਥਿੰਦ ਪੱਤਰਕਾਰੀ ਦੇ ਬਾਬਾ ਬੋਹੜ ਸਨ। ਮੈਂ ਅਤੇ ਸਾਡੇ ਪੱਤਰਕਾਰੀ ਦੇ ਖੇਤਰ ਦੇ ਸਾਰੇ ਸਾਥੀ ਉਨ੍ਹਾਂ ਨੂੰ ਬਹੁਤ ਸਤਿਕਾਰ ਦਿੰਦੇ ਸਨ। ਇਸੇ ਤਰ੍ਹਾਂ ਕਈ ਵਾਰ ਇਸ ਖੇਤਰ ਨੂੰ ਲੈ ਕੇ ਸਾਡੀ ਨੋਕ-ਝੋਕ ਵੀ ਚਲਦੀ ਰਹਿੰਦੀ ਸੀ, ਪਰ ਅਸੀਂ ਕਦੇ ਵੀ ਉਨ੍ਹਾਂ ਦੇ ਕਹੇ ਤੋਂ ਮੁਨਕਰ ਨਹੀਂ ਹੋਏ। ਕਈ ਵਾਰ ਅਖੌਤੀ ਬਣੇ ਪੱਤਰਕਾਰਾਂ ਬਾਰੇ ਉਹ ਅਕਸਰ ਹੀ ਕਹਿ ਦਿੰਦੇ ਇਹ ਪੈਸੇ ਕਮਾਉਣ ਅਤੇ ਲੜਾਈ ਪਾਉਣ ਵਾਲੇ ਨੇ, ਜਦ ਕਿ ਆਪਣਾ ਕੰਮ ਤਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਵਾਲਾ ਕੰਮ ਹੈ। ਉਨ੍ਹਾਂ ਨੇ ਇੱਥੇ ਚੰਗੇ ਨਾਮਵਰ ਅਖ਼ਬਾਰਾਂ ਲਈ ਪੱਤਰਕਾਰੀ ਕੀਤੀ ਅਤੇ ਵੱਖ-ਵੱਖ ਸੰਸਥਾਵਾਂ ਨਾਲ ਵੀ ਬਤੌਰ ਮੈਂਬਰ ਜੁੜੇ ਰਹੇ। ਪੱਤਰਕਾਰੀ ਤੋਂ ਇਲਾਵਾ ਸ. ਜਗਜੀਤ ਸਿੰਘ ਥਿੰਦ ਹਮੇਸ਼ਾ ਵੱਡੇ-ਵੱਡੇ ਸਾਹਿਤਕ ਕਰਮੀਆਂ, ਸਮਾਜ ਸੇਵਕਾਂ ਅਤੇ ਰਾਜਨੀਤਕ ਸ਼ਖ਼ਸੀਅਤਾਂ ਨਾਲ ਵੀ ਜੁੜੇ ਰਹਿੰਦੇ ਸਨ। ਅਕਸਰ ਇਨ੍ਹਾਂ ਦੇ ਘਰ ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਸੀ। ਇਸੇ ਹੀ ਸੁਚੱਜੇ ਮਿਲਾਪ ਵਿੱਚੋਂ ਇੰਨਾਂ ਦੇ ਹੱਥ ਭਾਰਤ ਦੀ ਅਜ਼ਾਦੀ ਦੇ ਬਹੁਤ ਸਾਰੇ ਦਸਤਾਵੇਜ਼ ਆਏ। ਜਿਸ ਦੀ ਪੂਰੀ ਖੋਜ ਕਰਨ ਉਪਰੰਤ ਉਨ੍ਹਾਂ ਨੇ ਡਾ. ਗੁਰੂਮੇਲ ਸਿੰਘ ਸਿੱਧੂ ਨੂੰ ਤਾਕੀਦ ਕੀਤੀ ਕਿ ਉਹ ਗਦਰ ਦੇ ਇਸ ਦੂਸਰੇ ਪੱਖ ਭਾਵ ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼ ਬਾਰੇ ਪੁਸਤਕ ਜਰੂਰ ਲ਼ਿਖਣ। ਇਸੇ ਹੀ ਸੰਦਰਭ ਅਤੇ ਸ. ਜਗਜੀਤ ਸਿੰਘ ਦੇ ਸਹਿਯੋਗ ਸਦਕਾ ਬਹੁ-ਪੱਖੀ ਸ਼ਖ਼ਸੀਅਤ ਡਾ. ਗੁਰੂਮੇਲ ਸਿੰਘ ਸਿੱਧੂ ਨੇ ਚੇਤਨਾ ਪ੍ਰਕਾਸ਼ਨ ਤੋਂ ਪੁਸਤਕ ਲਿਖਣ ਉਪਰੰਤ ਛਪਵਾਈ। ਇਸ ਪੁਸਤਕ ਨੂੰ ਸੰਪੂਰਨ ਕਰਨ ਵਿੱਚ ਭਾਰਤ ਦੀ ਅਜ਼ਾਦੀ ਨੂੰ ਸਮਰਪਿਤ ਬਹੁਤ ਸਾਰੀਆਂ ਸੰਸਥਾਵਾਂ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ। ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਸਦਕਾ ਇਹ ਪੁਸਤਕ "ਗਦਰ ਦਾ ਦੂਜਾ ਪੱਖ" ਬਹੁਤ ਸਾਰੇ ਐਡੀਸ਼ਨਾਂ ਅਤੇ ਭਾਸ਼ਾਵਾਂ ਵਿੱਚ ਮਿਲ ਸਕਦੀ ਹੈ।

ਉਨ੍ਹਾਂ ਨੇ ਇੱਥੇ ਰਹਿੰਦਿਆਂ ਪੰਜਾਬੀ ਭਾਈਚਾਰੇ ਲਈ ਆਪਣੇ ਕੁਝ ਸਾਥੀਆਂ ਨਾਲ ਰਲ ਸਥਾਨਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਪੜਾਉਣ ਦਾ ਬੀੜਾ ਚੁੱਕਿਆ। ਜੋ ਬਹੁਤ ਸਾਰੇ ਕਾਨੂੰਨੀ ਦਾਇਰੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਪਾਸ ਕਰਵਾਇਆ। ਜਿਸ ਦੀ ਮਿਸਾਲ ਕਿ ਸੈਂਟਰਲ ਵੈਲੀ ਕੈਲੀਫੋਰਨੀਆਂ ਦਾ ਪਹਿਲਾ ਸਕੂਲ ਕਰਮਨ ਬਣਿਆ ਜਿੱਥੇ ਸਰਕਾਰੀ ਹਾਈ ਸਕੂਲ ਵਿੱਚ ਪੰਜਾਬੀ ਭਾਸ਼ਾ ਨੂੰ ਮਾਨਤਾ ਮਿਲੀ ਅਤੇ ਵਿਸ਼ੇਸ਼ ਤੌਰ ਤੇ ਪੰਜਾਬੀ ਅਧਿਆਪਕ ਦੀ ਨਿਯੁਕਤੀ ਕੀਤੀ ਗਈ। ਹੁਣ ਪੰਜਾਬੀ ਭਾਸ਼ਾ ਨੂੰ ਬਤੌਰ ਦੂਸਰੀ ਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਬਾਅਦ ਹੁਣ ਅਮਰੀਕਾ ਦੇ ਵੱਖ-ਵੱਖ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਪੜਾਇਆ ਜਾਣ ਲੱਗਾ। ਹੁਣ ਪੰਜਾਬੀ ਭਾਸ਼ਾ ਆਉਣ ਤੋਂ ਬਾਅਦ ਦੂਜਾ ਵੱਡਾ ਕਾਰਜ ਸੀ ਕਿ ਇੱਥੇ ਉਨ੍ਹਾਂ ਦਿਨਾਂ ਵਿੱਚ ਸਰਕਾਰੀ ਲਾਇਬਰੇਰੀ ਵਿੱਚ ਅੰਗਰੇਜ਼ੀ ਪੁਸਤਕਾਂ ਅਤੇ ਹੋਰ ਲਿਟਰੇਚਰ ਤਾਂ ਬਹੁਤ ਮਿਲ ਜਾਂਦਾ ਸੀ, ਪਰ ਪੰਜਾਬੀ ਸਾਹਿੱਤ ਅਤੇ ਹੋਰ ਲਿਟਰੇਚਰ ਦੀ ਬਹੁਤ ਵੱਡੀ ਘਾਟ ਸੀ। ਇਸ ਨੂੰ ਪੂਰਾ ਕਰਨ ਲਈ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਯਤਨ ਅਰੰਭ ਕੀਤੇ ਅਤੇ ਅੰਤ ਸਫਲਤਾ ਮਿਲੀ। ਜਿਸ ਸਦਕਾ ਹੁਣ ਕਰਮਨ ਸ਼ਹਿਰ ਦੀ ਸਥਾਨਕ ਸਰਕਾਰੀ ਲਾਇਬਰੇਰੀ ਵਿੱਚ ਬਾਕੀ ਪੁਸਤਕਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਆਪਣਾ ਵਿਭਾਗ ਹੈ। ਜਿੱਥੇ ਬਹੁਤ ਸਾਰੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਪੁਸਤਕਾਂ, ਰਸਾਲੇ, ਅਖ਼ਬਾਰਾਂ, ਵੀਡੀਓ, ਸੀ.ਡੀ. ਅਤੇ ਹੋਰ ਸਮੱਗਰੀ ਉਪਲੱਬਧ ਹੈ। ਪੰਜਾਬ ਤੋਂ ਅਮਰੀਕਾ ਘੁੰਮਣ ਆਈਆ ਸ਼ਖ਼ਸੀਅਤਾਂ ਨੂੰ ਚਾਈ-ਚਾਈ ਸਥਾਨਕ ਕਰਮਨ ਦੀ ਲਾਇਬ੍ਰੇਰੀ ਵਿੱਚ ਲੈ ਕੇ ਜ਼ਰੂਰ ਜਾਂਦੇ ਅਤੇ ਆਪਣਾ ਪੰਜਾਬੀ ਪੁਸਤਕਾਂ ਦਾ ਭੰਡਾਰ ਦਿਖਾਉਂਦੇ। ਇਸੇ ਪਿਆਰ ਸਦਕਾ ਬਹੁਤ ਸਾਰੇ ਲੇਖਕ ਆਪਣੀਆ ਪੁਸਤਕਾਂ ਵੀ ਇਨ੍ਹਾਂ ਦੀ ਪ੍ਰੇਰਨਾ ਸਦਕਾ ਦੇ ਕੇ ਜਾਂਦੇ। ਇਸ ਤੋਂ ਇਲਾਵਾ ਆਪਣੀਆਂ ਸੇਵਾਵਾਂ ਨੂੰ ਬਰਕਰਾਰ ਰੱਖਦੇ ਹੋਏ ਜਿੱਥੇ ਸਾਹਿਤਕ ਸੰਸਥਾਵਾਂ ਨੂੰ ਉਤਸਾਹਿਤ ਕਰਦੇ ਰਹੇ, ਉੱਥੇ ਭਾਰਤ ਦੀ ਗਦਰ ਲਹਿਰ ਨੂੰ ਸਮਰਪਿਤ ਸੰਸਥਾ "ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ, ਕੈਲੇਫੋਰਨੀਆ" ਦੇ ਵਿੱਚ ਵੀ ਸਰਗਰਮ ਮੈਂਬਰ ਅਤੇ ਮੀਡੀਆ ਕਰਮੀ ਵਜੋਂ ਅਣਥੱਕ ਸੇਵਾਵਾਂ ਨਿਭਾਉਂਦੇ ਰਹੇ। ਕਰਮਨ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੋ ਰਹੀ ਸੀ। ਪਰ ਇੱਥੇ ਗੁਰਦੁਆਰਾ ਸਾਹਿਬ ਦੀ ਘਾਟ ਸੀ। ਸੋ ਸਥਾਨਕ ਭਾਈਚਾਰੇ ਨਾਲ ਰਲਕੇ ਉਤਸਾਹਿਤ ਕਰਦੇ ਹੋਏ ਇਸ ਨੇਕ ਕੰਮ ਵਿੱਚ ਵੀ ਸਰਗਰਮ ਰਹੇ। ਪੰਜਾਬ ਵਿੱਚ ਸਮਾਜਿਕ, ਭਾਈਚਾਰਕ ਅਤੇ ਰਾਜਨੀਤਿਕ ਸਾਂਝ ਬਣਾਉਣ ਉਪਰੰਤ ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਵਿੱਚ ਰਹਿੰਦਿਆਂ ਆਪਣਾ ਪੱਤਰਕਾਰੀ ਬਾਬਾ ਬੋਹੜ ਸ. ਜਗਜੀਤ ਸਿੰਘ ਥਿੰਦ 2 ਅਕਤੂਬਰ 2021 ਨੂੰ ਆਪਣੇ ਪਰਿਵਾਰ ਦੀ ਹਰੀ-ਭਰੀ ਫੁਲ-ਵਾੜੀ ਅਲਵਿਦਾ ਕਹਿ ਹਮੇਸ਼ਾ ਲਈ ਗੁਰੂ ਚਰਨਾਂ ਵਿੱਚ ਜਾ ਬਿਰਾਜਿਆਂ। ਪਰ ਉਨ੍ਹਾਂ ਨੂੰ ਸੁਭਾਅ ਅਤੇ ਪੱਤਰਕਾਰੀ ਦੇ ਸਫਰ ਕਰਕੇ ਪੰਜਾਬੀ ਭਾਈਚਾਰੇ ਵਿੱਚ ਹਮੇਸ਼ਾ ਯਾਦ ਕੀਤਾ ਜਾਵੇਗਾ।








www.deshdoaba.com ਇਕ ਯਾਦਗਾਰੀ ਤਸਵੀਰ

# 'ਛੋਟਾ ਘੱਲੂਘਾਰਾ'



ਐਚ. ਐਲ. ਕਪੂਰ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਜਾਬ 'ਚ ਸਿੱਖ ਵਰਗ ਦਾ ਜਿਊਣਾ ਮੁਗਲ ਹਕੂਮਤ ਨੇ ਹਰਾਮ ਕਰ ਦਿੱਤਾ ਸੀ। ਉਨ੍ਹਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਗਏ ਤੇ ਉਨ੍ਹਾਂ ਨਾਲ ਬੜਾ ਕਰੂਰ ਵਿਵਹਾਰ ਕੀਤਾ ਜਾਂਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ 'ਚ ਜਿਹੜੇ ਸਿੱਖ ਸੂਰਮੇ ਬਚੇ ਸਨ, ਉਹ ਰੂਪੋਸ਼ ਹੋ ਕੇ ਜੰਗਲਾਂ 'ਚ ਚਲੇ ਗਏ ਸਨ। ਇੱਥੋਂ ਤੱਕ ਉਨ੍ਹਾਂ ਨੇ ਆਪਣੀ ਪਛਾਣ ਲੁਕਾਉਣ ਲਈ, ਉਹ ਪੰਜਾਬੀ ਬੋਲੀ ਨਹੀਂ ਬੋਲਦੇ ਸਨ ਸਗੋਂ ਕੋਈ ਦੂਸਰਾ ਬੰਦਾ ਸਾਹਮਣੇ ਹੋਵੇ ਤਾਂ ਉਹ ਸਿੱਖ ਆਪਸ 'ਚ 'ਗੜਗੱਜ ਬੋਲਿਆਂ' 'ਚ ਗੱਲ ਕਰਦੇ ਸਨ ਤਾਂ ਕਿ ਦੂਸਰਾ ਬੰਦਾ ਇਹ ਨਾਂ ਸਮਝ ਸਕੇ ਕਿ ਇਹ ਲੋਕ ਪੰਜਾਬੀ ਸਿੱਖ ਹਨ। ਇਸਦੇ ਨਾਲ ਹੀ ਉਹਨਾਂ ਨੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਆਪਣੀ ਯੁੱਧ ਨੀਤੀ ਵੀ ਬਦਲ ਲਈ ਸੀ।

ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਉਸ ਦਾ ਛੋਟਾ ਪੁੱਤਰ ਯਹੀਆ ਖਾਨ ਪੰਜਾਬ ਪ੍ਰਾਂਤ ਦਾ ਰਾਜਪਾਲ ਬਣਿਆ। ਉਸਨੇ ਵੀ ਆਪਣੇ ਪਿਤਾ ਵਾਂਗ ਸਿੱਖ ਵਿਰੋਧੀ ਨੀਤੀ ਨੂੰ ਅਪਣਾਇਆ। ਜ਼ਕਰੀਆ ਖਾਨ ਦੇ ਸ਼ਾਸਨ ਕਾਲ ਤੋਂ ਹੀ ਲਾਹੌਰ ਦੀ ਪ੍ਰਸ਼ਾਸਨ ਵਿਵਸਥਾ 'ਚ ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਨਾਮ ਦੇ ਦੋ ਹਿੰਦੂ ਭਰਾਵਾਂ ਦਾ ਬੜਾ ਪ੍ਰਭਾਵ ਸੀ। ਲਖਪਤ ਰਾਏ ਪੰਜਾਬ ਪ੍ਰਾਂਤ ਦਾ ਦੀਵਾਨ ਤੇ ਵੱਡਾ ਭਰਾ ਜਸਪਤ ਰਾਏ ਐਮਨਾਬਾਦ ਨਗਰ ਦਾ ਫੌਜਦਾਰ ਭਾਵ ਸੈਨਿਕ ਪ੍ਰਸ਼ਾਸਕ ਨਿਯੁਕਤ ਸੀ। ਅਸਲ 'ਚ ਇਹ ਦੋਵੇਂ ਭਰਾ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਦੇ ਇਕ ਖੱਤਰੀ ਪਰਿਵਾਰ ਨਾਲ ਸਬੰਧ ਰੱਖਦੇ ਸਨ। ਸਰਕਾਰੀ ਨੌਕਰੀ 'ਚ ਸਰਕਾਰ ਦੀ ਚਮਚਾਗਿਰੀ ਕਰਕੇ ਤਰੱਕੀ ਕਰਦੇ-ਕਰਦੇ ਇਹ ਉੱਚ ਅਹੁਦਿਆਂ 'ਤੇ ਪਹੁੰਚ ਗਏ ਸਨ। ਇਹ ਦੋਵੇਂ ਭਰਾ ਉਨ੍ਹਾਂ ਵਿਅਕਤੀਆਂ 'ਚੋਂ ਸਨ ਜਿਹੜੇ ਆਪਣੇ ਮਤਲਬ ਦੀ ਪੂਰਤੀ ਲਈ, ਆਪਣਾ ਧਰਮ-ਇਮਾਨ ਵੇਚ ਕੇ, ਆਪਣੀ ਜ਼ਮੀਰ ਨੂੰ ਛਿੱਕੇ ਟੰਗ ਕੇ ਰੱਖਦੇ ਸਨ। ਇਹ ਆਪਣੇ ਉੱਚ ਅਹੁਦਿਆਂ 'ਤ ਟਿਕੇ ਰਹਿਣ ਲਈ ਮੁਗਲ ਪ੍ਰਸ਼ਾਸਨ ਦੇ ਅੱਤਿਆਚਾਰਾਂ ਨੂੰ ਜਾਇਜ਼ ਠਹਿਰਾਉਂਦੇ ਸਨ। ਇਨ੍ਹਾਂ ਦਾ ਇਕੋ ਹੀ ਮੰਤਵ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਮੁਗਲਾਂ ਦੇ ਹਿਤਾਇਸ਼ੀ ਬਣੇ ਰਹੀਏ।

ਮੁਗਲ ਸਰਕਾਰ ਦੀ ਸੁਨਿਸਚਿਤ ਨੀਤੀ ਅਨੁਸਾਰ ਉਨ੍ਹਾਂ ਦੀਆਂ ਗ਼ਸ਼ਤੀ ਫੌਜੀ ਟੁਕੜੀਆਂ ਸਿੱਖਾਂ ਦਾ ਸਫਾਇਆ ਕਰਨ 'ਤੇ ਤੁਲੀਆਂ ਹੋਈਆਂ ਸਨ। ਇਸ ਦਾ ਵਿਰੋਧ ਕਰਨ ਲਈ 'ਦਲ ਖਾਲਸਾ' ਨੇ ਵੀ ਆਪਣੇ ਪੱਚੀ (25) ਛੋਟੇ-ਛੋਟੇ ਦਲ ਬਣਾ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਗੁਰੀਲਾ ਯੁੱਧ ਨੀਤੀ ਅਪਨਾ ਕੇ ਫੌਜ ਨਾਲ ਲੋਹਾ ਲੈਣਾ ਆਰੰਭ ਕਰ ਦਿੱਤਾ। ਇਸੇ ਦੌਰਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਸੁੱਖਾ ਸਿੰਘ ਮਾੜੀ ਕੰਬੋਅ ਦੇ ਦਸਤੇ ਮੁਗਲਾਂ ਦੀ ਗਸ਼ਤੀ ਫੌਜ ਦੀ ਟੁਕੜੀ ਨਾਲ ਟੱਕਰ ਲੈਂਦੇ ਹੋਏ ਡੱਲੋਝੱਲ ਪਹਾੜੀ ਖੇਤਰ ਵੱਲ ਵੱਧ ਰਹੇ ਸਨ ਤਾਂ ਸਥਾਨਕ ਪ੍ਰਸ਼ਾਸਨਿਕ ਫੌਜਦਾਰ ਜਸਪਤ ਰਾਏ ਨੇ ਸਿੱਖਾਂ ਦਾ ਪਿੱਛਾ ਕਰਕੇ ਉਹਨਾਂ ਨੂੰ ਐਮਨਾਬਾਦ ਦੀ ਤਰਫ਼ ਖਦੇੜ ਦਿੱਤਾ। ਸਥਾਨਕ ਚੌਧਰੀ ਵੀ ਆਪਣੀਆਂ ਛੋਟੀਆਂ-ਛੋਟੀਆਂ ਟੁਕੜੀਆਂ ਲੈ ਕੇ ਜਸਪਤ ਰਾਏ ਨਾਲ ਆ ਮਿਲੇ। ਇਸ ਤਰ੍ਹਾਂ ਸਿੱਖ ਜਥਿਆਂ ਨੇ ਆਪਣਾ ਰੁਖ ਬਦੌਰੀ ਵੱਲ ਕਰ ਲਿਆ। ਇੱਥੇ ਸਿੱਖ ਕੰਡਿਆਂ ਵਾਲੀਆਂ ਝਾੜੀਆਂ ਵਾਲੇ ਜੰਗਲ 'ਚ ਆਪਣਾ ਸਿਰ ਛੁਪਾਅ ਕੇ ਆਪਣਾ ਰੋਟੀ-ਪਾਣੀ ਦਾ ਪ੍ਰਬੰਧ ਕਰਨ ਲੱਗ ਪਏ। ਉਸ ਸਮੇਂ ਜਸਪਤ ਰਾਏ ਨੇ ਸਿੱਖਾਂ ਨੂੰ ਸੰਦੇਸ਼ ਭੇਜਿਆ ਕਿ ਇਹ ਇਲਾਕਾ ਉਹ ਤੁਰੰਤ ਖਾਲੀ ਕਰ ਦੇਣ। ਇਸ ਦੇ ਉਤਰ 'ਚ ਸਿੱਖਾਂ ਨੇ ਬੜੀ ਨਿਮਰਤਾ ਪੂਰਵਕ ਲਹਿਜੇ 'ਚ ਉਤਰ ਦਿੱਤਾ ਕਿ ਉਹ ਤਿੰਨ ਦਿਨਾਂ ਤੋਂ ਭੁੱਖੇ ਪਿਆਸੇ ਹਨ ਤੇ ਉਹ ਰਾਸ਼ਨ-ਪਾਣੀ ਖਾਧੇ ਬਿਨਾਂ ਅੱਗੇ ਵੱਧ ਨਹੀਂ ਸਕਦੇ ਤੇ ਅਸੀਂ ਕੱਲ੍ਹ ਸਵੇਰੇ ਰੋੜੀ ਸਾਹਿਬ ਦੇ ਸਥਾਨ 'ਤੇ ਵਿਸਾਖੀ ਦੇ ਮੇਲੇ 'ਚ ਭਾਗ ਲੈ ਕੇ ਖੁਦ ਹੀ ਅੱਗੇ ਚਾਲੇ ਪਾ ਦਿਆਂਗੇ। ਇਸ 'ਤੇ ਜਸਪਤ ਰਾਏ ਨੇ ਫਿਰ ਪੁਰਾਣੇ ਸੰਦੇਸ਼ ਨੂੰ ਹੀ ਦੁਹਰਾਇਆ, ਪ੍ਰੰਤੂ ਸਿੱਖਾਂ ਦਾ ਵੀ ਪੁਰਾਣਾ ਉਤਰ ਹੀ ਸੀ ਤੇ ਸਾਡਾ ਤੇਰੇ ਨਾਲ ਕੋਈ ਵੈਰ ਨਹੀਂ ਹੈ। ਅਸੀਂ ਸਿਰਫ ਲੰਗਰ-ਪਾਣੀ ਛਕ ਕੇ ਦੂਸਰੇ ਸਥਾਨਾਂ ਲਈ ਚਾਲੇ ਪਾ ਦਿਆਂਗੇ। ਇਹੀ ਉਤਰ ਸੁਣ ਕ ਜਸਪਤ ਰਾਏ ਬਹੁਤ ਗੁੱਸੇ 'ਚ ਆ ਗਿਆ ਤੇ ਉਸ ਨੇ ਕਿਹਾ, 'ਮੈਂ ਤਾਂ ਤੁਹਾਡਾ ਸਰਵਨਾਸ਼ ਕਰਨ 'ਤੇ ਤੁਲਿਆ ਹੋਇਆ ਹਾਂ ਤੇ ਤੁਸੀਂ ਲੋਕੀ ਮੇਰੇ ਹੀ ਇਲਾਕੇ 'ਚ ਰਾਸ਼ਨ-ਪਾਣੀ ਭਾਲਦੇ ਹੋ।'

ਜਸਪਤ ਰਾਏ ਨੇ ਸਿੱਖਾਂ ਦੇ ਜਥੇ ਨੂੰ ਘੇਰੇ 'ਚ ਲੈ ਲਿਆ। ਉਸ ਸਮੇਂ ਸਿੱਖਾਂ ਨੇ ਅਜੇ ਆਪਣੀ ਸਬਜ਼ੀ-ਭਾਜੀ ਬਣਾਉਣ ਲਈ ਚੁੱਲ੍ਹਿਆਂ ਦੀ ਅੱਗ ਉਤੇ ਰੱਖੀ ਹੀ ਸੀ। ਮਜਬੂਰੀ ਵੱਸ ਸਿੱਖਾਂ ਨੇ ਬਿਨਾਂ ਮਾਂਗੇ ਆਈ ਮੌਤ ਨੂੰ ਗਲੇ ਲਗਾਉਣ ਦੀ ਥਾਂ ਦੁਸ਼ਮਣ ਨਾਲ ਸਾਹਮਣਾ ਕਰਕੇ ਵੀਰਗਤੀ ਪ੍ਰਾਪਤ ਕਰਨ ਦਾ ਮਨ ਬਣਾ ਲਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਦੁਸ਼ਮਣ ਦਾ ਇੰਨੇ ਆਤਮ ਬਲ ਨਾਲ ਸਾਹਮਣਾ ਕੀਤਾ ਕਿ ਜਸਪਤ ਰਾਏ ਦੀ ਸੈਨਾ ਤੇ ਉਸ ਦੇ ਸਹਾਇਕ ਗਾਜੀ ਆਪਣੀ ਜਾਨ ਬਚਾ ਕੇ ਦੌੜਨ ਲੱਗ ਪਏ। ਇਸ ਸੰਕਟ ਦੀ ਘੜੀ 'ਚ ਇਕ ਨਿਬਾਹੂ ਸਿੰਘ ਨਾਮਕ ਸਿੱਖ ਜਵਾਨ ਨੇ ਹੌਸਲਾ ਕਰਕੇ ਹਾਥੀ 'ਤੇ ਬੈਠੇ ਜਸਪਤ ਰਾਏ 'ਤੇ ਸਫਲਤਾ ਪੂਰਵਕ ਹਮਲਾ ਕਰ ਦਿੱਤਾ। ਉਸ ਨੇ ਹਾਥੀ ਦੀ ਪੂਛ ਫੜ ਕੇ ਹਾਥੀ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਉਹ ਚੜ੍ਹਨ 'ਚ ਸਫਲ ਹੋ ਗਿਆ ਤੇ ਉਸ ਨੇ ਆਪਣੀ ਤਲਵਾਰ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਧੜ ਨਾਲੋਂ ਅਲੱਗ ਕਰਕੇ ਆਪਣੀ ਜਿੱਤ ਦੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਲੜਾਈ ਦੇ ਮੈਦਾਨ 'ਚੋਂ ਚਾਰ ਚੁਫੇਰਿਉਂ ਦੁਸ਼ਮਣ ਦੀ ਸੈਨਾ ਲੜਾਈ ਦੇ ਮੈਦਾਨ 'ਚੋਂ ਭੱਜਣ ਲੱਗ ਪਈ। ਜਿਉਂ ਹੀ ਸਿੱਖਾਂ ਦੇ ਹੱਥ 'ਚ ਲੜਾਈ ਦਾ ਮੈਦਾਨ ਆਇਆ, ਉਹਨਾਂ ਨਗਰ 'ਚੋਂ ਆਪਣੀ ਜ਼ਰੂਰਤ ਦੀਆਂ ਚੀਜਾਂ-ਵਸਤਾਂ ਇਕੱਠੀਆਂ ਕੀਤੀਆਂ ਤੇ ਲੰਗਰ ਵੀ ਲਵਾਇਆ। ਇੰਨੇ ਨੂੰ ਜਸਪਤ ਰਾਏ ਦੇ ਪਰਿਵਾਰ ਦੀ ਸਿੱਖਾਂ ਨੂੰ ਬੇਨਤੀ ਆਈ ਕਿ ਜਸਪਤ ਰਾਏ ਦਾ ਸਿਰ ਉਹਨਾਂ ਨੂੰ ਵਾਪਸ ਦੇ ਦਿੱਤਾ ਜਾਵੇ ਤਾਂ ਕਿ ਉਹ ਉਸ ਦਾ ਦਾਹ ਸੰਸਕਾਰ ਕਰ ਸਕਣ। ਇਸ 'ਤੇ ਸਿੱਖਾਂ ਨੇ ਹਰਜਾਨੇ ਦੇ ਰੂਪ 'ਚ ਵਿਚੋਲਗੀ ਕਰਨ ਆਏ ਗੁਸਾਂਈ ਕਿਰਪਾ ਰਾਮ ਬਲੌਕੀ ਦੁਆਰਾ 500 ਰੁਪਏ ਲੈ ਕੇ ਜਸਪਤ ਰਾਏ ਦਾ ਸਿਰ ਉਹਨਾਂ ਦੇ ਪਰਿਵਾਰ ਨੂੰ ਵਾਪਸ ਕਰ ਦਿੱਤਾ।

ਜਿਉਂ ਹੀ ਇਸ ਘਟਨਾ ਦੀ ਸੂਚਨਾ ਸ਼ਾਸਕ ਵਰਗ ਨੂੰ ਮਿਲੀ, ਉਹਨਾਂ 'ਚ ਗੁੱਸੇ ਦੀ ਜਵਾਲਾ ਭੜਕ ਉੱਠੀ। ਦੀਵਾਨ ਲਖਪਤ ਰਾਏ ਦਾ ਕ੍ਰੋਧ ਸਬਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ। ਉਹ ਕਹਿਣ ਲੱਗਾ ਕਿ ਸਿੱਖਾਂ ਨੇ ਮੇਰੇ ਛੋਟੇ ਭਰਾ ਦੀ ਹੱਤਿਆ ਕੀਤੀ ਹੈ, ਮੈਂ ਇਹਨਾਂ ਸਿੱਖਾਂ ਦਾ ਸਰਵਨਾਸ਼ ਕਰਕੇ ਦਮ ਲਵਾਂਗਾ। ਉਹ ਛੇਤੀ ਨਾਲ ਯਹੀਆ ਖਾਨ ਦੀ ਸ਼ਰਨ 'ਚ ਪਹੁੰਚਿਆ ਤੇ ਉਸ ਨੇ ਆਪਣੀ ਪਗੜੀ ਉਤਾਰ ਕੇ ਉਸ ਦੇ ਚਰਨਾਂ 'ਚ ਰੱਖ ਦਿੱਤੀ ਤੇ ਇਹ ਕਿਹਾ ਕਿ ਮੈਨੂੰ ਸਿੱਖਾਂ ਦਾ ਸਰਵਨਾਸ਼ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇ। ਯਹੀਆ ਖਾਨ ਨੂੰ ਤਾਂ ਜਿਵੇਂ ਬਿਨ ਮੰਗੇ ਮੁਰਾਦ ਮਿਲ ਗਈ ਹੋਵੇ ਤੇ ਉਸ ਨੇ ਲਖਪਤ ਰਾਏ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ। ਇਸ ਸਮੇਂ ਯਹੀਆ ਖਾਨ ਨੇ ਸਿੱਖਾਂ ਦੇ ਖ਼ਾਤਮੇ ਲਈ ਇਕ ਵਿਸ਼ਾਲ ਯੋਜਨਾ ਤਿਆਰ ਕੀਤੀ ਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਖਪਤ ਰਾਏ ਨੂੰ ਇਸ ਯੋਜਨਾ ਦੀ ਅਗਵਾਈ ਸੌਂਪ ਦਿੱਤੀ।



ਲਖਪਤ ਰਾਏ ਨੇ ਇਕੱਲੇ-ਇਕੱਲੇ ਸਿੱਖ ਦੇ ਸਿਰ ਲਈ ਇਨਾਮ ਨਿਸ਼ਚਿਤ ਕਰ ਦਿੱਤਾ।

ਦੀਵਾਨ ਲਖਪਤ ਰਾਏ ਨੇ ਸੰਨ 1745 ਈਸਵੀ ਦੇ ਮਾਰਚ ਮਹੀਨੇ ਦੇ ਪਹਿਲੇ ਹਫਤੇ ਸਭ ਤੋਂ ਪਹਿਲਾਂ ਲਾਹੌਰ ਸ਼ਹਿਰ ਦੇ ਸਿੱਖ ਦੁਕਾਨਦਾਰਾਂ ਤੇ ਸਰਕਾਰੀ ਕਰਮਚਾਰੀਆਂ ਨੂੰ ਪਕੜ ਕੇ ਜਲਾਦਾਂ ਦੇ ਹਵਾਲੇ ਕਰ ਦਿੱਤਾ। ਬਹੁਤ ਸਾਰੇ ਸਥਾਨਕ ਹਿੰਦੂ, ਸਿੱਖਾਂ ਪ੍ਰਤੀ ਹਮਦਰਦੀ ਰੱਖਦੇ ਸਨ। ਇਹਨਾਂ 'ਚ ਦੋ ਦਾ ਨਾਮ ਖਾਸ ਕਰਕੇ ਇਸ ਤਰ੍ਹਾਂ ਹੈ- ਦੀਵਾਨ ਕੌਲਾ ਮੱਲ ਤੇ ਦੀਵਾਨ ਲੱਛਮੀ ਦਾਸ। ਇਹ ਦੋਵੇਂ ਸਿੱਖਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਸੱਜਣ, ਲਖਪਤ ਰਾਏ ਦੇ ਗੁਰੂ, ਸੰਤ ਜਗਤ ਭਗਤ ਨੂੰ ਆਪਣੇ ਨਾਲ ਲੈ ਕੇ ਲਖਪਤ ਰਾਏ ਨੂੰ ਇਹ ਬੇਨਤੀ ਕੀਤੀ ਕਿ ਨਿਰਦੋਸ਼ ਸਿੱਖਾਂ 'ਤੇ ਅੱਤਿਆਚਾਰ ਨਾਂ ਕੀਤੇ ਜਾਣ ਪਰ ਉਹਨਾਂ ਦੀ ਬੇਨਤੀ ਦਾ ਲਖਪਤ ਰਾਏ 'ਤੇ ਕੋਈ ਅਸਰ ਨਾ ਹੋਇਆ। ਉਸ ਨੇ ਵਿਸ਼ਵਾਸ ਦੇਣ ਦੀ ਥਾਂ ਬੜੇ ਕਠੋਰ ਸ਼ਬਦਾਂ 'ਚ ਉਤਰ ਦਿੱਤਾ ਕਿ ਆਪ ਲੋਕ ਕੀ ਚੀਜ਼ ਹੋ ਅਗਰ ਤੁਹਾਡੀ ਜਗ੍ਹਾ ਖੁਦ ਭਗਵਾਨ ਵੀ ਚੱਲ ਕੇ ਆ ਜਾਵੇ ਤਾਂ ਵੀ ਮੈਂ ਸਿੱਖਾਂ ਨੂੰ ਨਹੀਂ ਛੱਡਾਂਗਾ।

ਗੁਰੂ ਹੋਣ ਦੇ ਨਾਤੇ ਸੰਤ ਜਗਤ ਭਗਵਾਨ ਨੇ ਭੀ ਲਖਪਤ ਰਾਏ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਦੇ ਸਾਰੇ ਯਤਨ ਨਿਰਾਰਥਕ ਸਾਬਤ ਹੋਏ। ਜਦੋਂ ਸੋਮਵਾਰ ਦੇ ਦਿਨ ਇਹ ਖੂਨ-ਖਰਾਬਾ ਨਾ ਕਰਨ ਦਾ ਸਾਰਾ ਦਬਾਅ ਪਾਇਆ ਗਿਆ ਤਾਂ ਵੀ ਇਸ ਪਾਪੀ ਅੱਤਿਆਚਾਰੀ ਇਨਸਾਨ 'ਤੇ ਕੋਈ ਅਸਰ ਨਾ ਹੋਇਆ, ਸਗੋਂ ਆਪਣੇ ਗੁਰੂ ਲਈ ਨਿਰਾਦਰ ਭਰੇ ਸ਼ਬਦਾਂ 'ਚ ਕਿਹਾ- 'ਕਿ ਤੁਹਾਨੂੰ ਇਹਨਾਂ ਗੱਲਾਂ ਬਾਰੇ ਕੁਝ ਪਤਾ ਨਹੀਂ ਹੈ। ਤੁਹਾਨੂੰ ਇਸ 'ਤੇ ਦਖ਼ਲ-ਅੰਦਾਜ਼ੀ ਨਾ ਕਰਕੇ ਆਪਣੇ ਡੇਰੇ 'ਚ ਰਹਿਣਾ ਚਾਹੀਦਾ ਹੈ।'

ਨਿਰਾਸ਼ ਹੋਏ ਗੋਸਾਂਈ ਜੀ ਦੇ ਮੂੰਹ 'ਚੋਂ ਗੁੱਸੇ ਨਾਲ ਇਹ ਸ਼ਬਦ ਨਿਕਲੇ- ਜਿਹਨਾਂ ਦੇ ਸਹਾਰੇ ਤੁਸੀਂ ਇੰਨੇ ਅਭਿਮਾਨੀ ਬਣੇ ਬੈਠੇ ਹੋ, ਇਹੀ ਲੋਕ ਤੇਰਾ ਸਰਵਨਾਸ਼ ਕਰਾਉਣਗੇ। ਤੇਰੀ ਜੜ੍ਹ ਵੀ ਨਹੀਂ ਬਚੇਗੀ ਅਤੇ 'ਸਿੱਖ ਪੰਥ' ਪ੍ਰਤੀ ਦਿਨ ਪ੍ਰਫੁੱਲਿਤ ਤੇ ਚੜ੍ਹਦੀ ਕਲਾ 'ਚ ਹੋਵੇਗਾ।

'ਛੋਟਾ ਘੱਲੂਘਾਰਾ' (ਦੁਖਾਂਤ) ਜੂਨ 1746 ਈਸਵੀ ਨੂੰ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਨੇ ਉਸਦੇ ਗ੍ਰਹਿ ਮੰਤਰੀ ਲਖਪਤ ਰਾਏ ਦੇ ਉਕਸਾਉਣ 'ਤੇ ਸਿੱਖਾਂ ਨੂੰ ਮੂਲੋਂ ਖਤਮ ਕਰਨ ਦੀ ਕਸਮ ਲੈ ਲਈ ਸੀ। ਇਸੇ ਤਰ੍ਹਾਂ ਉਸ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ 'ਚ ਬਹੁਤ ਵੱਡੀ ਗਿਣਤੀ 'ਚ ਫੌਜੀ ਅਤੇ ਜਹਾਦੀ ਨੌਜਵਾਨ ਭੇਜੇ। ਰਾਵੀ ਦਰਿਆ ਦੇ ਦਲਦਲੀ ਖੇਤਰ ਕਾਹਨੂੰਵਾਲ ਵਿਚ ਡੇਰਾ ਲਾਈ ਬੈਠੇ ਸਿੱਖਾਂ 'ਤੇ ਉਸ ਨੇ ਹਮਲਾ ਕਰ ਦਿੱਤਾ। ਘੱਟ ਗਿਣਤੀ ਅਤੇ ਰਸਦ, ਗੋਲਾ ਬਾਰੂਦ ਦੀ ਥੁੜ੍ਹ ਕਾਰਨ ਸਿੱਖ ਚਾਰੋਂ ਤਰਫੋਂ ਘਿਰ ਗਏ। ਉਸ ਸਮੇਂ ਉਹਨਾਂ ਦੇ ਪਰਿਵਾਰ ਵੀ ਨਾਲ ਸਨ। ਇਸ ਕਾਰਨ ਘੱਲੂਘਾਰੇ 'ਚ ਸਿੱਖਾਂ ਦਾ ਬਹੁਤ ਭਾਰੀ ਜਾਨੀ ਨੁਕਸਾਨ ਹੋਇਆ। ਇਕ ਅਨੁਮਾਨ ਅਨੁਸਾਰ ਸ਼ਹੀਦ ਸਿੰਘਾਂ ਦੀ ਗਿਣਤੀ 10 ਹਜ਼ਾਰ ਤੱਕ ਹੋ ਸਕਦੀ ਹੈ।

ਦੀਵਾਨ ਲਖਪਤ ਰਾਏ ਦੇ ਮਨ ਨੂੰ ਸ਼ਾਂਤੀ ਤਾਂ ਹੀ ਮਿਲ ਸਕਦੀ ਸੀ ਜੇਕਰ ਉਹ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਘੋਰ ਸਜ਼ਾਵਾਂ ਦੇਣ 'ਚ ਸਫਲ ਹੋ ਜਾਏ ਤਾਂ। ਪਰ ਉਹ ਉਸ ਸਮੇਂ ਲਾਹੌਰ ਤੋਂ ਬਹੁਤ ਦੂਰ ਆਪਣੇ ਦੂਸਰੇ 10 ਹਜ਼ਾਰ ਸਾਥੀਆਂ ਨਾਲ ਕਾਹਨੂਵਾਲ ਦੀ ਝੀਲ ਦੇ ਆਲੇ-ਦੁਆਲੇ ਦਿਨ ਕੱਟ ਰਹੇ ਸਨ। ਉਹਨਾਂ ਦਿਨਾਂ 'ਚ ਨਵਾਬ ਕਪੂਰ ਸਿੰਘ, ਸਰਦਾਰ ਗੁਰਦਿਆਲ ਸਿੰਘ ਹੱਲੇਵਾਲੀਆ ਤੇ ਦੂਸਰੇ ਹੋਰ ਮਹਾਨ ਨੇਤਾ ਭੀ ਉਹਨਾਂ ਦੇ ਨਾਲ ਹੀ ਸਨ।

ਦੀਵਾਨ ਲਖਪਤ ਰਾਏ ਨੇ ਆਪਣੀ ਵਿਸ਼ਾਲ ਸੈਨਾ ਦੇ ਨਾਲ ਸਿੱਖਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਸਿੱਖਾਂ ਕੋਲ ਨਾ ਤਾਂ ਬਹੁਤੀ ਰਸਦ ਸੀ ਅਤੇ ਨਾ ਹੀ ਗੋਲਾ ਬਾਰੂਦ ਤੇ ਨਾ ਹੀ ਕੋਈ ਕਿਲ੍ਹਾ ਸੀ। ਫਿਰ ਵੀ ਉਹ ਲਖਪਤ ਰਾਏ ਦੀ ਸੈਨਾ ਨਾਲ ਮੁਕਾਬਲਾ ਕਰਨ ਲਈ ਉਤਾਵਲੇ ਸਨ ਪਰ ਫਿਰ ਵੀ ਸਿੱਖਾਂ ਨੂੰ ਆਪਣਾ ਬਹੁਤ ਜ਼ਿਆਦਾ ਨੁਕਸਾਨ ਹੋਣ ਦਾ ਖਦਸ਼ਾ ਸੀ।

ਪਹਿਲਾਂ-ਪਹਿਲ ਸਿੱਖਾਂ ਨੇ ਬੜੀ ਸਮਝਦਾਰੀ ਤੋਂ ਕੰਮ ਲਿਆ। ਉਨ੍ਹਾਂ ਨੇ ਦੁਸ਼ਮਣ ਨੂੰ ਭੁਲੇਖੇ 'ਚ ਪਾਉਣ ਲਈ ਆਪਣੇ ਲੁਕਣ ਸਥਾਨਾਂ ਨੂੰ ਛੱਡ ਕੇ ਦੌੜ ਜਾਣ ਦਾ ਨਾਟਕ ਕੀਤਾ। ਜਦ ਰਾਤ ਨੂੰ ਲਖਪਤ ਰਾਏ ਦੀ ਸੈਨਾ ਅਸਾਵਧਾਨ ਹੋ ਗਈ ਤਾਂ ਸਿੱਖਾਂ ਨੇ ਵਾਪਸ ਆ ਕੇ ਇਕ ਛਾਪਾ ਮਾਰਿਆ ਤੇ ਦੁਸ਼ਮਣ ਦੀ ਛਾਉਣੀ 'ਚੋਂ ਬਹੁਤ ਸਾਰੇ ਘੋੜੇ ਅਤੇ ਖਾਣਾ-ਦਾਣਾ ਲੁੱਟ ਕੇ ਵਾਪਸ ਆਪਣੇ ਟਿਕਾਣਿਆਂ 'ਤੇ ਪਹੁੰਚ ਗਏ। ਇਸ ਤਰ੍ਹਾਂ ਦਾ ਹਮਲਾ ਦੇਖ ਕੇ ਲਖਪਤ ਰਾਏ ਬਹੁਤ ਗੁੱਸੇ 'ਚ ਆ ਗਿਆ। ਉਸ ਨੇ ਸਿੱਖਾਂ ਦੇ ਟਿਕਾਣਿਆਂ ਨੂੰ ਅੱਗ ਲਗਵਾ ਦਿੱਤੀ ਤੇ ਦੌੜਦੇ ਹੋਏ ਸਿੱਖਾਂ ਨੂੰ ਮਾਰਨ ਲਈ ਉਹਨਾਂ 'ਤੇ ਤੋਪਾਂ ਦੀ ਗੋਲੀਬਾਰੀ ਤੇਜ ਕਰ ਦਿੱਤੀ।

ਰਾਵੀ ਨਦੀ ਦੇ ਪਾਣੀ ਦਾ ਵਹਾਅ ਹੌਲੀ ਦੇਖ ਕੇ ਤੇ ਇਕ ਜਗ੍ਹਾ ਤੋਂ ਪਾਣੀ ਦੀ ਗਹਿਰਾਈ ਘੱਟ ਦੇਖ ਕੇ ਬਚੇ-ਖੁਚੇ ਸਿੱਖਾਂ ਨੇ ਨਦੀ ਪਾਰ ਕਰ ਲਈ। ਇਹ ਵੀ ਸਿਰਫ ਇਸ ਲਈ ਕਿ ਰਾਵੀ ਪਾਰ ਕਰਕੇ ਪਹਾੜਾਂ 'ਚ ਚਲੇ ਜਾਣ 'ਤੇ ਬਲਾ ਟਲ ਜਾਏਗੀ ਪ੍ਰੰਤੂ ਸਥਾਨਕ ਬਸੋਹਲੀ, ਯਸੇਲ ਤੇ ਕਠੂਆ ਦੇ ਲੋਕਾਂ ਨੇ ਉਹਨਾਂ ਨੂੰ ਰਸਤੇ 'ਚ ਹੀ ਰੋਕ ਲਿਆ ਤੇ ਉਹਨਾਂ ਨਾਲ ਯੁੱਧ ਕਰਨ ਲਈ ਤਿਆਰ ਹੋ ਗਏ। ਇਸ ਤਰ੍ਹਾਂ ਸਿੱਖਾਂ ਨਾਲ 'ਅਸਮਾਨ ਤੋਂ ਡਿੱਗੇ ਤੇ ਖਜੂਰ 'ਤੇ ਅਟਕੇ' ਵਾਲੀ ਕਹਾਵਤ ਹੋਈ। ਉਹ ਜਿੱਧਰ ਵੀ ਜਾਂਦੇ ਉਧਰ ਦੁਸ਼ਮਣ ਲੜਾਈ ਲਈ ਤਿਆਰ ਦਿਖਾਈ ਦਿੰਦੇ। ਉਹ ਬਹੁਤ ਬੁਰੀ ਤਰ੍ਹਾਂ ਫਸ ਗਏ ਸਨ, ਉਹ ਨਾ ਅੱਗੇ ਵੱਧ ਸਕਦੇ ਸਨ ਨਾ ਪਿੱਛੇ ਹੀ ਮੁੜ ਸਕਦੇ ਸਨ। ਖੈਰ ਇਸ ਤਰ੍ਹਾਂ ਦੇ ਹਾਲਾਤ 'ਚ ਖਾਲਸੇ ਨੇ ਬਹੁਤ ਸੋਚ ਵਿਚਾਰ ਤੋਂ ਉਪਰੰਤ ਇਹ ਫੈਸਲਾ ਲਿਆ ਕਿ ਥੋੜ੍ਹੇ-ਥੋੜ੍ਹੇ, ਦੋ-ਦੋ, ਚਾਰ-ਚਾਰ ਦੀ ਗਿਣਤੀ 'ਚ ਗਿਆੜਸੀ ਤੇ ਹੋਰ ਦੂਸਰੇ ਇਲਾਕਿਆਂ 'ਚ ਬਿਖਰ ਜਾਓ ਤੇ ਫਿਰ ਕਦੀ ਇਕੱਠੇ ਹੋ ਕੇ ਲਖਪਤ ਰਾਏ ਨਾਲ ਦੋ-ਦੋ ਹੱਥ ਕਰ ਲਵਾਂਗੇ।

ਤਤਕਾਲ ਜੱਥੇਦਾਰਾਂ ਦਾ ਕਹਿਣਾ ਸੀ ਕਿ ਯੁੱਧ ਕਲਾ ਦੇ ਦੋ ਰੂਪ ਹੁੰਦੇ ਹਨ। ਪਹਿਲਾ ਹੈ ਆਪਣੀ ਹਾਰ ਮੰਨ ਕੇ ਘੁਟਨੇ ਟੇਕ ਦੇਣਾ, ਦੂਸਰਾ ਦੁਬਾਰਾ ਹਮਲਾ ਕਰਨ ਦੀ ਇੱਛਾ ਨਾਲ ਦੁਸ਼ਮਣ ਦੀਆਂ ਅੱਖਾਂ ਤੋਂ ਦੂਰ ਛੁਪ ਜਾਣਾ ਤੇ ਸਹੀ ਸਮਾਂ ਆਉਣ 'ਤੇ ਮੁੜ ਉਸ ਦੇ ਸਾਹਮਣੇ ਛਾਤੀ ਠੋਕ ਕੇ ਜੂਝ ਮਰਨਾ। ਇਸ ਸਮੇਂ ਹਾਰ ਮੰਨ ਲੈਣਾ ਤੇ ਆਤਮ ਸਮਰਪਣ ਕਰਨ ਵਾਲੀ ਗੱਲ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ, ਕਿਉਂਕਿ ਖਾਲਸਾ ਗੁਰੂ ਤੋਂ ਇਲਾਵਾ ਕਿਸੇ ਦੂਸਰੇ ਸਾਹਮਣੇ ਘੁਟਨੇ ਨਹੀਂ ਟੇਕ ਸਕਦਾ। ਇਸ ਲਈ ਰਣਨੀਤੀ ਦੇ ਦੂਸਰੇ ਰੂਪ ਦਾ ਸਹਾਰਾ ਲੈਣਾ ਹੀ ਸਮੇਂ ਦੇ ਅਨੁਕੂਲ ਸੀ।

ਖੁਰਦ ਇਲਾਕੇ 'ਚ ਪਹੁੰਚ ਕੇ ਸਿੱਖ ਫਿਰ ਸੰਗਠਿਤ ਹੋ ਗਏ ਤੇ ਫਿਰ ਉਹਨਾਂ ਨੇ ਪਿੱਛੇ ਮੁੜ ਕੇ ਲਖਪਤ ਰਾਏ ਦੀ ਫੌਜ 'ਤੇ ਦੁਬਾਰਾ ਹਮਲਾ ਕਰ ਦਿੱਤਾ। ਉਹਨਾਂ ਨੇ ਹਮਲਾ ਕਰਨ ਸਮੇਂ ਲਖਪਤ ਰਾਏ ਦੀ ਤਲਾਸ਼ ਕੀਤੀ ਪਰ ਉਹ ਬਹੁਤ ਪਿੱਛੇ ਹੋਣ ਕਰਕੇ ਸਿੱਖਾਂ ਦੇ ਹੱਥ ਨਾ ਆਇਆ। ਲਖਪਤ ਰਾਏ ਦੀ ਸੈਨਾ ਨੂੰ ਖਦੇੜਦੇ ਹੋਏ ਸਿੱਖ ਵਾਪਸ ਰਾਵੀ ਨਦੀ ਪਾਰ ਕਰਨ ਲਈ ਨਦੀ ਦੇ ਤੱਟ 'ਤੇ ਪਹੁੰਚਣ 'ਚ ਸਫਲ ਹੋ ਗਏ, ਪ੍ਰੰਤੂ ਇਸ ਜਗ੍ਹਾ 'ਤੇ ਨਦੀ ਦੇ ਪਾਣੀ ਦੀ ਗਤੀ ਬਹੁਤ ਤੇਜ਼ ਸੀ ਤੇ ਇਸ ਨੂੰ ਪਾਰ ਕਰਨ ਦਾ ਕਿਸੇ 'ਚ ਵੀ ਹੌਸਲਾ ਨਹੀਂ ਹੋ ਰਿਹਾ ਸੀ। ਡੱਲੇਵਾਲੀਆ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਨੇ ਹੌਸਲਾ ਕਰਕੇ ਆਪਣੇ ਘੋੜੇ ਪਾਣੀ 'ਚ ਵਾੜ ਦਿੱਤੇ ਪਰ ਠਾਠਾਂ ਮਾਰਦੇ ਨਦੀ ਦੇ ਪਾਣੀ 'ਚ ਕਿਸੇ ਦੀ ਪੇਸ਼ ਨਾ ਚੱਲੀ, ਘੋੜ ਸਵਾਰ ਤੇ ਘੋੜੇ ਦੇਖਦੇ ਹੀ ਦੇਖਦੇ ਪਾਣੀ 'ਚ ਰੁੜ੍ਹ ਗਏ।

ਇਸ ਤਰ੍ਹਾਂ ਦਾ ਕਰੁਣਾਮਈ ਦ੍ਰਿਸ਼ ਦੇਖ ਕੇ ਸਿੱਖ ਨੇਤਾ ਕਦੀ ਵੀ ਫਿਕਰਮੰਦ ਨਹੀਂ ਹੋਏ। ਇਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਤੇ ਦੂਸਰੇ ਕੁਝ ਸਰਦਾਰਾਂ ਨੇ ਕਿਹਾ, ਇੱਥੇ ਡੁੱਬ ਕੇ ਮਰਨ ਦੀ ਥਾਂ ਦੁਸ਼ਮਣ ਨਾਲ ਜੂਝ ਕੇ ਮਰਨਾ ਕਿਤੇ ਚੰਗਾ ਹੈ। ਇਸ ਲਈ ਸਰਦਾਰ ਸੁੱਖਾ ਸਿੰਘ ਦੀ ਅਗਵਾਈ 'ਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੋਲ ਕੇ ਤੇ ਆਖਰੀ ਦਾਅ ਮੰਨ ਕੇ ਸਿੱਖਾਂ ਨੇ ਦੁਸ਼ਮਣ ਦੀ ਸੈਨਾ 'ਤੇ ਧਾਵਾ ਬੋਲ ਦਿੱਤਾ। ਬਹੁਤ ਹੀ ਘਮਾਸਾਨ ਯੁੱਧ ਹੋਇਆ। ਇਸ 'ਚ ਜਸਪਤ ਰਾਏ ਦਾ ਪੁੱਤਰ ਹਰਭਜਨ ਰਾਏ, ਯਹੀਆ ਖਾਨ ਦਾ ਬੇਟਾ ਨਾਹਰ ਖਾਨ, ਫੌਜਦਾਰ ਸੈਫ ਅਲੀ, ਕਰਮ ਬਖਸ਼, ਰਸੂਲਨ ਸਹਿਸੀਆ ਤੇ ਅਗਰ ਖਾਨ ਆਦਿ ਬਹੁਤ ਸਾਰੇ ਪ੍ਰਮੁੱਖ ਲੋਕ ਮਾਰੇ ਗਏ। ਇਸ 'ਚ ਸਿੱਖਾਂ ਦਾ ਵੀ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ। ਸਰਦਾਰ ਸੁੱਖਾ ਸਿੰਘ ਦੀ ਲੱਤ 'ਤੇ ਇਕ ਦੇਸੀ ਤੋਪ ਦਾ ਗੋਲਾ ਲੱਗਾ ਤੇ ਉਸ ਨਾਲ ਉਸ ਦੀ ਹੱਡੀ ਟੁੱਟ ਗਈ। ਉਹ ਫਿਰ ਉਸ ਨੂੰ ਬੰਨ੍ਹ ਕੇ ਦੁਬਾਰਾ ਆਪਣੇ ਦਲ 'ਚ ਆ ਮਿਲਿਆ। ਇਸ ਬੜੇ ਨਾਜ਼ੁਕ ਸਮੇਂ 'ਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦੂਸਰੇ ਸਰਦਾਰਾਂ ਦੀ ਸਹਾਇਤਾ ਨਾਲ ਬੜਾ ਜ਼ਬਰਦਸਤ ਹਮਲਾ ਕਰ ਦਿੱਤਾ। ਇਸ ਹਮਲੇ ਨਾਲ ਦੁਸ਼ਮਣ ਦੀ ਕੀਤੀ ਗਈ ਨਾਕੇਬੰਦੀ ਤਬਾਹ ਹੋ ਗਈ। ਇਸ ਸਥਿਤੀ ਦਾ ਫਾਇਦਾ ਉਠਾਉਂਦੇ ਹੋਏ ਸਿੱਖ ਜਵਾਨ ਬਹੁਤ ਸੰਘਣੀ ਝਾੜੀਆਂ 'ਚ ਚਲੇ ਗਏ। ਇਸ ਉਪਰੰਤ ਰਾਤ ਹੋ ਗਈ। ਸਿੱਖ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਜਦੋਂ ਇਕ ਹੀ ਦਿਨ 'ਚ ਸਿੱਖਾਂ ਨੂੰ ਆਪਣੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਨੂੰ ਝੱਲਣਾ ਪਿਆ। ਨਤੀਜੇ ਵਜੋਂ ਇਸ ਦਿਨ ਨੂੰ 'ਘੱਲੂਘਾਰੇ' (ਬਹੁਤ ਤਬਾਹੀ) ਦਾ ਦਿਨ ਕਿਹਾ ਜਾਂਦਾ ਹੈ। ਇਹ ਪਹਿਲਾ ਤੇ ਛੋਟਾ 'ਘੱਲੂਘਾਰਾ' ਸੀ। ਦੂਸਰਾ ਤੇ ਵੱਡਾ 'ਘੱਲੂਘਾਰਾ' 5 ਫਰਵਰੀ 1762 ਈਸਵੀ ਨੂੰ ਅਹਿਮਦਸ਼ਾਹ ਅਬਦਾਲੀ (ਦੁਰਾਨੀ) ਦੇ ਨਾਲ ਰਣਖੇਤਰ 'ਚ ਹੋਇਆ ਸੀ। ਰਾਤ ਦਾ ਹਨੇਰਾ ਹੋਣ ਕਾਰਨ ਯੁੱਧ ਖਤਮ ਹੋ ਗਿਆ। ਲਖਪਤ ਰਾਏ ਦੀ ਫੌਜ ਨੇ ਸਮਝ ਲਿਆ ਕਿ ਸਿੱਖ ਬੁਰੀ ਤਰ੍ਹਾਂ ਹਾਰ ਕੇ ਦੌੜ ਗਏ ਹਨ। ਅਖੀਰ ਉਸ ਦੀ ਸੈਨਾ ਬੇਫਿਕਰ ਹੋ ਕੇ ਆਪਣੇ-ਆਪਣੇ ਸ਼ਿਵਰਾਂ 'ਚ ਆਰਾਮ ਕਰਨ ਲਈ ਚਲੇ ਗਈ। ਦੂਸਰੇ ਪਾਸੇ ਸਿੱਖ ਝਾੜੀਆਂ 'ਚੋਂ ਬਾਹਰ ਨਿਕਲ ਕੇ 'ਖਾਲਸਾ ਦਲ' ਦੁਬਾਰਾ ਇਕੱਠਾ ਹੋ ਗਿਆ। ਉਹਨਾਂ ਦੇ ਨੇਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਸਿੱਖਾਂ ਦਾ ਮਨੋਬਲ ਹੋਰ ਤਕੜਾ ਬਣਾਉਣ ਲਈ ਕਿਹਾ- ਖਾਲਸਾ ਜੀ! ਦੁਸ਼ਮਣ ਦਾ ਨੁਕਸਾਨ ਕਰਨ ਲਈ ਹੁਣ ਇਹੀ ਮੌਕਾ ਵਧੀਆ ਹੈ, ਸਾਨੂੰ ਦੌੜਦਿਆਂ ਨੂੰ ਦੇਖ ਕੇ ਦੁਸ਼ਮਣ ਨਿਡਰ ਹੋ ਕੇ ਸੌਂ ਗਿਆ ਹੈ। ਇਸ ਸਮੇਂ ਉਹਨਾਂ ਨੂੰ ਨੀਂਦ ਨੇ ਦਬਾਇਆ ਹੋਇਆ ਹੈ, ਇਸ ਲਈ ਹਮਲਾ ਕਰਕੇ ਉਹਨਾਂ ਤੋਂ ਕੁਝ ਘੋੜੇ ਤੇ ਅਸਤਰ-ਸ਼ਸਤਰ ਆਸਾਨੀ ਨਾਲ ਪ੍ਰਾਪਤ ਕੀਤੇ ਜਾ ਸਕਦੇ ਹਨ। ਸਾਰੇ ਸਿੱਖ ਸਰਦਾਰਾਂ ਨੇ ਇਸ ਸੁਝਾਅ 'ਤੇ ਪੂਰੀ ਤਰ੍ਹਾਂ ਅਮਲ ਕਰਨ ਦਾ ਆਪਣਾ ਮਨ ਬਣਾ ਲਿਆ ਤੇ ਦੁਸ਼ਮਣ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ। ਸਿੱਖ ਨੌਜਵਾਨਾਂ ਨੇ ਦੇਖਦੇ ਹੀ ਦੇਖਦੇ ਸੁੱਤੇ ਪਏ ਅਣਗਿਣਤ ਦੁਸ਼ਮਣਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤੇ ਦੁਸ਼ਮਣ ਦੁਆਰਾ ਮਿਸ਼ਾਲਾਂ ਜਲਾਉਣ ਤੇ ਚੁਸਤ-ਦਰੁਸਤ ਹੋਣ ਤੋਂ ਪਹਿਲਾਂ ਹੀ ਬਹੁਤ ਸਾਰੇ ਘੋੜੇ ਤੇ ਹਥਿਆਰ ਖੋਹ ਕੇ ਫਿਰ ਕੰਡੇਦਾਰ ਝਾੜੀਆਂ 'ਚ ਚਲੇ ਗਏ। ਸ਼ਾਮ ਤੱਕ ਲਖਪਤ ਰਾਏ ਆਪਣੀ ਵਿਸ਼ੇਸ਼ ਸੈਨਾ ਲੈ ਕੇ ਉਹਨਾਂ ਦੀ ਮਦਦ ਲਈ ਪਹੁੰਚ ਗਿਆ। ਉਸਦੇ ਨਾਲ ਉਸ ਇਲਾਕੇ ਦੇ ਅਣਗਿਣਤ ਲੋਕ ਵੀ ਸਨ ਤੇ ਉਹ ਲਖਪਤ ਰਾਏ ਦੀ ਸੈਨਾ ਦੇ ਅੱਗੇ-ਅੱਗੇ ਢੋਲ ਤੇ ਨਗਾਰੇ ਵਜਾ ਰਹੇ ਸਨ।

ਢੋਲ ਨਗਾਰਿਆਂ ਦੇ ਵਜਾਉਣ ਵਾਲਿਆਂ ਦੇ ਪਿੱਛੇ ਸਨ ਪਿੰਡਾਂ 'ਚ ਬਣੇ ਤੋੜੇ (ਪਲੀਤੇ), ਬੇਲ, ਨੇਜੇ, ਕੁਲਹਾੜੀਆਂ ਤੇ ਗੰਡਾਸੀਆਂ ਨਾਲ ਲੈਸ ਸੈਨਿਕ। ਇਹ ਲੋਕ ਝਾੜੀਆਂ ਇਸ ਤਰ੍ਹਾਂ ਫਰੋਲ ਰਹੇ ਸਨ ਜਿਵੇਂ: ਸ਼ਿਕਾਰੀ ਕੁੱਤੇ ਝਾੜੀਆਂ 'ਚ ਛਿਪੇ ਹੋਏ ਹਿਰਨਾਂ ਨੂੰ ਲੱਭ ਰਹੇ ਹੋਣ। ਇਹ ਸਮਾਂ ਸਿੱਖਾਂ ਲਈ ਜੰਗਲ 'ਚੋਂ ਬਾਹਰ ਆਉਣਾ ਬੜਾ ਜੋਖਿਮ ਭਰਿਆ ਸੀ। ਪ੍ਰੰਤੂ ਫਿਰ ਵੀ ਸਿੱਖ ਸੂਰਮਿਆਂ ਨੇ ਵਾਹਿਗੁਰੂ 'ਤੇ ਭਰੋਸਾ ਕਰਕੇ ਇਕ ਵਾਰ ਫਿਰ ਹਮਲਾ ਕੀਤਾ। ਇਸ ਜ਼ੋਰਦਾਰ ਹਮਲੇ 'ਚ ਉਥੋਂ ਦੇ ਸਥਾਨਕ ਲੋਕ ਦੌੜ ਗਏ। ਸਿਰ ਧੜ ਦੀ ਬਾਜੀ ਲਾਉਣ ਵਾਲੇ ਸਿੱਖ ਸੂਰਬੀਰਾਂ ਦੇ ਸਾਹਮਣੇ ਮੇਲਾ ਦੇਖਣ ਆਈ ਭੀੜ ਕਿਵੇਂ ਟਿਕ ਸਕਦੀ ਸੀ, ਸਿੱਖਾਂ ਦੇ ਦੁਸ਼ਮਣ ਬਣ ਕੇ ਆਏ ਤਮਾਸ਼ਬੀਨ ਲੋਕਾਂ ਦੀ ਭੀੜ ਨੇ ਦੌੜਦੇ ਹੋਏ ਪਿੱਛੇ ਮੁੜ ਕੇ ਵੀ ਨਾ ਦੇਖਿਆ। ਸਿੱਖਾਂ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾ ਕੇ ਮਿਆਨ 'ਚੋਂ ਆਪਣੀਆਂ ਤਲਵਾਰਾਂ ਖਿੱਚੀਆਂ ਹੀ ਸਨ ਕਿ ਲਖਪਤ ਰਾਏ ਦੀ ਸੈਨਾ 'ਚ ਭਗਦੜ ਮੱਚ ਗਈ ਤੇ ਉਸ ਦੇ ਸੈਨਿਕ ਆਪਣੀਆਂ ਜਾਨਾਂ ਬਚਾਉਣ ਲਈ ਝਾੜੀਆਂ 'ਚ ਸਿਰ ਛੁਪਾਉਣ ਲਈ ਜਗ੍ਹਾ ਲੱਭਣ ਲੱਗ ਪਏ। (ਬਾਕੀ ਸਫਾ 25 'ਤੇ)

# ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ

ਆਪਣੇ ਸਾਹਿਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਰੰਤਰ ਕੋਸ਼ਿਸ਼ਾਂ ਕਰ ਰਹੀ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਮਈ ਮਹੀਨੇ 'ਰੰਧਾਵਾ ਫਾਊਡੇਸ਼ਨ, ਕੈਂਟ ਸਿਆਟਲ' ਵਿਖੇ ਇਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ 'ਬ੍ਰਿਹਾ ਤੂ ਸੁਲਤਾਨ' ਦੇ ਨਾਂ ਨਾਲ ਜਾਣੇ ਜਾਂਦੇ ਸੰਸਾਰ-ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਜੀ ਦੀ 52ਵੀਂ ਬਰਸੀ 'ਤੇ ਉਹਨਾਂ ਨੂੰ ਯਾਦ ਕੀਤਾ ਗਿਆ। ਸਨਮਾਨ ਸਮਾਰੋਹ ਅਤੇ ਸੰਗੀਤਕ ਕਵੀ ਦਰਬਾਰ ਅੱਜ ਦੇ ਸਮਾਗਮ ਦੇ ਮੁੱਖ ਖਿੱਚ-ਕੇਂਦਰ ਸਨ। ਕਈ ਦਹਾਕਿਆਂ ਤੋਂ ਅਮਰੀਕਾ ਵਿੱਚ ਵੱਸ ਰਹੇ ਵਿਦਵਾਨ ਬਹੁ-ਭਾਸ਼ੀ ਸਾਹਿਤਕਾਰ, ਸਿੱਖਿਆ ਸ਼ਾਸ਼ਤਰੀ ਅਤੇ ਕਈ ਸੰਸਥਾਵਾਂ ਦੀ ਸਥਾਪਨਾ ਕਰਕੇ ਲੋੜਵੰਦਾਂ ਨੂੰ ਸੇਵਾਵਾਂ ਦੇ ਰਹੇ, ਸਭਾ ਦੇ ਸਤਿਕਾਰਿਤ ਸੀਨੀਅਰ ਮੈਂਬਰ ਡਾ. ਪ੍ਰੇਮ ਕੁਮਾਰ ਜੀ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ।

ਆਏ ਹੋਏ ਸਰੋਤੇ ਮਹਿਮਾਨਾਂ ਨਾਲ ਖਚਾ-ਖਚ ਭਰੇ ਹਾਲ ਨੂੰ ਸੰਬੋਧਿਤ ਹੁੰਦਿਆਂ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਪਰਿਵਾਰਾਂ ਸਮੇਤ ਆਏ ਸੱਜਣਾਂ ਦੇ ਆਗਮਨ 'ਤੇ ਉਹਨਾਂ ਦਾ ਅਦਬੀ-ਸਤਿਕਾਰ, ਗੀਤਾਂ ਵਰਗੇ ਸ਼ਬਦਾਂ ਨਾਲ ਕੀਤਾ। ਅੱਜ ਦੇ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕਰਦਿਆਂ ਉਹਨਾਂ ਨੇ ਸ਼ਿਵ ਵੱਲੋਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਈਆਂ ਕਿਤਾਬਾਂ:- ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਲੂਣਾ ਆਦਿ ਦੀ ਜਾਣਕਾਰੀ ਸਾਂਝੀ ਕੀਤੀ।ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਅੱਜ ਦੀ ਸਨਮਾਨਿਤ ਸ਼ਖਸ਼ੀਅਤ ਡਾ। ਪ੍ਰੇਮ ਕੁਮਾਰ ਜੀ ਦੀ ਜਾਣ ਪਹਿਚਾਣ ਕਰਵਾਈ ਅਤੇ ਸ਼ਿਵ ਦੀ ਲੂਣਾ ਦਾ ਜ਼ਿਕਰ ਕਰਦਿਆਂ ਬਲਿਹਾਰ ਲੇਹਲ ਨੇ ਅੱਜ ਦੀਆਂ ਉਹਨਾਂ 'ਲੂਣਾ' ਬਾਰੇ ਕੁਝ ਸੋਚਣ ਲਈ ਸਮਾਜ ਨੂੰ ਪ੍ਰੇਰਿਆ ਜੋ ਸਮਾਜ ਦੇ ਧੱਕਿਆਂ ਦੀਆਂ ਸ਼ਿਕਾਰ ਹੋ ਕੇ ਅੱਲੜੀ-ਉਮਰੇ ਕੈਨੇਡਾ ਦੀ ਫ੍ਰੇਜਰ ਨਦੀ ਦੇ ਪੁੱਲ ਤੋਂ ਛਾਲ ਮਾਰ ਕੇ ਆਪਣੀਆਂ ਜੀਵਨ-ਲੀਲਾਵਾਂ ਸਮਾਪਤ ਕਰ ਚੁੱਕੀਆਂ ਹਨ ਜਾਂ ਕਰ ਰਹੀਆਂ ਹਨ।





'ਲੂਣਾ' ਵਰਗੇ ਮਹਾਂਕਾਵਿ ਨਾਲ ਔਰਤਾਂ ਦੀ ਪ੍ਰਚੱਲਤ ਦਸ਼ਾ-ਦਿਸ਼ਾ ਨੂੰ ਨਵੇਂ ਅਰਥ ਪ੍ਰਦਾਨ ਕਰਨ ਵਾਲੇ ਬ੍ਰਿਹੋਂ-ਸਮਰਾਟ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਜ਼ਿੰਦਗੀ ਦੇ ਕਈ ਪੱਖਾਂ ਤੇ ਚਾਨਣਾ ਪਾਉਦਿਆਂ, ਉਹਨਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਡਾ. ਪ੍ਰੇਮ ਕੁਮਾਰ, ਨੇ ਉਹਨਾਂ ਦੀਆਂ ਰਚਨਾਵਾਂ ਅਤੇ ਉਹਨਾਂ ਦੀ ਜ਼ਿੰਦਗੀ ਦੀਆਂ ਦੀਆਂ ਕਈ ਖਾਸ ਘਟਨਾਵਾਂ, ਜੋ ਉਹਨਾਂ ਦੇ ਸੁਭਾਅ,ਰਹਿਣ ਸਹਿਣ ਦੇ ਢੰਗ ਦੇ ਕਈ ਪੱਖਾਂ ਨੂੰ ਉਭਾਰਦੀਆਂ ਸਨ, ਬਾਰੇ ਸਰੋਤਿਆਂ ਨੂੰ ਜਾਣੂੰ ਕਰਵਾਇਆ। ਹੋਰ ਅਨੇਕਾਂ ਸਤਿਕਾਰਿਤ ਸ਼ਖਸ਼ੀਅਤਾਂ : ਅਵਤਾਰ ਸਿੰਘ ਆਦਮਪੁਰੀ, ਰਾਜਿੰਦਰ ਸਿੰਘ ਮਿਨਹਾਸ, ਹਰਜਿੰਦਰ ਸਿੰਘ ਸੰਧਾਵਾਲੀਆ, ਹਰਸ਼ਿੰਦਰ ਸਿੰਘ ਸੰਧੂ, ਕਿਰਨ ਸੋਹਲ, ਮਨਜੀਤ ਕੌਰ ਕੋਟਕਪੂਰਾ, ਜਗੀਰ ਸਿੰਘ, ਉਪਿੰਦਰ ਸਿੰਘ ਢੀਂਡਸਾ, ਹਰਦੇਵ ਸਿੰਘ ਜੱਜ, ਹਰਕੀਰਤ ਕੌਰ, ਜੰਗਪਾਲ ਸਿੰਘ ਆਦਿ ਨੇ ਸ਼ਿਵ ਦੀਆਂ ਲੋਕ-ਸਾਹਿਤ ਦਾ ਹਿੱਸਾ ਬਣੀਆਂ ਅਤੇ ਅਮਰ ਹੋ ਚੁੱਕੀਆਂ ਲਿਖਤਾਂ ਦੀ ਗੱਲ ਕੀਤੀ।

ਪੰਜਾਬੀ ਲਿਖਾਰੀ ਸਭਾ ਸਿਆਟਲ(ਰਜਿ.) ਲਈ ਦਹਾਕਿਆਂ ਤੋਂ ਸਮਰਪਿਤ ਦੀ ਭਾਵਨਾ ਨਾਲ ਕੰਮ ਕਰ ਰਹੇ ਅਤੇ ਆਪਣੀਆਂ ਸੇਵਾਵਾਂ ਦੇ ਕੇ ਆਉਣ ਵਾਲੀ ਪੀੜੀ ਲਈ ਤਕੜਾ ਪਲੇਟਫਾਰਮ ਮੁਹੱਈਆ ਕਰਵਾਉਣ ਵਾਲੇ ਸੱਜਣਾਂ ਦੀਆਂ ਮਿਹਨਤਾਂ ਨੂੰ ਸਿਰ ਝੁਕਾਉਣ 'ਤੇ ਸਾਡੇ ਬਣਦੇ ਫਰਜ਼ ਨੂੰ ਪੂਰਾ ਕਰਨ ਹਿੱਤ, ਮਾਂ ਬੋਲੀ ਪੰਜਾਬੀ ਦੇ ਸਰਵ ਪੱਖੀ ਵਿਕਾਸ ਲਈ ਯਤਨ ਕਰ ਰਹੇ ਸੂਝਵਾਨ, ਮਿੱਠ ਬੋਲੜੇ ਸਾਹਿਤਕਾਰ ਅਤੇ ਸਭਾ ਦੇ ਸਤਿਕਾਰਿਤ ਸੀਨੀਅਰ ਮੈਂਬਰ ਡਾ।ਪ੍ਰੇਮ ਕੁਮਾਰ ਜੀ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ। ਸਭਾ ਦੇ ਪ੍ਰੈਸ ਸਕੱਤਰ ਮੰਗਤ ਕੁਲਜਿੰਦ ਨੇ ਉਹਨਾਂ ਦੇ ਲਿਖੇ ਇਕ ਸ਼ੇਅਰ: 'ਪਹਿਲੀ ਵਾਰ ਜਦੋਂ ਉਹ ਘਰ ਤੋਂ ਬਾਹਰ ਗਿਆ, ਬੰਦ ਬੂਹੇ ਨੂੰ ਚੁੱਪ ਦਾ ਜੰਦਰਾ ਮਾਰ ਗਿਆ।' ਵਿਚਲੀ ਛੁਪੀ ਭਾਵਨਾ ਨੂੰ ਸਭਾ ਦੀ ਛਪ ਰਹੀ ਕਿਤਾਬ 'ਕਲਮੀਂ ਰਮਜ਼ਾਂ-4 ' ਦੇ ਸਮਰਪਿਤ ਸ਼ਬਦਾਂ 'ਉਹਨਾਂ ਘਰਾਂ ਨੂੰ ਜਿਨ੍ਹਾਂ ਵਿੱਚ ਵਰਤੀ ਸੁੰਨ ਦੀ ਰਾਖੀ ਜੰਗ ਖਾਦੇ ਜੰਦਰੇ ਕਰ ਰਹੇ ਹਨ ਅਤੇ ਉਹ ਵਿਦੇਸ਼ੀ ਬੈਠੇ ਆਪਣੇ ਮਾਲਕਾਂ ਦੀ ਪੈੜ ਚਾਲ ਦਾ ਆਨੰਦ ਮਾਨਣ ਲਈ ਉਡੀਕ ਦਾ ਪੱਲਾ ਫੜੀ ਬੈਠੇ ਹਨ।' ਵਿੱਚ ਮਹਿਸੂਸ ਕੀਤਾ। ਡਾ. ਪ੍ਰੇਮ ਕੁਮਾਰ ਜੀ ਦੀ ਸ਼ਖਸ਼ੀਅਤ ਨੂੰ ਉਭਾਰਦੀ ਇਕ ਕਵਿਤਾ ਉਹਨਾਂ ਨੂੰ ਸਮਰਪਿਤ ਕੀਤੀ ਗਈ।ਸਭਾ ਦੇ ਸਮੂਹ ਮੈਂਬਰਾਂ, ਅਹੁਦੇਦਾਰਾਂ ਵੱਲੋਂ ਉਹਨਾਂ ਨੂੰ ਸਨਮਾਨ-ਚਿੰਨ੍ਹ ਦੇ ਕੇ ਅਤੇ ਉਹਨਾਂ ਦੀ ਧਰਮ ਪਤਨੀ ਸਵਰਨ ਕੁਮਾਰ ਨੂੰ ਸ਼ਾਲ ਨਾਂਲ ਸਨਮਾਨਿਤ ਕੀਤਾ ਗਿਆ। ਸ਼ਹਿਰ ਦੀਆਂ ਕਈ ਹੋਰ ਬਹੁ-ਗੁਣੀ ਸ਼ਖਸ਼ੀਅਤਾਂ ਨੂੰ ਵੀ ਸਭਾ ਵੱਲੋਂ ਸਨਮਾਨਿਆ ਗਿਆ।

ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਵੱਲੋਂ ਧੀ-ਪਿਉ ਦੇ ਨਿੱਘੇ ਰਿਸ਼ਤੇ ਉਪਰ ਮੋਹਰ ਲਗਾਈ ਗਈ -ਆਪਣੇ ਇਸ ਗੀਤ ਨਾਲ: ਤੇਰੇ ਮਹਿਲਾਂ ਵਿੱਚ ਪਾਇਆ ਮੈਂ ਤੇਰਾ ਪਿਆਰ ਬਾਪ... ਸਥਾਪਿਤ ਪੰਜਾਬੀ ਗਾਇਕ ਬਲਬੀਰ ਸਿੰਘ ਲਹਿਰਾ ਨੇ ਸ਼ਿਵ ਦੇ ਗੀਤ 'ਕੀ ਪੁਛਦੇ ਹੋ ਹਾਲ ਫਕੀਰਾਂ ਦਾ...' ਨੂੰ ਆਪਣੀ ਸੋਜ਼ ਭਰੀ ਆਵਾਜ਼ ਵਿੱਚ ਪੇਸ਼ ਕੀਤਾ।

ਸਾਡੇ ਬੂਹਿਆਂ 'ਤੇ ਪਹੁੰਚੇ 'ਮਦਰ ਡੇਅ' ਨੂੰ ਸਮਰਪਿਤ ਗੀਤ: 'ਰੱਬ ਦਾ ਭਾਣਾ ਮੰਨਣਾ ਪੈਣਾ, ਹੋ ਕੇ ਰਹਿ ਗਏ ਹਾਂ ਮਜਬੂਰ,' ਮਾਂ ਨੂੰ ਯਾਦ ਕਰਦਾ ਗੀਤ 'ਸਾਧੂ ਸਿੰਘ ਝੱਜ ਦੇ ਮਨ ਦੀ ਹੂਕ ਸੀ। ਦਵਿੰਦਰ ਹੀਰਾ ਨੇ 'ਪੂਜੋ ਉਹਨਾਂ ਨੇਕ ਇਨਸਾਨਾਂ ਨੂੰ..', ਜਸਬੀਰ ਸਿੰਘ ਬਾਦਨ ਨੇ ਹਰਮੋਨੀਅਮ ਧੁੰਨਾਂ ਨੂੰ ਆਪਣੇ ਗੀਤ ਰਾਹੀਂ ਕਾਇਮ ਰੱਖਿਆ। ਰੇਖਾ ਸੂਦ ਦਾ ਗੀਤ ' ਭੈੜੇ ਦੁੱਖ ਯਾਰੀਆਂ ਦੇ ਮੈਂ ਧੂੰਏਂ ਦੇ ਪੱਜ ਰੋਵਾਂ', ਔਰਤ ਦੀ ਵੇਦਨਾ ਕਹਿ ਰਹੀ ਸੀ।

ਆਸੇ ਪਾਸੇ ਦੇ ਇਲਾਕੇ ਵਿੱਚੋਂ ਅਤੇ ਵਿਸ਼ੇਸ਼ ਤੌਰ ਤੇ ਬੈਲਿੰਗਹੈਮ ਸ਼ਹਿਰ ਤੋਂ ਪਹੁੰਚੇ ਸਤਿਕਾਰਿਤ ਵਿਅਕਤੀਆਂ ਨਾਲ ਪ੍ਰੋਗਰਾਮ ਦੀ ਸ਼ੋਭਾ ਨੂੰ ਚਾਰ ਚੰਨ ਲੱਗ ਗਏ। ਲਾਲੀ ਸੰਧੂ, ਜਸਵੀਰ ਸਹੋਤਾ, ਸ਼ਿੰਦਰਪਾਲ ਸਿੰਘ ਔਜਲਾ, ਜਸਵਿੰਦਰ ਕੌਰ, ਸੁਰਿੰਦਰ ਕੌਰ, ਮਨਜੀਤ ਕੌਰ, ਸੁਰਿੰਦਰ ਕੌਰ, ਪਰਾਨ ਵਾਹੀ, ਸੰਤੋਸ਼ ਵਾਹੀ, ਗੁਰਮੁੱਖ ਸਿੰਘ, ਰਾਕੇਸ਼ ਖੰਨਾ, ਨਰਿੰਦਰ ਸੂਦ, ਬਲਵੰਤ ਸਿੰਘ, ਦਲਜੀਤ ਸਿੰਘ, ਜਸਬੀਰ ਸਿੰਘ, ਚਰਨਜੀਤ ਸਿੰਘ, ਹਰਦੀਪ ਸਿੰਘ ਗਿੱਲ, ਰਸ਼ਮੀ ਸ਼ਰਮਾ,ਜੋਤੀ ਕੌਰ ਵਾਡਨ, ਸੁਖਦਰਸ਼ਨ ਸਿੰਘ, ਇੰਦਰਜੀਤ ਕੌਰ ਮਨਹਾਸ, ਗੁਰਿੰਦਰ ਗਰੇਵਾਲ, ਗੁਰਜੀਤ ਕੌਰ ਗਰੇਵਾਲ, ਸੁੱਚਾ ਸਿੰਘ ਗਿੱਲ, ਕੰਵਲਜੀਤ ਕੌਰ ਗਿੱਲ, ਪਰਮਜੀਤ ਸਿੰਘ ਸ਼ੇਰਗਿੱਲ, ਮਨਮੋਹਨ ਸਿੰਘ ਧਾਲੀਵਾਲ, ਜਾਤਿੰਦਰ ਕੌਰ ਧਾਲੀਵਾਲ, ਜਸਵੀਰ ਸਿੰਘ ਸਹੋਤਾ,ਰਮਿੰਦਰਪਾਲ ਸਿੰਘ ਗਿੱਲ, ਅਮਰੀਕ ਸਿੰਘ ਰੰਧਾਵਾ, ਸ਼ਿਵ ਬੱਤਰਾ,ਬਿਕਰਮਜੀਤ ਸਿੰਘ ਚੀਮਾ, ਗੁਰਮੀਤ ਸਿੰਘ ਥਿੰਦ, ਪਵਨਜੀਤ ਸਿੰਘ ਗਿੱਲ, ਸੈਮ ਵਿਰਕ, ਮਲਕੀਤ ਸਿੰਘ, ਸ਼ਾਹ ਨਿਵਾਜ਼ ਅੱਜ ਦੇ ਸਮਾਗਮ ਦੀ ਸ਼ਾਨ ਸਨ।

ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ, ਰਣਜੀਤ ਸਿੰਘ ਮੱਲ੍ਹੀ ਨੇ ਰੌਚਕਤਾ ਬਣਾਈ ਰੱਖੀ।ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ ਅਤੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖੂਬਸੂਰਤ ਸ਼ਬਦਾਂ ਵਿੱਚ ਕੀਤਾ।

ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕਰਨ ਅਤੇ ਸੋਸ਼ਲ ਮੀਡੀਏ ਦੇ ਵਿਹੜੇ ਲੈ ਜਾਣ ਦਾ ਕੰਮ ਰਣਜੀਤ ਸਿੰਘ ਮੱਲ੍ਹੀ ਨੇ ਕੀਤਾ। ਬਠਿੰਡਾ (ਪੰਜਾਬ) ਤੋਂ ਨਿਕਲਦੇ ਹਾਸ ਵਿਅੰਗ ਦੇ ਤਿਮਾਹੀ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦੇ ਨਵੇਂ ਅੰਕ ਨੂੰ ਅਤੇ ਦੇਸ਼ ਵਿਦੇਸ਼ ਦੇ ਨਵੇਂ ਉਭਰਦੇ ਕਵੀ-ਕਵਿਤਰੀਆਂ ਦੇ ਸਾਂਝੇ ਕਾਵਿ-ਸੰਗ੍ਰਹਿ 'ਮੁਹੱਬਤਾਂ ਸਾਂਝੇ ਪੰਜਾਬ ਦੀਆਂ' ਨੂੰ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਰੀਲੀਜ਼ ਕੀਤਾ ਗਿਆ।

'ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ।)' ਵੱਲੋਂ ਚਾਹ ਪਾਣੀ ਅਤੇ ਪੀਜ਼ੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ ।

ਬਲਿਹਾਰ ਸਿੰਘ ਲ੍ਹੇਲ ਪ੍ਰਧਾਨ+1 206 244 4663
ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069
ਮੰਗਤ ਕੁਲਜਿੰਦ ਪ੍ਰੈ।ਸਕੱਤਰ +1 425 286 0163

## ਪੁਸਤਕ ਸਮੀਖਿਆ

**ਦਫ਼ਤਰਨਾਮਾ**
**ਰਿਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਜੋਗੇ ਭੰਗਲ**
**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ ਮੋਹਾਲੀ,**
**ਪੰਨੇ: 156, ਮੁੱਲ: 350/-**

ਇੱਕ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਹਾਰੇ ਜੋਗੇ ਭੰਗਲ ਨੇ ਆਪਣੀ ਹਥਲੀ ਪੁਸਤਕ 'ਦਫ਼ਤਰਨਾਮਾ' ਵਿੱਚ ਪੰਜਾਬ ਦੇ ਖਾਸ ਕਰ ਸਿੱਖਿਆ ਵਿਭਾਗ ਦੇ ਦਫ਼ਤਰਾਂ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਹੂਬਹੂ ਪੇਸ਼ ਕੀਤਾ ਹੈ। ਤਲਖ ਹਕੀਕਤਾਂ ਨੂੰ ਬਿਆਨ ਕਰਦਾ ਇਹ ਦਫ਼ਤਰਨਾਮਾ ਜੋਗੇ ਭੰਗਲ ਦੀ ਹੱਡ ਬੀਤੀ ਕਹਾਣੀ ਹੈ। ਜੋ ਸਿਰਫ ਤੇ ਸਿਰਫ ਜੋਗੇ ਭੰਗਲ ਹੀ ਬਿਆਨ ਕਰ ਸਕਦੇ ਹਨ। ਕਿਉਂਕਿ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਤਾਂ ਸਭ ਨਾਲ ਹਨ ਪਰ ਲਿਖਣ ਦੀ ਸਮਰੱਥਾ ਕਿਸੇ ਖਾਸ ਵਿੱਚ ਹੀ ਹੁੰਦੀ ਹੈ। ਜਿਸ ਦਲੇਰੀ ਅਤੇ ਹਿੰਮਤ ਨਾਲ ਇਹ ਕਾਰਜ ਜੋਗੇ ਭੰਗਲ ਨੇ ਕੀਤਾ ਹੈ ਉਹ ਦਲੇਰੀ ਕਿਸੇ ਕਿਸੇ ਖਾਸ ਉਦੇਸ਼ ਲਈ ਲਿਖਣ ਵਾਲੇ ਲੇਖਕ ਕੋਲ ਹੀ ਹੋ ਸਕਦੀ ਹੈ। ਜੋਗੇ ਭੰਗਲ ਦੀ ਇਸ ਹਿੰਮਤ ਨੂੰ ਦਾਦ ਦਿੰਦੇ ਹੋਏ ਇਸ ਕਿਰਤ ਦੀ ਮਹਾਨਤਾ ਨੂੰ ਸਲਾਮ ਕਰਦੇ ਹਾਂ। 1984 ਵਿੱਚ ਜੋਗੇ ਭੰਗਲ ਦਾ ਪਹਿਲਾ ਕਾਵਿ ਸੰਗ੍ਰਹਿ 'ਕੂਜੇ 'ਚ ਸਮੁੰਦਰ' ਛਪਿਆ ਸੀ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਕਾਹੀ ਵੱਢ' 2005 ਵਿੱਚ ਪ੍ਰਕਾਸ਼ਿਤ ਹੋਇਆ ਤੇ ਭੂੰਡੀ ਉੱਡ ਗਈ ਕਹਾਣੀ ਸੰਗ੍ਰਹਿ ਬੱਚਿਆਂ ਲਈ 2024 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਤਰ੍ਹਾਂ ਉਹ ਇੱਕ ਬਹੁਵਿਧਾਵੀ ਲੇਖਕ ਬਣ ਜਾਂਦਾ ਹੈ। ਲੰਬੇ ਸਮੇਂ ਦੇ ਜੀਵਨ ਤਜਰਬਿਆਂ ਨੂੰ ਇਸ ਪੁਸਤਕ ਵਿੱਚ ਸ਼ਾਮਿਲ ਕਰਕੇ ਨਵੀਂ ਪਨੀਰੀ ਨੂੰ ਉਸ ਨੇ ਜਿੱਥੇ ਸੁਚੇਤ ਕੀਤਾ ਹੈ ਉੱਥੇ ਉਹਨਾਂ ਦੀ ਸੋਚ ਨੂੰ ਸਮੇਂ ਦੀ ਹਾਣੀ ਬਣਾਉਣ ਦਾ ਵੀ ਉਪਰਾਲਾ ਕੀਤਾ ਹੈ। ਉਸ ਦੀਆਂ ਅੱਜ ਤੱਕ ਪ੍ਰਕਾਸ਼ਿਤ ਹੋਈਆਂ ਸਭ ਪੁਸਤਕਾਂ ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ ਪਰ ਜੋ ਮਾਣ ਸਨਮਾਨ ਦਫ਼ਤਰਨਾਮਾ ਨੂੰ ਮਿਲਿਆ ਹੈ ਉਹ ਸ਼ਾਇਦ ਸਭ ਤੋਂ ਵੱਧ ਹੈ।




ਜੋਗੇ ਭੰਗਲ ਨੇ ਪੁਸਤਕ 'ਦਫ਼ਤਰਨਾਮਾ' ਵਿੱਚ ਆਪਣੀਆਂ ਹੱਡ ਬੀਤੀਆਂ ਘਟਨਾਵਾਂ ਨੂੰ ਇੰਝ ਬਿਆਨਿਆ ਹੈ ਕਿ ਸਾਰਾ ਕੁਝ ਫਿਲਮ ਦੀ ਸਕਰੀਨ ਤਰ੍ਹਾਂ ਸਾਡੇ ਸਾਹਮਣੇ ਵਰਤ ਰਿਹਾ ਪ੍ਰਤੀਤ ਹੁੰਦਾ ਹੈ। ਸਿੱਖਿਆ ਵਿਭਾਗ ਵਿੱਚ ਅਫ਼ਸਰਾਂ ਅਤੇ ਅਧਿਕਾਰੀਆਂ ਦੁਆਰਾ ਕੀਤੀਆਂ ਜਾਂਦੀਆਂ ਮਨਮਾਨੀਆਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਮਿਹਨਤੀ ਕਰਮਚਾਰੀਆਂ ਦੇ ਸਿਰ ਇੰਨਾ ਬੋਝ ਧਰਿਆ ਜਾਂਦਾ ਹੈ ਕਿ ਉਹ ਆਪਣੀ ਸਿਹਤ ਵੀ ਗਵਾ ਬੈਠਦੇ ਹਨ। ਇਥੋਂ ਤੱਕ ਕਿ ਸੋਹਣੀਆਂ ਸਨੱਖੀਆਂ ਕਰਮਚਾਰਨਾਂ ਆਪਣੇ ਸੁਹੱਪਣ ਦੇ ਆਸਰੇ ਐਸ਼ ਕਰਦੀਆਂ ਹਨ। ਪੁਸਤਕ ਵਿੱਚ ਗਲਤ ਮਲਤ ਰਿਸ਼ਤਿਆਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਉੱਚ ਅਧਿਕਾਰੀਆਂ ਦੁਆਰਾ ਕਰਵਾਏ ਜਾਂਦੇ ਗਲਤ ਕੰਮਾਂ ਦਾ ਵੀ ਵੇਰਵਾ ਦਰਜ ਹੈ। ਵਿਚਾਰੇ ਬਾਬੂ ਦੋ ਪੁੜਾਂ ਵਿੱਚ ਪਿਸਦੇ ਰਹਿੰਦੇ ਹਨ। ਦਫਤਰ ਵਿੱਚ ਅਫਸਰਾਂ ਦੀਆਂ ਝਿੜਕਾਂ ਤੇ ਘਰ ਵਿੱਚ ਘਰ ਵਾਲੀ ਦੇ ਨਖਰੇ ਉਹਨਾਂ ਦੀ ਜਿੰਦ ਜਾਨ ਪੀੜੀ ਰੱਖਦੇ ਹਨ। ਜੇਕਰ ਹਰ ਵਿਅਕਤੀ ਆਪੋ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਵੇ ਤਾਂ ਕਿਸੇ ਨੂੰ ਕੋਈ ਵੀ ਪਰੇਸ਼ਾਨੀ ਨਹੀਂ ਆ ਸਕਦੀ। ਪ੍ਰੰਤੂ ਇਥੋਂ ਦਾ ਤਾ ਪੰਥ ਹੀ ਨਿਰਾਲਾ ਹੈ। ਜਿਹੜੇ ਕੰਮ ਸਹੀ ਹਨ ਉਹ ਰੁਕੇ ਪਏ ਹਨ ਤੇ ਜਿਹੜੇ ਗਲਤ ਹਨ ਉਹ ਅਫ਼ਸਰਾਂ ਦੁਆਰਾ ਕਰਵਾਏ ਜਾਂਦੇ ਹਨ। ਰਾਜਸੀ ਆਗੂਆਂ ਦੇ ਦੱਲੇ ਅੱਗੇ ਹੋ ਕੇ ਇਹਨਾਂ ਕੰਮਾਂ ਵਿੱਚ ਸਧਾਰਨ ਬਾਬੂਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਪਰੇਸ਼ਾਨੀ ਵਿੱਚ ਪਾਈ ਰੱਖਦੇ ਹਨ। ਸਤਾ ਦਾ ਦੁਰਪਯੋਗ ,ਫੋਕੀ ਹੈਂਕੜ ਅਤੇ ਬੇਈਮਾਨਾ ਦੁਆਰਾ ਲੁੱਟੀਆਂ ਜਾਂਦੀਆਂ ਐਸ਼ਾਂ ਇਮਾਨਦਾਰ ਕਰਮਚਾਰੀਆਂ ਲਈ ਸਿਰਦਰਦੀ ਬਣੀਆਂ ਰਹਿੰਦੀਆਂ ਹਨ। ਵਿਭਾਗ ਦੇ ਕਰਮਚਾਰੀਆਂ ਦੁਆਰਾ ਕੀਤੀਆਂ ਜਾਂਦੀਆਂ ਬੇਈਮਾਨੀਆਂ, ਕਮੀਨੀਆਂ ਸਾਜਿਸ਼ਾਂ, ਚਲਾਕੀਆਂ ਅਤੇ ਗਿਰੇ ਹੋਏ ਕਿਰਦਾਰ ਦੇ ਕਾਰਨਾਮਿਆਂ ਨੂੰ ਪੇਸ਼ ਕਰਕੇ ਸੱਚੋ ਸੱਚ ਦਿਖਾਇਆ ਗਿਆ ਹੈ। ਲੇਖਕ ਦੀ ਬੇਬਾਕ ਭਾਸ਼ਾ ਹਰ ਇੱਕ ਨੂੰ ਪ੍ਰਭਾਵਿਤ ਕਰਦੀ ਹੈ। ਉਸ ਨੇ ਸਿੱਧੀ ਸਾਧੀ ਬੋਲੀ ਵਿੱਚ ਇਸ ਪੁਸਤਕ ਦੀ ਸਿਰਜਣਾ ਕਰਕੇ ਹਰ ਇੱਕ ਨੂੰ ਇਸ ਸਮਝਾ ਦਿੱਤਾ ਹੈ ਕਿ ਵਰਤ ਰਹੇ ਵਰਤਾਰਿਆਂ ਵਿੱਚ ਕੌਣ ਕੌਣ ਦੋਸ਼ੀ ਹਨ।

ਲੇਖਕ ਨੇ ਇਸ ਪੁਸਤਕ ਵਿੱਚ 30 ਪਾਠ ਦਰਜ ਕੀਤੇ ਹਨ ਜਿਨ੍ਹਾਂ ਦੇ ਸਿਰਲੇਖ ਇੰਨੇ ਪ੍ਰਭਾਵਸ਼ਾਲੀ ਹਨ ਕਿ ਪਾਠਕ ਅੱਗੇ ਤੋਂ ਅਗੇਰੇ ਪੜ੍ਹਨ ਤੋਂ ਬਗੈਰ ਨਹੀਂ ਰੁਕਦਾ। ਅਦਾਲਤਾਂ 'ਚ ਪੈਂਦੇ ਧੱਕੇ ਤੇ ਅਫ਼ਸਰਾਂ ਦੀਆਂ ਮਨਮਾਨੀਆਂ ਨਵੇਂ ਕਰਮਚਾਰੀਆਂ ਨਾਲ ਹੁੰਦੀਆਂ ਜਿਆਦਤੀਆਂ, ਦਫ਼ਤਰਾਂ 'ਚ ਬੈਠੇ ਘੜੰਮ ਚੌਧਰੀ, ਅਫਸਰਾਂ ਦੀਆਂ ਬਦਨੀਤੀਆਂ ਅਤੇ ਕਮਜ਼ੋਰੀਆਂ ਸਾਰੇ ਸਿਸਟਮ ਨੂੰ ਨਿਘਾਰਦੀਆਂ ਹਨ।

ਮਨ ਨੂੰ ਟੁੰਬਣ ਵਾਲੇ ਸਿਰਲੇਖਾਂ ਵਿੱਚ ਚਾਰ ਧੀਆਂ ਧਿਆਣੀਆਂ, ਅਜਾਇਬ ਘਰ ਦਾ ਆਦਮੀ, ਕੁਮਲਾਈਆਂ ਕਲੀਆਂ ਦੀ ਦਾਸਤਾਨ, ਘੁੱਗੀ ਕੀ ਕਰੇ, ਮਾਸਟਰ ਹਾਜ਼ਰ ਹੋਣ, ਲੋਹੇ ਨੂੰ ਲੋਹਾ ਕੱਟਦਾ, ਹੁਸਨ ਵੀ ਇੱਕ ਸਰਟੀਫਿਕੇਟ, ਸੁਹਾਗੇ ਤੇ ਚੜਿਊਆ ਜੱਟ, ਚੱਕ ਦੇ ਢੋਲੀਆ, ਦੌੜੀ ਜਾ ਵੇ ਦੌੜੀ ਜਾ, ਵੱਡੀਆਂ ਤੋਪਾਂ ਨੂੰ ਸਲਾਮ, ਰਾਜੇ ਵੀ ਰੋ ਪੈਂਦੇ, ਢੀਠ ਵੀ ਹੋਣਾ ਪੈਂਦਾ, ਕੋਈ ਨਵਾਂ ਦੇਸ਼ ਪੰਜਾਬ, ਹਰੀਸ਼ ਚੰਦਰ ਅਜੇ ਵੀ ਹੈ, ਕੁੱਤੇ ਦੀ ਪੂਛ ਸਿੱਧੀ ਆਦਿ ਜ਼ਿਕਰਯੋਗ ਹਨ। ਸਿਫਾਰਸ਼ੀ ਬਦਲੀਆਂ ਬਾਰੇ ਇਹ ਘਟਨਾ ਇੱਥੇ ਜ਼ਿਕਰ ਦੀ ਮੰਗ ਕਰਦੀ ਹੈ:-

'ਉਧਰ ਦੂਸਰਾ ਮੈਥ ਮਾਸਟਰ ਸਤੀਸ਼ ਆਪਣੇ ਨਾਲ ਹੋਏ ਅਨਿਆ ਖਿਲਾਫ ਆਪਣਾ ਹੱਕ ਲੈਣ ਲਈ ਕੋਰਟ ਪਹੁੰਚ ਗਿਆ.. ਹੁਣ ਬਲਵੀਰ ਸਿੰਘ ਨੂੰ ਫਾਰਗ ਕਰਨ ਕਰਕੇ ਸਰਕਾਰ /ਮਹਿਕਮੇ ਦੀਆਂ ਹਦਾਇਤਾਂ ਦੇ ਖ਼ਿਲਾਫ਼ ਕਾਰਵਾਈ ਕਰਨ ਕਰਕੇ ਕੋਰਟ ਸਿੱਖਿਆ ਸਕੱਤਰ ਤੋਂ ਜਵਾਬ ਮੰਗੇ ।ਸਕੱਤਰ ਡਾਇਰੈਕਟਰ ਸਿੱਖਿਆ ਤੋਂ ਪੁੱਛ ਰਿਹਾ। ਡਾਇਰੈਕਟਰ ਵੱਲੋਂ ਹਰਚਰਨ ਸਿੰਘ ਨੂੰ ਦੋਸ਼ ਸੂਚੀ ਜਾਰੀ ਕਰ ਦਿੱਤੀ ਗਈ ਕਿ ਉਸਨੇ ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਨਾ ਕਰਦਿਆਂ ਬਲਬੀਰ ਸਿੰਘ ਨੂੰ ਫਾਰਕ ਕਰਕੇ ਖੁਦ ਨੂੰ ਸਜ਼ਾ ਦਾ ਭਾਗੀਦਾਰ ਬਣਾ ਲਿਆ ਹੈ। ਇਸ ਤੋਂ ਪਹਿਲਾਂ ਕਿ ਕੋਈ ਵਿਭਾਗੀ ਕਾਰਵਾਈ ਕੀਤੀ ਜਾਵੇ, ਆਪਣਾ ਪੱਖ ਪੇਸ਼ ਕਰਕੇ ਆਪਣਾ ਜਵਾਬ ਯੋਗ ਪ੍ਰਣਾਲੀ ਰਾਹੀਂ ਉੱਚ ਅਧਿਕਾਰੀਆਂ ਨੂੰ ਇੱਕ ਹਫਤੇ ਦੇ ਅੰਦਰ ਅੰਦਰ ਤੁਰੰਤ ਭੇਜਿਆ ਜਾਵੇ'।

ਇਸ ਪ੍ਰਕਾਰ ਕਈ ਸ਼ਰੀਫ ਸਿੱਖਿਆ ਅਧਿਕਾਰੀ ਲੀਡਰਾਂ ਦੇ ਚੁੰਗਲ ਵਿੱਚ ਫਸ ਕੇ ਆਪ ਸਜ਼ਾ ਦੇ ਭਾਗੀਦਾਰ ਬਣ ਜਾਂਦੇ ਹਨ। ਜੋਗੇ ਭੰਗਲ ਦੀ ਇਸ ਕੀਮਤੀ ਪੁਸਤਕ ਨੂੰ ਪੜ੍ਹਦਿਆਂ ਸਾਨੂੰ ਆਪਣੇ ਪੰਜਾਬ ਵਿੱਚ ਹੋ ਰਹੇ ਆਵਾਸ ਅਤੇ ਪ੍ਰਵਾਸ ਦਾ ਵੀ ਗਿਆਨ ਹੁੰਦਾ ਹੈ। ਸਿੱਖਿਆ ਪ੍ਰਣਾਲੀ ਵਿੱਚ ਆਏ ਨਿਘਾਰਾਂ ਦਾ ਤਾ ਪਰਦਾ ਹੀ ਫਾਸ਼ ਕਰ ਦਿੱਤਾ ਗਿਆ ਹੈ। ਕੌਣ ਦੋਸ਼ੀ ਹੈ ਕੌਣ ਸੱਚਾ ਹੈ ਕੌਣ ਝੂਠਾ ਹੈ? ਇਹ ਸਭ ਨਿਤਾਰਾ ਇਸ ਪੁਸਤਕ ਵਿੱਚ ਕੀਤਾ ਗਿਆ ਮਿਲਦਾ ਹੈ। ਸੱਚੋ ਸੱਚ ਬਿਆਨ ਕਰਨ ਵਾਲੀ ਇਹ ਕੀਮਤੀ ਪੁਸਤਕ ਹਰ ਪਾਠਕ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ।

16 ਮਈ ਲਈ ਵਿਸ਼ੇਸ਼

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ



ਡਾ. ਚਰਨਜੀਤ ਸਿੰਘ ਗੁਮਟਾਲਾ
001 -937 573 9812

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ ਉਹ ਛੋਟਾ ਘਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀਕੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਿਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ।ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ।ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿ । ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ।ਉਨ੍ਹਾਂ ਦੇ ਸਿਰਾਂ ਦੇ ਇਨਾਮ ਰਖੇ ਗਏ। ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ਼ ਪੈ ਗਿਆ।

ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।



ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ।ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। 'ਬਸੌਲੀ' ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿ ਂ ਘਿਰੇ ਹੋਏ ਪਾਇਆ ।ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ। ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਘ,ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ,ਬਠਿੰਡੇ-ਨਕਈ ਸਰਦਾਰ। ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੁੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਊਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ।

ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ (ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

ਹਵਾਲਾ ਪੁਸਤਕਾਂ: 1 ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ,2010।
2. ਖੁਸ਼ਵੰਤ ਸਿੰਘ, (ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ)। ਸਿੱਖ ਇਤਿਹਾਸ ਭਾਗ ਪਹਿਲਾ(1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013।
3. ਨਾਭਾ, ਭਾਈ ਕਾਨ੍ਹ ਸਿੰਘ, ਗੁਰੁਸ਼ਬਦ ਰਤਾਨਕਰ ਮਹਾਨ ਕੋਸ਼ , ਭਾਸ਼ਾ ਵਿਭਾਗ, ਪੰਜਾਬ, 1990।

## 'ਛੋਟਾ ਘੱਲੂਘਾਰਾ'

(ਸਫਾ 23 ਦੀ ਬਾਕੀ)

ਪਿੱਛੇ ਬਚੇ ਸਿੱਖ ਜਵਾਨਾਂ ਨੇ ਦਰਖਤਾਂ ਦੀਆਂ ਟਹਿਣੀਆਂ ਦੀ ਬੇੜੀ ਬਣਾ ਲਈ ਤੇ ਉਸ ਦੇ ਸਹਾਰੇ ਹੌਲੀ-ਹੌਲੀ ਉਹ ਰਾਵੀ ਨਦੀ ਪਾਰ ਕਰਦੇ ਗਏ ਤੇ ਉਹ ਰਿਆੜਵੀ ਇਲਾਕੇ 'ਚ ਪਹੁੰਚ ਗਏ। ਇਹ ਇਲਾਵਾ ਰਾਮਾ ਰੰਧਾਵਾ ਦਾ ਸੀ। ਉਸ ਦਾ ਵਤੀਰਾ ਤਾਂ ਸਿੱਖਾਂ ਪ੍ਰਤੀ ਬਹੁਤ ਹੀ ਬੁਰਾ ਸੀ। ਉਸ ਬਾਰੇ ਤਾਂ ਲੋਕ ਕਹਾਵਤ ਬੜੀ ਪ੍ਰਸਿੱਧ ਸੀ- 'ਦੇਸ਼ ਨਾ ਤੁਸੀਂ ਰਾਮੇ ਦੇ ਜਾਇਓ, ਭਲੇ ਹੀ ਤੁਸੀਂ ਕੰਦਮੂਲ (ਘਾਹ ਫੂਸ) ਮਾਝੇ ਵਿਚ ਖਾਇਓ।

ਸਿੱਖਾਂ ਨੇ ਇਕ ਅੱਧਾ ਦਿਨ ਬੜੀ ਅੱਤ ਦੀ ਗਰਮੀ 'ਚ ਬਤੀਤ ਕੀਤਾ। ਉਹ ਫਿਰ ਸ੍ਰੀ ਹਰਗੋਬਿੰਦ ਸਾਹਿਬ ਦੇ ਪਵਿੱਤਰ ਸਥਾਨ ਦੇ ਨਜ਼ਦੀਕੋਂ ਬਿਆਸ ਨਦੀ ਪਾਰ ਕਰਕੇ ਦੁਆਬਾ ਖੇਤਰ 'ਚ ਆ ਗਏ ਤੇ ਮੀਰ ਕੋਟ ਦੇ ਕੰਡੇਦਾਰ ਦਰਖਤਾਂ ਤੇ ਝਾੜੀਆਂ ਦੇ ਝੁਰਮਟ 'ਚ ਆਪਣੇ ਠਿਕਾਣੇ ਬਣਾ ਲਏ। ਸਿੱਖ ਕਈ ਦਿਨਾਂ ਦੇ ਭੁੱਖੇ ਸਨ। ਇਸ ਸਮੇਂ ਇਹਨਾਂ ਕੋਲ ਨਾ ਤਾਂ ਕੋਈ ਰਾਸ਼ਨ ਪਾਣੀ ਸੀ ਤੇ ਨਾ ਹੀ ਭੋਜਨ ਤਿਆਰ ਕਰਨ ਲਈ ਕੋਈ ਬਰਤਨ ਆਦਿ ਸਨ। ਇੱਥੇ ਇਹਨਾਂ ਨੇ ਨੇੜੇ ਦੇ ਪਿੰਡਾਂ ਤੋਂ ਆਟਾ-ਦਾਣਾ ਖਰੀਦਿਆ ਤੇ ਘੋੜਿਆਂ ਨੂੰ ਘਾਹ ਵਗੈਰਾ ਚਰਨ ਲਈ ਖੁੱਲ੍ਹੇ ਛੱਡ ਦਿੱਤਾ। ਜਦੋਂ ਇਹ ਢਾਲਾਂ ਨੂੰ ਤਵਿਆਂ ਦੇ ਰੂਪ 'ਚ ਵਰਤ ਕੇ ਰੋਟੀਆਂ ਬਣਾਉਣ 'ਚ ਮਗਨ ਸਨ ਤਾਂ ਉਸ ਸਮੇਂ ਦੁਆਬਾ ਖੇਤਰ ਦਾ ਫੌਜਦਾਰ ਅਦੀਨਾ ਬੇਗ ਅਲਾਵਲਪੁਰ ਪਠਾਣਾਂ ਸਮੇਤ ਆ ਧਮਕਿਆ। ਸਿੱਖ ਇਹਨਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਹੋਣ ਲੱਗ ਪਏ। ਇੱਥੇ ਹੀ ਸੂਹੀਆਂ ਨੇ ਖਬਰ ਦਿੱਤੀ ਕਿ ਲਖਪਤ ਰਾਏ ਵੀ ਤੋਪਾਂ ਤੇ ਆਪਣੇ ਸੈਨਿਕਾਂ ਸਮੇਤ ਬਿਆਸ ਨਦੀ ਪਾਰ ਕਰ ਚੁੱਕਾ ਹੈ। ਇਸ ਤਰ੍ਹਾਂ ਸਿੱਖ ਦੁਬਿਧਾ 'ਚ ਫਸ ਗਏ ਕਿ ਕੀ ਕਰੀਏ ਤੇ ਕੀ ਨਾ ਕਰੀਏ। ਇਸ ਦੌਰਾਨ ਉਹਨਾਂ ਨੇ ਭੋਜਨ ਵਿਚ ਹੀ ਛੱਡ ਦਿੱਤਾ ਤੇ ਘੋੜਿਆਂ ਦੀਆਂ ਬਾਗਾਂ ਫੜ ਲਈਆਂ ਤੇ ਗੁੱਸੇ ਨਾਲ ਕੌੜਾ ਘੁੱਟ ਕਰਕੇ ਵਾਹਿਗੁਰੂ ਦਾ ਨਾਮ ਲੈ ਕੇ ਉਥੋਂ ਚਾਲੇ ਪਾ ਦਿੱਤੇ। ਉਥੋਂ ਉਹ ਚੱਲਦੇ-ਚੱਲਦੇ ਆਲੀਵਾਲ ਦੇ ਪੱਤਣ ਤੋਂ ਸਤਲੁਜ ਨਦੀ ਪਾਰ ਕਰਦੇ ਹੋਏ ਮਾਲਵੇ ਦੇ ਖੇਤਰ 'ਚ ਪਹੁੰਚ ਗਏ।

ਮਾਲਵੇ ਦਾ ਇਲਾਕਾ ਸਰਦਾਰ ਆਲਾ ਸਿੰਘ ਦਾ ਸੀ। ਆਖੀਰ ਸਿੱਖਾਂ ਨੂੰ ਇੱਥੇ ਕੁਝ ਰਾਹਤ ਮਿਲੀ ਤੇ ਉਹ ਆਪਣੇ ਨਜ਼ਦੀਕੀਆਂ ਪਾਸ ਚਲੇ ਗਏ। ਮਾਲਵਾ ਖੇਤਰ ਦੇ ਲੋਕਾਂ ਨੇ ਆਪਣੇ ਪੀੜਤ ਭਰਾਵਾਂ ਦਾ ਸਵਾਗਤ ਕੀਤਾ, ਉਹਨਾਂ ਦੀ ਪੂਰੀ ਮਦਦ ਕੀਤੀ ਤੇ ਉਹਨਾਂ ਦੇ ਮਰਹਮ ਪੱਟੀ ਆਦਿ ਕਰਕੇ ਉਹਨਾਂ ਦੀ ਬੜੀ ਸੇਵਾ ਕੀਤੀ।

ਇਸ ਅਭਿਆਨ 'ਚ ਤਕਰੀਬਨ ਸੱਤ ਹਜ਼ਾਰ ਸਿੱਖਾਂ ਨੇ ਕੁਰਬਾਨੀ ਦਿੱਤੀ ਤੇ ਕੋਈ ਤਿੰਨ ਹਜ਼ਾਰ ਤੋਂ ਉਪਰ ਕੈਦ ਕਰ ਲਏ ਗਏ ਤੇ ਅਨੇਕਾਂ ਦੀ ਗਿਣਤੀ 'ਚ ਜ਼ਖਮੀ ਹੋ ਗਏ। ਇਹਨਾਂ 'ਚ ਉਹ ਵੀ ਸਿੱਖ ਸਨ ਜਿਹਨਾਂ ਨੂੰ ਬਸੋਹਲੀ ਦੇ ਪਹਾੜੀ ਖੇਤਰ 'ਚ ਸਥਾਨਕ ਦੁਸ਼ਮਣ ਲੋਕਾਂ ਨੇ ਪਕੜ ਕੇ ਲਾਹੌਰ ਭੇਜ ਦਿੱਤਾ। ਇਹ ਸਾਰੇ ਤਿੰਨ ਹਜ਼ਾਰ ਤੋਂ ਉਪਰ ਸਿੱਖ ਲਾਹੌਰ ਸ਼ਹਿਰ ਦੇ ਦਿੱਲੀ ਦਰਵਾਜੇ ਦੇ ਬਾਹਰ ਬੜੀ ਕਰੂਰਤਾ ਨਾਲ ਇਹਨਾਂ ਨੂੰ ਕਤਲ ਕਰ ਦਿੱਤਾ ਗਿਆ।

ਇਹ ਜਗ੍ਹਾ ਸਿੱਖਾਂ ਦੇ ਨਰਸੰਹਾਰ ਦੀ ਇੱਕ ਬੜੀ ਭਿਆਨਕ ਜਗ੍ਹਾ ਰਹੀ ਹੈ। ਸਿੱਖਾਂ ਵਿਰੁੱਧ ਲਖਪਤ ਰਾਏ ਦੇ ਇਸ ਅਭਿਆਨ 'ਚ ਇੰਨੀ ਜ਼ਿਆਦਾ ਹਾਨੀ ਦੇ ਕਾਰਨ, ਸਿੱਖ ਇਤਿਹਾਸ 'ਚ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ (ਭਿਆਨਕ ਵਿਨਾਸ਼) ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਦੂਸਰੇ ਪਾਸੇ ਘੱਲੂਘਾਰੇ ਦੇ ਅਭਿਆਨ ਤੋਂ ਵਾਪਸ ਆਉਂਦਿਆਂ ਹੀ ਲਖਪਤ ਰਾਏ ਨੇ ਲਾਹੌਰ ਪਹੁੰਚ ਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਸਿੱਖਾਂ 'ਤੇ ਅੱਤਿਆਚਾਰ ਕਰਨੇ ਆਰੰਭ ਕਰ ਦਿੱਤੇ। ਉਸ ਨੇ ਸਿੱਖਾਂ ਦੇ ਗੁਰਦੁਆਰਿਆਂ 'ਤੇ ਤਾਲੇ ਲਵਾ ਦਿੱਤੇ ਤੇ ਕਈਆਂ ਨੂੰ ਢਾਅ ਵੀ ਦਿੱਤਾ। ਕਈ ਪਵਿੱਤਰ ਸਥਾਨਾਂ 'ਤੇ ਉਸ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਹੋਰ ਕਈ ਧਾਰਮਿਕ ਪੁਸਤਕਾਂ ਨੂੰ ਅਗਨੀ ਭੇਟ ਕਰ ਦਿੱਤਾ ਤੇ ਕਈਆਂ ਨੂੰ ਖੂਹਾਂ 'ਚ ਸੁਟਵਾ ਦਿੱਤਾ। ਇੱਥੇ ਹੀ ਉਸ ਨੇ ਗੱਲ ਸਮਾਪਤ ਨਹੀਂ ਕੀਤੀ ਸਗੋਂ ਇਹ ਵੀ ਐਲਾਨ ਕਰਵਾ ਦਿੱਤਾ ਕਿ, 'ਇਕ ਖੱਤਰੀ ਨੇ ਸਿੱਖ ਪੰਥ' ਦੀ ਸਾਜਨਾ ਕੀਤੀ ਸੀ ਤੇ ਹੁਣ ਮੇਰੇ ਵਰਗੇ ਇਕ ਦੂਸਰੇ ਖੱਤਰੀ ਨੇ ਇਸ ਦਾ ਸਰਵਨਾਸ਼ ਕਰ ਦਿੱਤਾ ਹੈ। ਭਵਿੱਖ ਵਿਚ ਕੋਈ ਵੀ ਗੁਰਬਾਣੀ ਦਾ ਪਾਠ ਨਾਂ ਕਰੇ ਤੇ ਨਾ ਹੀ ਕੋਈ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦਾ ਨਾਮ ਲਏ। ਇਸ ਤਰ੍ਹਾਂ ਕਰਨ ਵਾਲੇ ਦਾ ਪੇਟ ਪਾੜ ਦਿੱਤਾ ਜਾਵੇਗਾ।'

ਹੰਕਾਰੀ ਤੇ ਅੱਤਿਆਚਾਰੀ ਲਖਪਤ ਰਾਏ ਨੇ ਇਹ ਫੁਰਮਾਨ ਵੀ ਜਾਰੀ ਕੀਤਾ ਕਿ ਕੋਈ ਵੀ ਵਿਅਕਤੀ 'ਗੁੜ' ਸ਼ਬਦ ਦਾ ਪ੍ਰਯੋਗ ਨਾ ਕਰੇ ਕਿਉਂਕਿ ਧੁਨੀ ਦੀ ਸਮਾਨਤਾ ਦੇ ਕਾਰਨ 'ਗੁਰੂ' ਦਾ ਸਮਰਣ ਹੋਣ ਲੱਗ ਜਾਂਦਾ ਹੈ। ਲੋਕਾਂ ਦੀ ਗੁੜ ਦੀ ਥਾਂ 'ਤੇ ਭੇਲੀ ਸ਼ਬਦ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਉਹ ਸਮਝਦਾ ਸੀ ਕਿ ਸ਼ਾਇਦ ਸਿੱਖਾਂ ਨੂੰ ਇਸ ਢੰਗ ਨਾਲ ਖਤਮ ਕੀਤਾ ਜਾ ਸਕਦਾ ਹੈ। ਪ੍ਰੰਤੂ ਗੁਰਬਾਣੀ ਦੇ ਮਹਾਂਵਾਕ ਅਨੁਸਾਰ: 'ਜਾ ਕਉ ਰਾਖੈ ਹਰਿ ਰਾਖਣਹਾਰ ਤਾਂ ਕਉ ਕੋਈ ਨਾ ਸਕੈ ਮਾਰ।'

## ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਇਕ ਹੋਰ ਭਾਰਤੀ ਵਿਦਿਆਰਥੀ ਗ੍ਰਿਫ਼ਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਡੈਟਰਾਇਟ (ਮਿਸ਼ੀਗਨ) ਵਿਚ ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਵੇਦਾਂਤ ਕੁਮਾਰ ਭੁਨਪੇਨਬਾਈ ਪਟੇਲ ਨਾਮੀ ਇਕ ਹੋਰ ਭਾਰਤੀ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ।

ਸ਼ੈਲਬਾਈ ਟਾਊਨਸ਼ਿੱਪ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਟੇਲ ਨੇ ਈ ਮੇਲ ਰਾਹੀਂ ਬਜ਼ੁਰਗ ਜੋੜੇ ਨਾਲ ਸੰਪਰਕ ਬਣਾਇਆ ਤੇ ਫਰਜੀ ਸੰਘੀ ਏਜੰਟ ਬਣ ਕੇ ਜੋੜੇ ਨਾਲ 50 ਹਜਾਰ ਡਾਲਰ ਦੀ ਠੱਗੀ ਮਾਰੀ ਤੇ ਇਹ ਵੀ ਚਿਤਾਵਨੀ ਦਿੱਤੀ ਕਿ ਇਸ ਬਾਰੇ ਕਿਸੇ ਨਾਲ ਕੋਈ ਗੱਲਬਾਤ ਨਾ ਕੀਤੀ ਜਾਵੇ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਪਟੇਲ ਨੇ ਧੋਖੇ ਨਾਲ ਲਏ ਪੈਸੇ ਭਾਰਤ ਭੇਜ ਦਿੱਤੇ ਹਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਜਦੋਂ ਪਟੇਲ ਨੂੰ ਟੋਲਡੋ, ਓਹਾਈਓ ਵਿਚ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਕਿਸੇ ਹੋਰ ਨਾਲ ਠੱਗੀ ਮਾਰਨ ਦੇ ਯਤਨ ਵਿਚ ਸੀ। ਉਸ ਨੂੰ ਮਿਸ਼ੀਗਨ ਲਿਆਂਦਾ ਗਿਆ ਹੈ ਤੇ ਅਪਾਰਧਕ ਮਾਮਲੇ ਦੇ ਨਬੇੜੇ ਉਪਰੰਤ ਆਈ ਸੀ ਈ ਵੱਲੋਂ ਉਸ ਨੂੰ ਵਾਪਿਸ ਭਾਰਤ ਭੇਜ ਦਿੱਤਾ ਜਾਵੇਗਾ। ਇਥੇ ਜਿਕਰਯੋਗ ਹੈ ਕਿ ਅਮਰੀਕਾ ਵਿਚ ਸੀਨੀਅਰ ਨਾਗਿਰਕਾਂ ਨਾਲ ਠੱਗੀ ਮਾਰਨ ਦੇ ਦੋਸ਼ਾਂ ਤਹਿਤ ਪਹਿਲਾਂ 3 ਭਾਰਤੀ ਵਿਦਿਆਰਥੀ ਗ੍ਰਿਫਤਾਰ ਹੋ ਚੁੱਕੇ ਹਨ।

# ਪ੍ਰਦੂਸ਼ਿਤ ਨਦੀਆਂ ਸਿਹਤ ਲਈ ਵਧ ਰਹੇ ਜੋਖਮ ਪੈਦਾ ਕਰ ਰਹੀਆਂ ਹਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ


ਜੇਕਰ ਮੌਜੂਦਾ ਯੁੱਗ ਨੂੰ ਵਾਤਾਵਰਣ ਸੰਕਟ ਦਾ ਯੁੱਗ ਕਿਹਾ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਵਿਕਾਸ, ਸ਼ਹਿਰੀਕਰਨ, ਉਦਯੋਗੀਕਰਨ ਅਤੇ ਵਧਦੀ ਆਬਾਦੀ ਦੇ ਦਬਾਅ ਨੇ ਕੁਦਰਤੀ ਸਰੋਤਾਂ 'ਤੇ ਜੋ ਬੋਝ ਪਾਇਆ ਹੈ, ਉਹ ਅੱਜ ਸਾਨੂੰ ਸਾਫ਼ ਦਿਖਾਈ ਦੇ ਰਿਹਾ ਹੈ। ਜਲ ਸਰੋਤਾਂ ਦਾ ਸੰਕਟ ਵੀ ਇਨ੍ਹਾਂ ਸਮੱਸਿਆਵਾਂ ਦਾ ਇੱਕ ਗੰਭੀਰ ਰੂਪ ਹੈ। ਭਾਰਤ ਦੀ ਸੰਸਕ੍ਰਿਤੀ ਅਤੇ ਸੱਭਿਅਤਾ ਦਰਿਆਵਾਂ ਦੇ ਕੰਢਿਆਂ 'ਤੇ ਵਿਕਸਤ ਹੋਈ ਸੀ, ਪਰ ਅੱਜ ਇਹ ਦਰਿਆਵਾਂ ਦੇ ਵਜੂਦ ਨੂੰ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ। ਕੈਨੇਡੀਅਨ ਖੋਜਕਰਤਾਵਾਂ ਦੁਆਰਾ ਹਾਲ ਹੀ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਨੇ ਭਾਰਤ ਦੀਆਂ ਨਦੀਆਂ ਦੇ ਸੰਬੰਧ ਵਿੱਚ ਇੱਕ ਚਿੰਤਾਜਨਕ ਸਥਿਤੀ ਨੂੰ ਉਜਾਗਰ ਕੀਤਾ ਹੈ। ਅਧਿਐਨ ਦੇ ਅਨੁਸਾਰ, ਭਾਰਤ ਦੀਆਂ ਲਗਭਗ ਅੱਸੀ ਪ੍ਰਤੀਸ਼ਤ ਨਦੀਆਂ ਪ੍ਰਦੂਸ਼ਣ ਕਾਰਨ ਗੰਭੀਰ ਵਾਤਾਵਰਣ ਅਤੇ ਸਿਹਤ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਅਧਿਐਨ ਨੇ 877 ਦਰਿਆਈ ਥਾਵਾਂ ਵਿੱਚੋਂ 72 'ਤੇ 21 ਆਮ ਐਂਟੀਬਾਇ ਟਿਕਸ ਦੀ ਮੌਜੂਦਗੀ ਦੀ ਜਾਂਚ ਕੀਤੀ ਅਤੇ ਪਾਇਆ ਕਿ ਭਾਰਤ, ਪਾਕਿਸਤਾਨ, ਨਾਈਜੀਰੀਆ, ਇਥੋਪੀਆ ਅਤੇ ਵੀਅਤਨਾਮ ਵਰਗੇ ਦੇਸ਼ਾਂ ਵਿੱਚ ਸਥਿਤੀ ਖਾਸ ਤੌਰ 'ਤੇ ਚਿੰਤਾਜਨਕ ਸੀ। ਐਂਟੀਬਾਇ ਟਿਕ ਪ੍ਰਦੂਸ਼ਣ ਦਾ ਅਰਥ ਹੈ ਮਨੁੱਖੀ, ਪਸ਼ੂ ਚਿਕਿਤਸਕ ਜਾਂ ਖੇਤੀਬਾੜੀ ਉਦੇਸ਼ਾਂ ਲਈ ਵਰਤੀਆਂ ਜਾਂਦੀਆਂ ਦਵਾਈਆਂ ਦੇ ਅਵਸ਼ੇਸ਼ਾਂ ਦੇ ਵਾਤਾਵਰਣ ਵਿੱਚ ਬੇਕਾਬੂ, ਅਨਿਯੰਤ੍ਰਿਤ ਅਤੇ ਬੇਲੋੜੇ ਛੱਡੇ ਜਾਣਾ। ਜਦੋਂ ਇਹ ਕਣ ਪਾਣੀ, ਮਿੱਟੀ ਜਾਂ ਹਵਾ ਵਿੱਚ ਦਾਖਲ ਹੁੰਦੇ ਹਨ, ਤਾਂ ਇਹ ਨਾ ਸਿਰਫ਼ ਧਰਤੀ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ, ਸਗੋਂ ਜਲਜੀਵ ਅਤੇ ਪੂਰੇ ਵਾਤਾਵਰਣ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦੇ ਹਨ। ਖਾਸ ਕਰਕੇ ਭਾਰਤ ਵਿੱਚ ਕਈ ਦਵਾਈਆਂ ਦੇ ਬਹੁਤ ਜ਼ਿਆਦਾ ਪੱਧਰ ਪਾਏ ਗਏ ਹਨ। ਇਹਨਾਂ ਵਿੱਚੋਂ, ਭਾਰਤੀ ਨਦੀਆਂ ਵਿੱਚ 'ਸੇਫਿਕਸਾਈਮ' ਦੀ ਮੌਜੂਦਗੀ ਵਿਆਪਕ ਪਾਈ ਗਈ ਹੈ। ਇਹ ਤੱਥ ਖੁਦ ਇਸਦੀ ਪੁਸ਼ਟੀ ਕਰਦੇ ਹਨ। ਮੌਜੂਦਾ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਐਂਟੀਬਾਇ ਟਿਕਸ ਦੀ ਵਰਤੋਂ ਅਤੇ ਨਿਪਟਾਰੇ ਵਿੱਚ ਗੰਭੀਰ ਗਲਤੀਆਂ ਹਨ, ਭਾਰਤ ਵਿੱਚ ਲਗਭਗ 315 ਮਿਲੀਅਨ ਲੋਕ ਉਨ੍ਹਾਂ ਖੇਤਰਾਂ ਵਿੱਚ ਰਹਿੰਦੇ ਹਨ ਜਿੱਥੇ ਪਾਣੀ ਦੇ ਸਰੋਤ ਐਂਟੀਬਾਇ ਟਿਕ ਰਹਿੰਦ-ਖੂੰਹਦ ਨਾਲ ਦੂਸ਼ਿਤ ਹਨ। ਇਹ ਤੱਥ ਬਹੁਤ ਗੰਭੀਰ ਹੈ ਕਿਉਂਕਿ ਦੂਸ਼ਿਤ ਪਾਣੀ ਮਨੁੱਖੀ ਸਿਹਤ ਲਈ ਸਿੱਧਾ ਖ਼ਤਰਾ ਪੈਦਾ ਕਰਦਾ ਹੈ। ਦਿੱਲੀ, ਲਖਨਊ, ਗੋਆ ਅਤੇ ਚੇਨਈ ਵਰਗੇ ਵੱਡੇ ਸ਼ਹਿਰਾਂ ਵਿੱਚ ਨਦੀ ਦੇ ਪਾਣੀ ਵਿੱਚ ਐਂਟੀਬਾਇ ਟਿਕਸ ਦੀ ਗਾੜ੍ਹਾਪਣ ਵਿਸ਼ਵ ਸਿਹਤ ਸੰਗਠਨ ਦੁਆਰਾ ਨਿਰਧਾਰਤ ਸੁਰੱਖਿਅਤ ਸੀਮਾਵਾਂ ਤੋਂ ਦੋ ਤੋਂ ਪੰਜ ਗੁਣਾ ਵੱਧ ਪਾਈ ਗਈ ਹੈ। ਇਸ ਸੰਦਰਭ ਵਿੱਚ, ਇਹ ਸਮਝਣਾ ਮਹੱਤਵਪੂਰਨ ਹੈ ਕਿ ਪਾਣੀ ਵਿੱਚ ਮੌਜੂਦ ਐਂਟੀਬਾਇਓਟਿਕ ਅਵਸ਼ੇਸ਼ ਨਾ ਸਿਰਫ਼ ਮਨੁੱਖੀ ਜੀਵਨ ਨੂੰ, ਸਗੋਂ ਜਲ-ਜੀਵਾਂ, ਸੂਖਮ ਜੀਵਾਂ ਅਤੇ ਪੂਰੀ ਭੋਜਨ ਲੜੀ ਨੂੰ ਵੀ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਵਾਤਾਵਰਣ ਵਿੱਚ ਐਂਟੀਬਾਇਓਟਿਕ ਪ੍ਰਦੂਸ਼ਣ ਦੇ ਕਈ ਸਰੋਤ ਹਨ। ਇਸ ਵਿੱਚ ਪ੍ਰਮੁੱਖ ਫਾਰਮਾਸਿਊਟੀਕਲ ਉਦਯੋਗਾਂ ਤੋਂ ਪੈਦਾ ਹੋਣ ਵਾਲਾ ਗੰਦਾ ਪਾਣੀ ਸ਼ਾਮਲ ਹੈ, ਜੋ ਬਿਨਾਂ ਇਲਾਜ ਦੇ ਪਾਣੀ ਦੇ ਸਰੋਤਾਂ ਵਿੱਚ ਛੱਡਿਆ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੀਆਂ ਦਵਾਈਆਂ ਬਣਾਉਣ ਵਾਲੀਆਂ ਇਕਾਈਆਂ ਵਾਤਾਵਰਣ ਦੇ ਮਿਆਰਾਂ ਦੀ ਉਲੰਘਣਾ ਕਰਦੇ ਹੋਏ, ਗੰਦੇ ਪਾਣੀ ਨੂੰ ਨਦੀਆਂ ਵਿੱਚ ਛੱਡਦੀਆਂ ਹਨ। ਇਸ ਤੋਂ ਇਲਾਵਾ, ਮਨੁੱਖੀ ਅਤੇ ਪਸ਼ੂ ਚਿਕਿਤਸਾ ਦਵਾਈਆਂ ਵਿੱਚ ਐਂਟੀਬਾਇ ਟਿਕਸ ਦੀ ਬਹੁਤ ਜ਼ਿਆਦਾ ਅਤੇ ਬੇਕਾਬੂ ਵਰਤੋਂ ਵੀ ਇਸ ਸੰਕਟ ਦਾ ਇੱਕ ਵੱਡਾ ਕਾਰਨ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈਆਂ ਖਰੀਦੀਆਂ ਜਾਂਦੀਆਂ ਹਨ ਅਤੇ ਸਵੈ-ਦਵਾਈ ਦੀ ਪ੍ਰਵਿਰਤੀ ਆਮ ਹੋ ਗਈ ਹੈ। ਇਸ ਕਾਰਨ ਨਾ ਸਿਰਫ਼ ਦਵਾਈਆਂ ਦੀ ਬੇਲੋੜੀ ਖਪਤ ਵਧਦੀ ਹੈ, ਸਗੋਂ ਇਨ੍ਹਾਂ ਦੀ ਰਹਿੰਦ-ਖੂੰਹਦ ਵੀ ਸਰੀਰ ਵਿੱਚੋਂ ਬਾਹਰ ਨਿਕਲਦੀ ਹੈ ਅਤੇ ਪਾਣੀ ਦੇ ਸਰੋਤਾਂ ਨੂੰ ਦੂਸ਼ਿਤ ਕਰਦੀ ਹੈ।



ਵਿਕਾਸ ਦਰ ਵਧਾਉਣ ਅਤੇ ਬਿਮਾਰੀਆਂ ਤੋਂ ਬਚਾਅ ਲਈ ਪਸ਼ੂ ਪਾਲਣ ਅਤੇ ਖੇਤੀਬਾੜੀ ਖੇਤਰਾਂ ਵਿੱਚ ਐਂਟੀਬਾਇ ਟਿਕਸ ਦੀ ਵਰਤੋਂ ਵੀ ਵਿਆਪਕ ਤੌਰ 'ਤੇ ਕੀਤੀ ਜਾਂਦੀ ਹੈ। ਨਤੀਜੇ ਵਜੋਂ, ਮਿੱਟੀ ਅਤੇ ਪਾਣੀ ਪ੍ਰਦੂਸ਼ਿਤ ਹੋ ਜਾਂਦੇ ਹਨ। ਐਂਟੀਬਾਇ ਟਿਕ ਪ੍ਰਦੂਸ਼ਣ ਦੇ ਨਤੀਜੇ ਵਿਆਪਕ ਹਨ। ਜਦੋਂ ਪਾਣੀ ਦੇ ਸਰੋਤਾਂ ਵਿੱਚ ਐਂਟੀਬਾਇ ਟਿਕ ਰਹਿੰਦ-ਖੂੰਹਦ ਦੇ ਉੱਚ ਪੱਧਰ ਹੁੰਦੇ ਹਨ, ਤਾਂ ਇਸਦਾ ਮਾਈਕ੍ਰੋਬਾਇਲ ਭਾਈਚਾਰਿਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਸੂਖਮ ਜੀਵ ਜਲ-ਪਰਿਆਵਰਣ ਪ੍ਰਣਾਲੀ ਵਿੱਚ ਸੰਤੁਲਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦਾ ਅਸੰਤੁਲਨ ਪੂਰੇ ਈਕੋਸਿਸਟਮ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਲ-ਪ੍ਰਜਾਤੀਆਂ, ਖਾਸ ਕਰਕੇ ਮੱਛੀਆਂ ਅਤੇ ਝੀਂਗੇ, ਐਂਟੀਬਾਇਓਟਿਕ ਪ੍ਰਦੂਸ਼ਣ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਇਸ ਦਾ ਉਨ੍ਹਾਂ ਦੀ ਜੈਵ ਵਿਭਿੰਨਤਾ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ, ਜੋ ਲੰਬੇ ਸਮੇਂ ਵਿੱਚ ਭੋਜਨ ਲੜੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮਨੁੱਖੀ ਸਿਹਤ 'ਤੇ ਇਸਦੇ ਮਾੜੇ ਪ੍ਰਭਾਵ ਵੀ ਬਹੁਤ ਗੰਭੀਰ ਹਨ। ਐਂਟੀਬਾਇ ਟਿਕ ਰਹਿੰਦ-ਖੂੰਹਦ ਦੇ ਲਗਾਤਾਰ ਸੰਪਰਕ ਵਿੱਚ ਰਹਿਣ ਨਾਲ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਐਂ-ਟੀਬਾਇਓਟਿਕਸ ਦੂਸ਼ਿਤ ਪਾਣੀ ਦੇ ਸੇਵਨ ਰਾਹੀਂ ਜਾਂ ਇਸ ਨਾਲ ਸਿੰਜਾਈ ਜਾਣ ਵਾਲੀਆਂ ਫਸਲਾਂ ਰਾਹੀਂ ਮਨੁੱਖੀ ਸਰੀਰ ਵਿੱਚ ਦਾਖਲ ਹੋ ਸਕਦੇ ਹਨ, ਜਿਸ ਨਾਲ ਅੰਤੜੀਆਂ ਦੀ ਲਾਗ, ਐਲਰਜੀ, ਇਮਿਊਨ ਸਿਸਟਮ ਦੀ ਕਮਜ਼ੋਰੀ, ਜਿਗਰ ਅਤੇ ਗੁਰਦੇ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਸਭ ਤੋਂ ਗੰਭੀਰ ਪ੍ਰਭਾਵ ਐਂਟੀਬਾਇ ਟਿਕ ਪ੍ਰਤੀਰੋਧ ਦੇ ਰੂਪ ਵਿੱਚ ਆਉਂਦਾ ਹੈ। ਜਦੋਂ ਬੈਕਟੀਰੀਆ ਲਗਾਤਾਰ ਐਂਟੀਬਾਇਓਟਿਕਸ ਦੇ ਸੰਪਰਕ ਵਿੱਚ ਆਉਂਦੇ ਹਨ, ਤਾਂ ਉਹ ਉਹਨਾਂ ਪ੍ਰਤੀ ਰੋਧਕ ਬਣ ਜਾਂਦੇ ਹਨ, ਜਿਸ ਨਾਲ ਆਮ ਲਾਗਾਂ ਦਾ ਇਲਾਜ ਕਰਨਾ ਔਖਾ ਹੋ ਜਾਂਦਾ ਹੈ। ਇਸ ਵੇਲੇ ਵਿਸ਼ਵ ਸਿਹਤ ਸੰਗਠਨ ਨੇ ਐਂਟੀਬਾਇ ਟਿਕ ਪ੍ਰਤੀਰੋਧ ਨੂੰ ਵਿਸ਼ਵਵਿਆਪੀ ਸਿਹਤ ਸੰਕਟਾਂ ਵਿੱਚੋਂ ਇੱਕ ਘੋਸ਼ਿਤ ਕੀਤਾ ਹੈ। ਭਾਰਤ ਵਿੱਚ, ਇਸ ਕਾਰਨ ਕਰਕੇ ਹਰ ਸਾਲ ਲਗਭਗ ਅਠੱਤੀ ਹਜ਼ਾਰ ਨਵਜੰਮੇ ਬੱਚੇ ਮਰ ਜਾਂਦੇ ਹਨ। ਇਹ ਸੰਕਟ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਇਸ ਸੰਕਟ ਦਾ ਸਿੱਧਾ ਅਸਰ ਖੇਤੀਬਾੜੀ 'ਤੇ ਵੀ ਪੈ ਰਿਹਾ ਹੈ। ਇਸ ਤਰ੍ਹਾਂ ਐਂਟੀਬਾਇ ਟਿਕ ਪ੍ਰਦੂਸ਼ਣ ਨਾ ਸਿਰਫ਼ ਇੱਕ ਵਾਤਾਵਰਣ ਸਮੱਸਿਆ ਬਣ ਗਿਆ ਹੈ, ਸਗੋਂ ਇੱਕ ਆਰਥਿਕ ਅਤੇ ਸਮਾਜਿਕ ਸਮੱਸਿਆ ਵੀ ਬਣ ਗਿਆ ਹੈ ਜਿਸਦਾ ਤੁਰੰਤ ਹੱਲ ਕਰਨ ਦੀ ਲੋੜ ਹੈ।

ਭਾਰਤ ਸਰਕਾਰ ਨੇ ਇਸ ਦਿਸ਼ਾ ਵਿੱਚ ਕੁਝ ਯਤਨ ਕੀਤੇ ਹਨ। ਗੰਗਾ ਪੁਨਰ ਸੁਰਜੀਤੀ ਯੋਜਨਾ, ਨਮਾਮੀ ਗੰਗੇ ਅਭਿਆਨ, ਜਲ ਜੀਵਨ ਮਿਸ਼ਨ ਵਰਗੇ ਪ੍ਰੋਗਰਾਮਾਂ ਨੇ ਵੀ ਗੁਣਵੱਤਾ ਵਾਲੇ ਜਲ ਸਰੋਤ ਪ੍ਰਦਾਨ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਅਤੇ ਸਰੋਤਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਚਲਾਏ ਜਾ ਰਹੇ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਫਾਰਮਾਸਿਊਟੀਕਲ ਉਦਯੋਗਾਂ ਲਈ ਗੰਦੇ ਪਾਣੀ ਦੇ ਇਲਾਜ ਪਲਾਂਟ ਸਥਾਪਤ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਉਦਯੋਗਿਕ ਇਕਾਈਆਂ ਦੀ ਨਿਗਰਾਨੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੁਆਰਾ ਕੀਤੀ ਜਾ ਰਹੀ ਹੈ। ਪਰ ਇਹਨਾਂ ਯਤਨਾਂ ਦੀ ਸਫਲਤਾ ਸੀਮਤ ਹੈ। ਨਿਗਰਾਨੀ ਦੀ ਢਿੱਲ ਅਤੇ ਵਾਤਾਵਰਣ ਨਿਯਮਾਂ ਦੀ ਮਾੜੀ ਪਾਲਣਾ ਸਾਫ਼-ਸਾਫ਼ ਦੇਖੀ ਜਾ ਸਕਦੀ ਹੈ। ਇਸ ਸੰਕਟ ਦੇ ਹੱਲ ਲਈ ਇੱਕ ਬਹੁਪੱਖੀ, ਤਾਲਮੇਲ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਫਾਰਮਾਸਿਊਟੀਕਲ ਨਿਰਮਾਣ ਉਦਯੋਗਾਂ ਨੂੰ ਜਵਾਬਦੇਹ ਬਣਾਉਣਾ ਜ਼ਰੂਰੀ ਹੈ। ਐਂਟੀਬਾਇ ਟਿਕਸ ਦੀ ਬੇਲੋੜੀ ਵਰਤੋਂ ਤੋਂ ਬਚਣ ਲਈ ਵਿਆਪਕ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਸਕੂਲਾਂ, ਕਾਲਜਾਂ, ਸਿਹਤ ਕੇਂਦਰਾਂ ਅਤੇ ਗ੍ਰਾਮ ਸਭਾਵਾਂ ਰਾਹੀਂ, ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਐਂਟੀਬਾਇ ਟਿਕਸ ਦੀ ਦੁਰਵਰਤੋਂ ਕਿਵੇਂ ਲੰਬੇ ਸਮੇਂ ਦੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਇਸ ਤੋਂ ਇਲਾਵਾ, ਸਵੈ-ਦਵਾਈ ਦੀ ਪ੍ਰਵਿਰਤੀ ਨੂੰ ਰੋਕਣ ਲਈ ਦਵਾਈ ਵੇਚਣ ਦੀ ਪ੍ਰਣਾਲੀ ਨੂੰ ਵੀ ਕੰਟਰੋਲ ਕਰਨ ਦੀ ਲੋੜ ਹੈ। ਪਸ਼ੂ ਪਾਲਣ ਅਤੇ ਖੇਤੀਬਾੜੀ ਖੇਤਰਾਂ ਵਿੱਚ ਐਂਟੀਬਾਇ ਟਿਕ ਦੀ ਵਰਤੋਂ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਬਣਾਉਣ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਦੀ ਵੀ ਲੋੜ ਹੈ। ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਪਾਣੀ, ਸੁਰੱਖਿਅਤ ਭੋਜਨ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਕਰਨਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਜੇਕਰ ਅੱਜ ਫੈਸਲਾਕੁੰਨ ਕਦਮ ਨਾ ਚੁੱਕੇ ਗਏ, ਤਾਂ ਕੱਲ੍ਹ ਨੂੰ ਇਹ ਸੰਕਟ ਸਾਡੀ ਸੱਭਿਅਤਾ ਦੇ ਵਜੂਦ ਨੂੰ ਸਵਾਲਾਂ ਦੇ ਘੇਰੇ ਵਿੱਚ ਪਾ ਦੇਵੇਗਾ। ਨਦੀਆਂ ਸਿਰਫ਼ ਪਾਣੀ ਦੇ ਸਰੋਤ ਨਹੀਂ ਹਨ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ, ਆਰਥਿਕ ਜੀਵਨ ਰੇਖਾ ਅਤੇ ਵਾਤਾਵਰਣ ਸੰਤੁਲਨ ਦਾ ਧੁਰਾ ਵੀ ਹਨ। ਉਨ੍ਹਾਂ ਦੀ ਸੰਭਾਲ ਮਨੁੱਖਤਾ ਦੀ ਸੰਭਾਲ ਦੇ ਬਰਾਬਰ ਹੈ। ਇਸ ਲਈ, ਐਂਟੀਬਾਇ ਟਿਕ ਪ੍ਰਦੂਸ਼ਣ ਨੂੰ ਸਿਰਫ਼ ਇੱਕ ਸਿਹਤ ਮੁੱਦਾ ਜਾਂ ਵਾਤਾਵਰਣ ਮੁੱਦਾ ਨਹੀਂ ਮੰਨਿਆ ਜਾਣਾ ਚਾਹੀਦਾ, ਸਗੋਂ ਇਸਨੂੰ ਇੱਕ ਵਿਆਪਕ ਜੀਵਨ ਸੰਕਟ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਪੂਰੇ ਸਮਾਜ ਨੂੰ ਇਸ ਦਿਸ਼ਾ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕੇਵਲ ਤਦ ਹੀ ਅਸੀਂ ਇੱਕ ਅਜਿਹੇ ਭਾਰਤ ਦੇ ਸੁਪਨੇ ਨੂੰ ਸਾਕਾਰ ਕਰ ਸਕਾਂਗੇ ਜਿੱਥੇ ਨਦੀਆਂ ਸਾਫ਼ ਵਗਣਗੀਆਂ, ਜੀਵਨ ਸੁਰੱਖਿਅਤ ਹੋਵੇਗਾ ਅਤੇ ਵਿਕਾਸ ਟਿਕਾਊ ਅਤੇ ਸਮਾਵੇਸ਼ੀ ਹੋਵੇਗਾ।

# ਅੱਜਕੱਲ੍ਹ ਕਿਤਾਬਾਂ ਦੀ ਦੁਨੀਆਂ ਆਪਣਾ ਰੂਪ ਬਦਲ ਰਹੀ ਹੈ



**ਵਿਜੈ ਗਰਗ**

ਕਿਤਾਬਾਂ ਦਾ ਇਤਿਹਾਸ ਬੜਾ ਦਿਲਚਸਪ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਛਪੀਆਂ ਕਿਤਾਬਾਂ ਦੀ ਪ੍ਰਕਿਰਿਆ 1448 ਈ। ਤੋਂ ਸ਼ੁਰੂ ਹੋਈ ਸੀ, ਜਦੋਂ ਜੋਹਾਨਸ ਗੁਟੇਨਬਰਗ ਨੇ ਪ੍ਰਿੰਟਿੰਗ ਪ੍ਰੈਸ ਦੀ ਖੋਜ ਕੀਤੀ ਸੀ।ਪਰ ਬਾਅਦ ਵਿੱਚ ਇਹ ਗਲਤ ਸਾਬਤ ਹੋਇਆ। ਉਂਜ ' ਪੰਜ ਹਜ਼ਾਰ ਸਾਲ ਪਹਿਲਾਂ ਵੀ ਕਿਤਾਬਾਂ ਸਨ, ਪਰ ਅੱਜ ਵਾਂਗ ਨਹੀਂ ਸਨ। ਉਹ ਪੁਰਾਣੀਆਂ ਕਿਤਾਬਾਂ ਚਿੱਟੀ ਮਿੱਟੀ ਦੀਆਂ ਫੱਟੀਆਂ ਉੱਤੇ ਲਿਖੀਆਂ ਗਈਆਂ ਸਨ। ਇਨ੍ਹਾਂ ਮੁੱਢਲੀਆਂ ਪੁਸਤਕਾਂ ਦੇ ਅਵਸ਼ੇਸ਼ ਸਾਰਗਾਨ, ਬੇਬਲ ਆਦਿ ਥਾਵਾਂ ਤੋਂ ਮਿਲੇ ਹਨ। ਬੇਬਲ, ਜਿਸ ਨੂੰ ਅੱਜ ਅਸੀਂ ਬੇਬੀਲੋਨੀਆ ਕਹਿੰਦੇ ਹਾਂ, ਵਿੱਚ ਲਗਭਗ ਢਾਈ ਹਜ਼ਾਰ ਅਜਿਹੀਆਂ ਛੁੱਟੀਆਂ ਮਿਲੀਆਂ ਹਨ। ਇਹਨਾਂ ਨੂੰ ਵੱਖ-ਵੱਖ ਵਿਸ਼ਿਆਂ ਜਿਵੇਂ ਜੋਤਿਸ਼, ਵਿਆਕਰਨ, ਦਵਾਈ ਆਦਿ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਚੀਨ ਦਾ ਪਹਿਲਾ ਯਾਤਰੀ ਫਾਹਿਯਾਨ ਸੰਨ 399 ਤੋਂ 414 ਈ. ਦੇ ਵਿਚਕਾਰ ਭਾਰਤ ਆਇਆ ਸੀ। ਆਪਣੇ ਸਫ਼ਰਨਾਮੇ ਵਿੱਚ ਉਸਨੇ ਸਿੱਖਿਆ ਕੇਂਦਰਾਂ ਵਿੱਚ ਲਾਇਬ੍ਰੇਰੀਆਂ ਦੀ ਹੋਂਦ ਨੂੰ ਉਜਾਗਰ ਕੀਤਾ ਹੈ। ਇਕ ਹੋਰ ਚੀਨੀ ਯਾਤਰੀ ਹਿਊਨਸਾਂਗ ਨੇ ਸੰਨ 629 ਤੋਂ 645 ਈ। ਵਿਚ ਮੱਧ ਏਸ਼ੀਆ ਅਤੇ ਭਾਰਤ ਦਾ ਵਿਦਿਅਕ ਦੌਰਾ ਕੀਤਾ ਸੀ। ਉਸ ਨੇ ਰੇਸ਼ਮੀ ਕੱਪੜੇ ਦੀਆਂ ਪੱਟੀਆਂ, ਭੋਜ ਪੱਤਰ, ਚਮੜੇ ਅਤੇ ਲੱਕੜ ਦੇ ਚੌਰਸ ਟੁਕੜਿਆਂ 'ਤੇ ਹੱਥਾਂ ਨਾਲ ਲਿਖੀਆਂ ਕਿਤਾਬਾਂ ਦਾ ਜ਼ਿਕਰ ਕੀਤਾ ਹੈ। ਹਾਲਾਂਕਿ, ਉਦੋਂ ਤੱਕ ਚੀਨ ਦੇ ਹਾਨ ਰਾਜਵੰਸ਼ ਦੌਰਾਨ ਕਾਗਜ਼ ਦੀ ਖੋਜ ਹੋ ਚੁੱਕੀ ਸੀ। ਕਾਈ ਲੁਨ ਨਾਂ ਦੇ ਵਿਅਕਤੀ ਨੂੰ ਕਾਗਜ਼ ਦਾ ਖੋਜੀ ਮੰਨਿਆ ਜਾਂਦਾ ਹੈ। ਪਰ ਉਥੋਂ ਇਹਨੂੰ ਦੂਜੇ ਦੇਸ਼ਾਂ ਵਿਚ ਪਹੁੰਚਣ ਵਿਚ ਕਾਫੀ ਸਮਾਂ ਲੱਗ ਗਿਆ।

ਜਦੋਂ ਕਾਗਜ਼ ਹੋਂਦ ਵਿੱਚ ਆਇਆ ਤਾਂ ਇਸ ਦੀ ਵਰਤੋਂ ਕਿਤਾਬਾਂ ਲਿਖਣ ਲਈ ਕੀਤੀ ਜਾਣ ਲੱਗੀ। ਗੁਟੇਨਬਰਗ ਨੇ 1448 ਈ. ਵਿੱਚ ਆਪਣੀ ਪ੍ਰਿੰਟਿੰਗ ਮਸ਼ੀਨ ਤੋਂ ਪਹਿਲੀ ਕਿਤਾਬ ਬਾਈਬਲ ਛਾਪੀ। ਲੰਬੇ ਸਮੇਂ ਤੱਕ ਇਸ ਬਾਈਬਲ ਨੂੰ ਪਹਿਲੀ ਛਪੀ ਕਿਤਾਬ ਮੰਨਿਆ ਜਾਂਦਾ ਸੀ। ਪਰ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਇਹ ਮਾਣ ਤਿੱਬਤ ਦੇ ਇਕ ਮੱਠ ਵਿਚ ਮਿਲੀ 'ਹੀਰਕ ਸੂਤਰ' ਨੂੰ ਪ੍ਰਾਪਤ ਹੋ ਗਿਆ। ਇਹ ਬੁੱਧ ਧਰਮ ਦਾ ਇੱਕ ਗ੍ਰੰਥ ਹੈ, ਜਿਸ ਦਾ ਪਾਲੀ ਭਾਸ਼ਾ ਤੋਂ ਚੀਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਹੈ। ਅਸਲ ਵਿੱਚ ਜੋਹਾਨਸ ਗੁਟੇਨਬਰਗ ਤੋਂ ਬਹੁਤ ਪਹਿਲਾਂ, ਬੋਧੀ ਭਿਕਸ਼ੂਆਂ ਨੇ ਛਪਾਈ ਦੀ ਇੱਕ ਵਿਧੀ ਖੋਜ ਲਈ ਸੀ। ਇਸ ਵਿਧੀ ਵਿੱਚ ਛਾਪੀ ਜਾਣ ਵਾਲੀ ਸਮੱਗਰੀ ਨੂੰ ਲੱਕੜ ਦੇ ਵਰਗਾਕਾਰ ਟੁਕੜਿਆਂ 'ਤੇ ਉਲਟੇ ਰੂਪ ਵਿੱਚ ਲਿਖਿਆ ਜਾਂਦਾ ਸੀ। ਫਿਰ ਸਿਆਹੀ ਵਾਲੇ ਹਿੱਸੇ ਨੂੰ ਛੱਡ ਕੇ ਲੱਕੜ ਦੀ ਬਾਕੀ ਸਤਹ ਨੂੰ ਖੋਦ ਕੇ ਨੀਵਾਂ ਕਰ ਦਿੱਤਾ ਜਾਂਦਾ ਸੀ। ਇੱਕ ਕਿਤਾਬ ਲਈ ਅਜਿਹੇ ਕਈ ਠੱਪੇ ਬਣਾਉਣੇ ਪੈਂਦੇ ਸਨ। ਇਹ ਬਹੁਤ ਮਿਹਨਤ ਵਾਲਾ ਕੰਮ ਸੀ, ਪਰ ਜਦੋਂ ਠੱਪੇ ਤਿਆਰ ਹੋ ਗਏ ਤਾਂ ਕਿਤਾਬਾਂ ਦੀਆਂ 100-50 ਕਾਪੀਆਂ ਛਾਪਣੀਆਂ ਆਸਾਨ ਹੋ ਜਾਂਦੀਆਂ ਸਨ। ਕਰੀਬ ਬਾਰਾਂ ਸੌ ਸਾਲ ਪਹਿਲਾਂ ਪੁਸਤਕਾਂ ਦੀ ਦੁਨੀਆਂ ਲਈ ਇਹ ਬਹੁਤ ਵੱਡੀ ਪ੍ਰਾਪਤੀ ਸੀ। ਹੀਰਕ ਸੂਤਰ ਨੂੰ 868 ਈ। ਵਿੱਚ ਇਸੇ ਠੱਪਾ ਵਿਧੀ ਦੀ ਵਰਤੋਂ ਨਾਲ ਛਾਪਿਆ ਗਿਆ ਸੀ।

ਪੁਸਤਕਾਂ ਦੀ ਲੰਮੀ ਪਰੰਪਰਾ ਹੈ। ਇਸ ਨੂੰ ਗਿਆਨ ਦਾ ਭੰਡਾਰ ਕਿਹਾ ਜਾਂਦਾ ਹੈ। ਕਿਤਾਬਾਂ ਇਸ ਦੁਨੀਆਂ ਨੂੰ ਬਦਲਣ ਦਾ ਜ਼ਰੀਆ ਬਣੀਆਂ ਹੋਈਆਂ ਹਨ। ਮਹਾਭਾਰਤ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਦੁਆਰਾ ਪ੍ਰਚਾਰਿਆ ਗਿਆ ਗੀਤਾ ਦਾ ਉਪਦੇਸ਼ ਅੱਜ ਇੱਕ ਪੁਸਤਕ ਦੇ ਰੂਪ ਵਿੱਚ ਸਾਂਭਿਆ ਹੋਇਆ ਹੈ। ਬਾਈਬਲ, ਕੁਰਾਨ, ਰਾਮਾਇਣ, ਵੇਦ ਪਵਿੱਤਰ ਗ੍ਰੰਥ ਹਨ।ਪਰ ਸਰੂਪ ਇੱਕ ਕਿਤਾਬ ਦਾ ਹੈ। ਪੁਸਤਕਾਂ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਹਨ। ਅੰਗਰੇਜ਼ ਇਤਿਹਾਸਕਾਰ ਅਤੇ ਦਾਰਸ਼ਨਿਕ ਥਾਮਸ ਕਾਰਲਾਈਲ ਨੇ ਕਿਤਾਬਾਂ ਬਾਰੇ ਕਿਹਾ ਹੈ-ਮਨੁੱਖ ਜਾਤੀ ਨੇ ਜ ਵੀ ਕੀਤਾ, ਸੋਚਿਆ, ਪ੍ਰਾਪਤ ਕੀਤਾ ਜਾਂ ਹੋਇਆ, ਇਹ ਸਭ ਕਿਤਾਬਾਂ ਦੇ ਜਾਦੂਈ ਪੰਨਿਆਂ ਵਿੱਚ ਸੁਰੱਖਿਅਤ ਹੈ। + ਭਾਵ ਕਿਤਾਬਾਂ ਮਨੁੱਖਤਾ ਦਾ ਦਸਤਾਵੇਜ਼ ਹਨ।ਕਿਤਾਬਾਂ ਮਨੁੱਖ ਨੂੰ ਜੀਵਨ ਦਾ ਰਾਹ ਵਿਖਾਉਂਦੀਆਂ ਹਨ, ਜਿਉਣ ਦੇ ਨਵੇਂ-ਨਵੇਂ ਰਾਹ ਸੁਝਾਉਂਦੀਆਂ ਹਨ। ਅੰਗਰੇਜ਼ੀ ਲੇਖਕਾ ਡੋਰੋਥੀ ਵਹਿਪਲ ਇਸ ਤੱਥ ਨੂੰ ਇਸ ਤਰ੍ਹਾਂ ਪੇਸ਼ ਕਰਦੀ ਹੈ- ਕਿਤਾਬਾਂ ਲਾਈਟ- ਹਾਊਸ ਹੁੰਦੀਆਂ ਹਨ, ਜੋ ਸਮੇਂ ਦੇ ਵਿਸ਼ਾਲ ਸਾਗਰ ਵਿਚ ਖੜ੍ਹੀਆਂ ਕਰ ਦਿੱਤੀਆਂ ਗਈਆਂ ਹਨ। ਲੋਕਮਾਨਯ ਬਾਲ ਗੰਗਾਧਰ ਤਿਲਕ ਪੁਸਤਕਾਂ ਦੇ ਬਹੁਤ ਸ਼ਰਧਾਲੂ ਸਨ। ਉਨ੍ਹਾਂ ਦਾ ਕਥਨ ਹੈ- ਮੈਂ ਚੰਗੀਆਂ ਕਿਤਾਬਾਂ ਦਾ ਨਰਕ ਵਿਚ ਵੀ ਸਵਾਗਤ ਕਰਾਂਗਾ, ਕਿਉਂਕਿ ਇਸ ਵਿਚ ਉਹ ਸ਼ਕਤੀ ਹੈ ਕਿ ਇਹ ਜਿੱਥੇ ਵੀ ਰਹਿਣਗੀਆਂ, ਉੱਥੇ ਹੀ ਸਵਰਗ ਬਣ ਜਾਵੇਗਾ।- ਇਸਦਾ ਭਾਵ ਹੈ ਕਿ ਕਿਤਾਬਾਂ ਸਾਡੇ ਜੀਵਨ ਵਿੱਚ ਸੱਚੇ ਮਾਰਗ-ਦਰਸ਼ਕ ਅਤੇ ਪ੍ਰੇਰਨਾ ਸਰੋਤ ਦੀ ਭੂਮਿਕਾ ਨਿਭਾਉਂਦੀਆਂ ਹਨ। ਪੰਡਿਤ ਜਵਾਹਰ ਲਾਲ ਨਹਿਰੂ ਕਿਹਾ ਕਰਦੇ ਸਨ- + ਕਿਤਾਬਾਂ ਤੋਂ ਬਿਨਾਂ ਅਸੀਂ ਦੁਨੀਆਂ ਦੀ ਕਲਪਨਾ ਵੀ ਨਹੀਂ ਕਰ ਸਕਦੇ ।4 ਅਸਲ ਵਿਚ ਸ਼ਖਸੀਅਤ ਦੇ ਸਮੁੱਚੇ ਰੂਪਾਂਤਰਣ ਵਿਚ ਪੁਸਤਕਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕਿਸੇ ਵਿਦਵਾਨ ਨੇ ਪੁਸਤਕਾਂ ਨੂੰ ਸਭਿਅਤਾ ਦੀਆਂ ਅੱਖਾਂ ਕਿਹਾ ਹੈ।

ਕਿਤਾਬਾਂ ਨਾਲ ਦੋਸਤੀ ਕਰਨ ਦਾ ਸਭ ਤੋਂ ਵਧੀਆ ਸਮਾਂ ਬਚਪਨ ਦਾ ਹੁੰਦਾ ਹੈ। ਇਸ ਉਮਰ ਵਿੱਚ ਇੱਕ ਵਾਰ ਦੋਸਤੀ ਹੋ ਜਾਵੇ ਤਾਂ ਜ਼ਿੰਦਗੀ-ਭਰ ਲਈ ਪੱਕੀ ਹੁੰਦੀ ਹੈ। ਅਕਾਦਮੀਸ਼ੀਅਨ ਡੀ. ਐਸ. ਕੋਠਾਰੀ ਤਾਂ ਬੱਚਿਆਂ ਨੂੰ ਉਮਰ ਅਨੁਸਾਰ ਕਿਤਾਬਾਂ ਮੁਹੱਈਆ ਕਰਵਾਉਣ ਦੇ ਵੱਡੇ ਸਮਰਥਕ ਸਨ। ਉਨ੍ਹਾਂ ਦੇ ਸ਼ਬਦਾਂ ਵਿੱਚ- ਬਾਲ ਸਾਹਿਤ ਪੜ੍ਹਨ ਨਾਲ ਬੱਚੇ ਦਾ ਬੌਧਿਕ ਦਾਇਰਾ ਵਿਸ਼ਾਲ ਹੁੰਦਾ ਹੈ ਅਤੇ ਉਹ ਪ੍ਰਤੱਖ ਵਾਤਾਵਰਣ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਜਾਂਦਾ ਹੈ ਇਹ ਬੱਚਿਆਂ ਵਿੱਚ ਕੁਦਰਤ, ਵਾਤਾਵਰਣ ਅਤੇ ਵਾਤਾਵਰਣ ਦੇ ਜੀਵਿਤ ਅਤੇ ਨਿਰਜੀਵ ਤੱਤਾਂ ਪ੍ਰਤੀ ਉਤਸੁਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦਾ ਹੈ। ਸਾਹਿਤ ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਜੁੜਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕਿਤਾਬਾਂ ਕੁਝ ਕਹਿਣਾ ਚਾਹੁੰਦੀਆਂ ਹਨ ਤੁਹਾਡੇ ਨਾਲ ਰਹਿਣਾ ਚਾਹੁੰਦੀਆਂ ਹਨ।

ਇਸ ਕਵਿਤਾ ਵਿੱਚ ਪੁਸਤਕਾਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ ਗਿਆ ਹੈ। ਜੇ ਤੁਸੀਂ ਇਸ ਨੂੰ ਪੜ੍ਹੋਗੇ ਤਾਂ ਤੁਹਾਨੂੰ ਪਤਾ ਲੱਗੇਗਾ, ਹੈਂ! ਪੁਸਤਕ ਵਿੱਚ ਹਰ ਪਹਿਲੂ ਨੂੰ ਕਵਰ ਕੀਤਾ ਗਿਆ ਹੈ। ਪਰ ਇਹ ਵੀ ਇੱਕ ਸੱਚਾਈ ਹੈ ਕਿ ਅੱਜਕੱਲ੍ਹ ਕਿਤਾਬਾਂ ਦੇ ਕਦਰਦਾਨ ਬਹੁਤ ਘਟ ਗਏ ਹਨ। ਕਿਤਾਬ ਨਾਲ ਸਾਡੀ ਦੋਸਤੀ ਤਾਂ ਹੋਈ ਕਿਉਂਕਿ ਸਾਡੇ ਪਰਿਵਾਰ ਅਤੇ ਆਂਢ- ਗੁਆਂਢ ਦੇ ਬਜ਼ੁਰਗ ਕਿਤਾਬਾਂ ਪੜ੍ਹਦੇ ਸਨ। ਉਨ੍ਹਾਂ ਦੀ ਵੇਖਾ-ਵੇਖੀ ਅਸੀਂ ਵੀ ਕਿਤਾਬਾਂ ਦੇ ਪੰਨੇ ਪਲਟਣ ਲੱਗ ਪਏ। ਫਿਰ ਇੱਕ ਸਮਾਂ ਆਇਆ ਕਿ ਅਸੀਂ ਕਿਤਾਬਾਂ ਦੀ ਦੁਨੀਆਂ ਵਿੱਚ ਉਤਰਦੇ ਗਏ। ਹੁਣ ਸਮਾਂ ਬਦਲ ਗਿਆ ਹੈ। ਸਮਾਜ ਕਿਤਾਬਾਂ ਤੋਂ ਦੂਰ ਹੋ ਗਿਆ ਹੈ। ਬੁੱਢੇ ਤੋਂ ਲੈ ਕੇ ਜਵਾਨ ਤੱਕ, ਏਥੋਂ ਤੱਕ ਕਿ ਕਰਨਾ ਤੋਂ ਬਾਅਦ ਬੱਚੇ ਵੀ ਮੋਬਾਈਲ ਫੋਨਾਂ ਵਿੱਚ ਰੁੱਝੇ ਹੋਏ ਹਨ। ਉਹ ਸ਼ਬਦ ਜਿਸ ਵਿੱਚ ਜ਼ਿੰਦਗੀਆਂ ਧੜਕਦੀਆਂ ਸਨ, ਹੁਣ ਅਲਮਾਰੀ ਵਿੱਚ ਬੰਦ ਕਿਤਾਬ ਦੇ ਪੰਨਿਆਂ ਵਿੱਚ ਦਮ ਘੱਟ ਰਹੇ ਹਨ।


ਅੱਜਕੱਲ੍ਹ ਕਿਤਾਬਾਂ ਦੀ ਦੁਨੀਆਂ ਆਪਣਾ ਰੂਪ ਬਦਲ ਰਹੀ ਹੈ। ਪਹਿਲਾਂ, ਬਹੁਤ ਸਾਰੀਆਂ ਕਿਤਾਬਾਂ ਸਨ - ਧਰਮ ਦੀਆਂ, ਕਰਮ ਦੀਆਂ, ਗਿਆਨ- ਵਿਗਿਆਨ, ਕਿੱਸਾ-ਕਹਾਣੀ, ਸ਼ੇਅਰੋ-ਸ਼ਾਇਰੀ, ਨਾਵਲ, ਦਰਸ਼ਨ, ਇਤਿਹਾਸ, ਖੰਡ-ਕਾਵਿ ਤੋਂ ਕੇ ਮਹਾਂਕਾਵਿ ਤੱਕ... ਪਰ ਹੁਣ ਸਭ ਕੁਝ ਇੱਕ ਫੋਟੋ ਮੋਬਾਈਲ, ਟੈਬਲੇਟ ਜਾਂ ਲੈਪਟਾਪ ਵਿੱਚ ਮਿਲ ਸਕਦਾ ਹੈ। ਬਸ ਅਨਲਿਮਿਟਿਡ ਡੇਟਾ ਦੀ ਦੁਨੀਆਂ ਬਰਕਰਾਰ ਰਹੇ! ਮਤਲਬ, ਕਿਤਾਬਾਂ ਦੁਨੀਆਂ ਹੁਣ ਡਿਜੀਟਲਾਈਜ਼ਡ ਯੁੱਗ ਵਿੱਚ ਪਹੁੰਚ ਚੁੱਕੀ ਹੈ। ਸ਼ਬਦਾਂ ਦੀ ਤਾਕਤ ਨੂੰ ਕਿਤਾਬਾਂ ਤੋਂ ਔਨਲਾਈਨ ਦਾ ਰੂਪ ਬਦਲ ਲਿਆ ਹੈ। ਹੁਣ ਈ-ਬੁੱਕ ਦਾ ਯੁੱਗ ਆ ਰਿਹਾ ਹੈ। ਕਿਤਾਬਾਂ ਦੇ ਕੈਂਡਲ ਐਡੀਸ਼ਨ ਆਉਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਨੂੰ ਸਿਰਫ਼ ਡਿਵਾਈਸ 'ਤੇ ਹੀ ਪੜਿਆ ਜਾ ਸਕਦਾ ਹੈ।ਰਾਸ਼ਟਰੀ ਪੱਧਰ ਦੇ ਕੋਰਸ ਆਨਲਾਈਨ ਉਪਲਬਧ ਹਨ।ਕਿਤਾਬਾਂ ਦੀ ਦੁਨੀਆਂ ਤੇਜ਼ੀ ਨਾਲ ਬਦਲਣ ਲੱਗੀ ਹੈ। ਇਸ ਤਰ੍ਹਾਂ ਪਰੰਪਰਾਗਤ ਪੁਸਤਕਾਂ ਦੀ ਹੋਂਦ ਅਤੇ ਉਪਯੋਗਤਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਕੀ ਆਉਣ ਵਾਲੇ ਸਮਿਆਂ ਵਿੱਚ ਕਿਤਾਬਾਂ ਦਾ ਰੂਪ ਅਤੀਤ ਦੀ ਯਾਦ ਮਾਤਰ ਹੀ ਰਹਿ ਜਾਵੇਗਾ? ਜਦੋਂ ਵੀ ਅਸੀਂ ਕਿਤਾਬਾਂ ਦੀ ਗੱਲ ਕਰਦੇ ਹਾਂ ਤਾਂ ਗਿਆਨ ਅਤੇ ਸਾਹਿਤ ਇਸ ਦੇ ਕੇਂਦਰ ਵਿੱਚ ਹੁੰਦੇ ਹਨ। ਸਮਾਜ ਕਿਤਾਬਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪਰ ਇਹ ਤਬਦੀਲੀ, ਪੁਸਤਕ ਅਤੇ ਪਾਠਕ ਵਿਚਕਾਰ ਜੋ ਇੰਟਰਨੈੱਟ ਅਤੇ ਡਿਵਾਈਸ ਜੋ ਆ ਗਿਆ ਹੈ, ਕੀ ਕੁਦਰਤੀ ਵਿਕਾਸ ਦਾ ਹਿੱਸਾ ਹਨ? ਇਹ ਗੰਭੀਰ ਬਹਿਸ ਦਾ ਵਿਸ਼ਾ ਹੈ, ਪਰ ਇਸ ਨਵੇਂ ਮਾਧਿਅਮ ਨੂੰ ਇਕਦਮ ਰੱਦ ਨਹੀਂ

(ਬਾਕੀ ਅਗਲੇ ਸਫੇ 'ਤੇ)

# ਗਰਮੀਆਂ ਵਿੱਚ ਹੌਲੀ ਪਾਚਨ ਕਿਰਿਆ

**ਵਿਜੈ ਗਰਗ**

ਜਿਵੇਂ-ਜਿਵੇਂ ਗਰਮੀ ਵਧਦੀ ਹੈ, ਲੋਕ ਅਕਸਰ ਆਪਣੀ ਪਾਚਨ ਸ਼ਕਤੀ ਕਮਜ਼ੋਰ ਹੋਣ ਦੀ ਸ਼ਿਕਾਇਤ ਕਰਦੇ ਹਨ। ਪੇਟ ਦੀ ਅੱਗ ਦੇ ਹੌਲੀ ਹੋਣ ਦਾ ਮਤਲਬ ਹੈ ਕਿ ਭੋਜਨ ਸਹੀ ਢੰਗ ਨਾਲ ਪਚਦਾ ਨਹੀਂ ਹੈ। ਬਦਹਜ਼ਮੀ ਬਣੀ ਰਹਿੰਦੀ ਹੈ। ਇਸ ਤਰ੍ਹਾਂ, ਸਰੀਰ ਸੁਸਤ ਮਹਿਸੂਸ ਕਰਦਾ ਹੈ ਅਤੇ ਊਰਜਾ ਦੀ ਘਾਟ ਹੁੰਦੀ ਹੈ। ਜ਼ਾਹਿਰ ਹੈ, ਇਸ ਨਾਲ ਰੋਜ਼ਾਨਾ ਦੇ ਕੰਮ 'ਤੇ ਵੀ ਅਸਰ ਪੈਂਦਾ ਹੈ। ਇਸ ਲਈ, ਇਸ ਮੌਸਮ ਵਿੱਚ ਹਲਕਾ ਭੋਜਨ ਖਾਣ ਅਤੇ ਜ਼ਿਆਦਾ ਤਰਲ ਪਦਾਰਥਾਂ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਪੇਟ ਦੀ ਅੱਗ ਨੂੰ ਘੱਟ ਕਰਨਾ ਸਿਰਫ਼ ਖਾਣ-ਪੀਣ ਦੀਆਂ ਆਦਤਾਂ ਨਾਲ ਸਬੰਧਤ ਨਹੀਂ ਹੈ। ਇੱਕ ਵਾਰ ਜਦੋਂ ਪਾਚਨ ਪ੍ਰਣਾਲੀ ਕਮਜ਼ੋਰ ਹੋਣ ਲੱਗਦੀ ਹੈ, ਤਾਂ ਇਸਦੇ ਲੰਬੇ ਸਮੇਂ ਦੇ ਪ੍ਰਭਾਵ ਪੈਂਦੇ ਹਨ। ਮੌਸਮ



ਬਦਲਣ ਤੋਂ ਬਾਅਦ ਵੀ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਪਾ ਰਿਹਾ। ਅਜਿਹੀ ਸਥਿਤੀ ਵਿੱਚ, ਖੁਰਾਕ ਸੰਬੰਧੀ ਸਾਵਧਾਨੀਆਂ ਵਰਤਣ ਦੇ ਨਾਲ-ਨਾਲ ਕੁਝ ਕਸਰਤ ਵੀ ਕਰਨੀ ਚਾਹੀਦੀ ਹੈ। ਅੱਗ-ਸਾਹ ਲੈਣ ਦੀਆਂ ਕਸਰਤਾਂ ਜਠਰਾਗਨੀ ਦਾ ਅਰਥ ਹੈ ਪੇਟ ਵਿੱਚ ਅੱਗ। ਉਹ ਅੱਗ ਜੋ ਭੋਜਨ ਨੂੰ ਹਜ਼ਮ ਕਰਨ ਲਈ ਜ਼ਰੂਰੀ ਹੈ। ਜੇਕਰ ਉਹੀ ਅੱਗ ਪੇਟ ਵਿੱਚ ਕਮਜ਼ੋਰ ਹੋ ਜਾਵੇ, ਤਾਂ ਭੋਜਨ ਠੀਕ ਤਰ੍ਹਾਂ ਪਚਦਾ ਨਹੀਂ ਅਤੇ ਸੜਦਾ ਰਹਿੰਦਾ ਹੈ। ਇਸ ਨਾਲ ਜ਼ਹਿਰੀਲੇ ਰਸਾਇਣ ਪੈਦਾ ਹੁੰਦੇ ਹਨ, ਐਸਿਡਿਟੀ ਦੀ ਸਮੱਸਿਆ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਕਈ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਅਗਨੀਸਾਰ ਕਸਰਤ ਪੇਟ ਦੀ ਅੱਗ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੁੰਦੀ ਹੈ। ਸਵੇਰੇ ਖਾਲੀ ਪੇਟ ਵਜਰਾਸਨ ਵਿੱਚ ਬੈਠੋ। ਦੋਵੇਂ ਲੱਤਾਂ ਮੋੜੋ ਅਤੇ ਉਨ੍ਹਾਂ ਨੂੰ ਪਿੱਛੇ ਲੈ ਜਾਓ। ਆਪਣੀਆਂ ਹਥੇਲੀਆਂ ਨੂੰ ਆਪਣੇ ਗੋਡਿਆਂ 'ਤੇ ਰੱਖੋ ਅਤੇ ਹਲਕਾ ਜਿਹਾ ਦਬਾਅ ਪਾ । ਆਪਣਾ ਪੇਟ ਢਿੱਲਾ ਰੱਖੋ। ਸਾਹ ਰੋਕੋ। ਆਪਣਾ ਢਿੱਡ ਹਿਲਾ । ਜਿੰਨਾ ਚਿਰ ਹੋ ਸਕੇ ਆਪਣੇ ਪੇਟ ਨੂੰ ਹਿਲਾ ਅਤੇ ਸਾਹ ਰੋਕ ਕੇ ਰੱਖੋ। ਇਸ ਕਸਰਤ ਨੂੰ ਪੰਜ ਤੋਂ ਸੱਤ ਵਾਰ ਕਰੋ। ਇਸ ਤਰ੍ਹਾਂ ਪੇਟ ਦੀ ਅੱਗ ਵਧ ਜਾਂਦੀ ਹੈ। ਤੁਹਾਨੂੰ ਭੁੱਖ ਲੱਗਣ ਲੱਗਦੀ ਹੈ ਅਤੇ ਭੋਜਨ ਪਚਣਾ ਸ਼ੁਰੂ ਹੋ ਜਾਂਦਾ ਹੈ। ਹਲਕਾ ਅਤੇ ਆਸਾਨੀ ਨਾਲ ਪਚਣ ਵਾਲਾ ਭੋਜਨ ਗਰਮੀਆਂ ਦੇ ਮੌਸਮ ਵਿੱਚ, ਪੇਟ ਦੀ ਅੱਗ ਕੁਦਰਤੀ ਤੌਰ 'ਤੇ ਸੁਸਤ ਹੋ ਜਾਂਦੀ ਹੈ। ਇਸੇ ਕਰਕੇ ਤਲੇ ਹੋਏ ਅਤੇ ਮਸਾਲੇਦਾਰ ਭੋਜਨ ਨੂੰ ਹਜ਼ਮ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਲਈ, ਅਜਿਹੇ ਪਕਵਾਨਾਂ ਤੋਂ ਬਚਣਾ ਹੀ ਬਿਹਤਰ ਹੈ। ਹਮੇਸ਼ਾ ਅਜਿਹੇ ਪਕਵਾਨ ਚੁਣੋ ਜੋ ਪਚਣ ਵਿੱਚ ਆਸਾਨ ਹੋਣ ਅਤੇ ਉਨ੍ਹਾਂ ਨੂੰ ਖਾਣ ਨਾਲ ਤੁਹਾਨੂੰ ਭਰਪੂਰ ਊਰਜਾ ਵੀ ਮਿਲਦੀ ਹੈ। ਪੁੰਗਰੇ ਹੋਏ ਦਾਲਾਂ ਅਤੇ ਅਨਾਜਾਂ ਨੂੰ ਭਾਫ਼ ਲੈ ਕੇ ਖਾਣਾ ਬਿਹਤਰ ਹੁੰਦਾ ਹੈ। ਇਸ ਮੌਸਮ ਵਿੱਚ ਦਲੀਆ (ਦਲੀਆ), ਖਿਚੜੀ, ਉਬਲੀਆਂ ਸਬਜ਼ੀਆਂ, ਇਡਲੀ, ਆਦਿ ਵਰਗੇ ਭੁੰਨੇ ਹੋਏ ਭੋਜਨ ਵਧੇਰੇ ਪਚਣਯੋਗ ਅਤੇ ਊਰਜਾ ਨਾਲ ਭਰਪੂਰ ਹੋ ਸਕਦੇ ਹਨ। ਤਰਲ ਪਦਾਰਥ ਪੀ : ਬਹੁਤ ਜ਼ਿਆਦਾ ਗਰਮੀ ਅਤੇ ਗਰਮ ਹਵਾ ਦੇ ਕਾਰਨ, ਸਰੀਰ ਦਾ ਪਾਣੀ ਜਲਦੀ ਸੁੱਕ ਜਾਂਦਾ ਹੈ। ਸਰੀਰ ਵਿੱਚ ਪਾਣੀ, ਨਮਕ ਅਤੇ ਖੰਡ ਦੀ ਸੰਤੁਲਿਤ ਮਾਤਰਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ, ਇਸ ਮੌਸਮ ਵਿੱਚ ਤਰਲ ਪਦਾਰਥਾਂ ਦਾ ਸੇਵਨ ਕਰਨਾ ਵਧੇਰੇ ਉਚਿਤ ਹੈ। ਫਲਾਂ ਦਾ ਰਸ, ਤਰਬੂਜ, ਖਰਬੂਜਾ, ਖੀਰਾ ਇਸ ਵਿੱਚ ਵਧੇਰੇ ਮਦਦਗਾਰ ਹੁੰਦੇ ਹਨ। ਇਸ ਤੋਂ ਇਲਾਵਾ, ਛਾਛ, ਸੱਤੂ ਲੱਸੀ, ਦਲੀਆ - ਛਾਛ, ਸੌਂਫ ਦਾ ਸ਼ਰਬਤ ਸਰੀਰ ਨੂੰ ਡੀਹਾਈਡਰੇਸ਼ਨ ਤੋਂ ਬਚਾਉਂਦਾ ਹੈ ਅਤੇ ਇਸਨੂੰ ਊਰਜਾ ਨਾਲ ਭਰਪੂਰ ਰੱਖਦਾ ਹੈ। ਜਦੋਂ ਵੀ ਤੁਸੀਂ ਬਾਹਰ ਜਾਓ ਅਤੇ ਲੰਬੇ ਸਮੇਂ ਲਈ ਘਰ ਤੋਂ ਬਾਹਰ ਰਹਿਣਾ ਪਵੇ, ਤਾਂ ਹਮੇਸ਼ਾ ਆਪਣੇ ਬੈਗ ਵਿੱਚ ਪਾਣੀ ਦੀ ਬੋਤਲ ਰੱਖੋ। ਜੇ ਸੰਭਵ ਹੋਵੇ, ਤਾਂ ਪਾਣੀ ਵਿੱਚ ਕੁਝ ਕੱਟੇ ਹੋਏ ਖੀਰੇ ਦੇ ਟੁਕੜੇ, ਕੁਝ ਪੁਦੀਨੇ ਦੇ ਪੱਤੇ ਅਤੇ ਇੱਕ ਚੁਟਕੀ ਨਮਕ ਪਾ । ਇਸ ਨਾਲ ਸਰੀਰ ਨੂੰ ਬਹੁਤ ਰਾਹਤ ਮਿਲਦੀ ਹੈ ਅਤੇ ਪਾਚਨ ਤੰਤਰ ਨੂੰ ਹੌਲੀ ਹੋਣ ਤੋਂ ਵੀ ਰੋਕਿਆ ਜਾਂਦਾ ਹੈ।

# ਸਰਹਿੰਦ ਫ਼ਤਿਹ ਦਿਵਸ/ ਤਾਰੀਖ ਬਨਾਮ ਪ੍ਰਵਿਸ਼ਟਾ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਰਾਜ ਦਾ ਬਾਨੀ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬ ਜੀ ਦੇ ਥਾਪੜੇ ਨਾਲ ਦੱਖਣ ਤੋਂ ਤਾਂ ਪੰਜ ਸਿੰਘਾ ਦੇ ਨਾਲ ਹੀ ਤੁਰਿਆਂ ਸੀ ਪਰ, ਪੰਜਾਬ ਤਾਈ ਪਹੁੰਚਦਿਆਂ ਉਸ ਦੇ ਕਾਫਲੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰਬੰਦ ਸਿੱਖ ਵਿੱਚ ਸ਼ਾਮਿਲ ਹੋ ਚੁੱਕੇ ਸਨ। ਬਾਬਾ ਬੰਦਾ ਬਹਾਦਰ ਵੱਲੋਂ ਪਹਿਲੀ ਕਾਰਵਾਈ, ਖਰਖੌਦਾ ਦੇ ਇਲਾਕੇ (ਸੋਨੀਪਤ ਅਤੇ ਰੋਹਤਕ ਦਾ ਇਲਾਕਾ) ਵਿੱਚ, ਸਰਕਾਰੀ ਸ਼ਹਿ ਤੇ ਲੁੱਟ ਮਾਰ ਕਰਨ ਵਾਲਿਆਂ ਖਿਲਾਫ਼ ਕੀਤੀ ਸੀ। ਇਥੋਂ ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਖਾਲਸਾ ਪੰਚਾਇਤ ਦੇ ਹਵਾਲੇ ਕਰਕੇ, ਖਾਲਸਾ ਲਸ਼ਕਰ ਸਮਾਣੇ ਆ ਗਰਜਿਆ। ਇਥੋਂ ਦਾ ਪ੍ਰਬੰਧ ਭਾਈ ਫ਼ਤਿਹ ਸਿੰਘ ਨੂੰ ਸੌਂਪ ਕੇ, ਖਾਲਸਾ ਫੌਜਾਂ ਘੁਮਾੜ ਹੁੰਦੀਆਂ ਹੋਈਆਂ ਸਢੌਰੇ ਆ ਪੁੱਜੀਆਂ। ਇਥੋਂ ਦੇ ਕਿਲੇ ਤੇ ਕਬਜਾ ਕਰਕੇ, ਨਿਸ਼ਾਨ ਸਾਹਿਬ ਝੁਲਾ ਦਿੱਤਾ। ਇਸ ਸਮੇਂ ਦੌਰਾਨ ਬੰਦਾ ਸਿੰਘ ਬਹਾਦਰ ਦੀ ਫੌਜੀ ਅਤੇ ਆਰਥਿਕ ਤਾਕਤ ਵਿੱਚ ਅਥਾਹ ਵਾਧਾ ਹੋ ਚੁੱਕਾ ਸੀ। ਹੁਣ ਇਸ ਤੋਂ ਅਗਲਾ ਨਿਸ਼ਾਨ ਸੀ ਸਰਹਿੰਦ। ਖਾਲਸਾ ਫੌਜਾਂ ਦਾ ਰਾਹ ਰੋਕਣ ਲਈ, ਵਜ਼ੀਰ ਖਾਨ ਦੀਆਂ ਫੌਜਾਂ ਨੇ ਚੱਪੜ ਚਿੜੀ (ਛੱਪੜ ਅਤੇ ਝਿੜੀ) ਦੇ ਮੈਦਾਨ ਵਿੱਚ ਮੋਰਚਾ ਆ ਮੱਲਿਆ।

ਸਿੱਖ ਇਤਿਹਾਸ ਵਿੱਚ ਸਭ ਤੋਂ ਮਹੱਤਵ ਪੂਰਨ ਲੜਾਈ ਚੱਪੜ ਚਿੜੀ ਦੇ ਮੈਦਾਨ ਵਿੱਚ 12 ਮਈ 1710 ਈ: (ਜੂਲੀਅਨ) ਨੂੰ ਹੋਈ ਸੀ, ਜਿਸ ਵਿੱਚ ਮੁਗਲ ਫੌਜਾ ਨੂੰ ਲੱਕ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਜਿੱਤ ਨੇ ਖਾਲਸਾ ਰਾਜ ਦਾ ਮੁੱਢ ਬੰਨਿਆਂ ਸੀ। ਡਾ ਸੁਖਦਿਆਲ ਸਿੰਘ ਨੇ ਇਹ ਤਾਰੀਖ 22 ਮਈ 1710 ਈ; ਲਿਖੀ ਹੈ। (ਬੰਦਾ ਬਹਾਦਰ ਦਾ ਇਤਿਹਾਸਕ ਅਧਿਐਨ ਪੰਨਾ 111) ਚੱਪੜ ਚਿੜੀ ਦੀ ਲੜਾਈ ਦੀ ਤਾਰੀਖ ਸਰਕਾਰੀ ਕੈਲੰਡਰ ਮੁਤਾਬਕ 24 ਰਬਿਉਲਅਵਲ ਸੰਮਤ 1122 ਹਿਜਰੀ ਲਿਖੀ ਮਿਲਦੀ ਹੈ। Later Mughals ਦੇ ਕਰਤਾ WilliamIrvine (1840-1911) ਨੇ ਵੀ ਇਹ ਤਾਰੀਖ ਹੀ ਲਿਖੀ ਹੈ, "This was on the 24 Rabi 1, 1122 (22nd May 1710) "(Page 95)। ਯਾਦ ਰਹੇ ਵਿਲੀਅਮ ਇਰਵਿਨ ਪਹਿਲੇ ਪੰਨੇ ਉੱਪਰ ਹੀ ਅੰਗਰੇਜੀ ਤਾਰੀਖ ਦੇ ਨਾਲ 'New Style' ਲਿਖਿਆ ਹੈ ਜਿਸ ਦਾ ਭਾਵ ਹੈ ਗਰੈਗੋਰੀਅਨ ਕੈਲੰਡਰ । ਹੁਣ ਜੇ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ ਸ਼ਨਿਚਰਵਾਰ, 13 ਮਈ, 1710 ਈ: (ਜੂਲੀਅਨ) ਬਣਦੀ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ ਕਿ 12 ਮਈ ਸਹੀ ਹੈ ਜਾਂ 13, ਮਈ ਹੈ? ਹਿਜਰੀ ਕੈਲੰਡਰ ਵਿੱਚ ਮਹੀਨੇ ਦਾ ਆਰੰਭ ਚੰਦ ਦੇ ਵਿਖਾਈ ਦੇਣ (Observaitonal) ਨਾਲ ਹੁੰਦਾ ਹੈ। ਨਾ ਕਿ ਗਿਣਤੀਆਂ-ਮਿਣਤੀਆਂ (Airthmeitc) ਨਾਲ। ਇਸ ਲਈ ਇਕ ਦਿਨ ਦਾ ਫਰਕ ਹੈ। ਡਾ ਹਰਚੰਦ ਸਿੰਘ ਸਰਹੱਦੀ ਨੇ ਆਪਣੀ ਕਿਤਾਬ ਵਿੱਚ ਦਿਨ "ਜੁਮਾ" (ਸ਼ੁਕਰਵਾਰ) ਵੀ ਲਿਖਿਆ ਹੋਇਆ ਹੈ। ਇਸ ਲਈ 12 ਮਈ (ਸ਼ੁਕਰਾਵਾਰ) ਨੂੰ ਹੀ ਸਹੀ ਮੰਨ ਕੇ ਚਲਦੇ ਹਾਂ।

ਕਿਉਂਕਿ ਇਹ ਤਾਰੀਖ ਸਤੰਬਰ 1752 ਈ: ਤੋਂ ਪਹਿਲਾ ਦੀ ਹੈ। ਇਸ ਲਈ ਇਹ ਜੂਲੀਅਨ ਕੈਲੰਡਰ ਅਨੁਸਾਰ ਹੈ। ਭਾਵੇਂ ਰੋਮ ਵਾਸੀਆਂ ਨੇ ਅਕਤੂਬਰ, 1582 ਈ: ਵਿੱਚ ਜੂਲੀਅਨ ਕੈਲੰਡਰ ਵਿੱਚ ਸੋਧ ਕਰਕੇ ਗਰੈਗੋਰੀਅਨ ਕੈਲੰਡਰ ਬਣਾ ਲਿਆ ਸੀ, ਪਰ ਇੰਗਲੈਂਡ ਨੇ ਇਸ ਸੋਧ ਨੂੰ 1752 ਈ: ਵਿੱਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿੱਚ ਅੰਗਰੇਜਾਂ ਦੇ ਆਉਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਆਪਣੇ ਦੇਸ਼ ਵਿੱਚ ਜੂਲੀਅਨ ਕੈਲੰਡਰ ਕਦੇ ਵੀ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਅਨੁਸਾਰ ਇਤਿਹਾਸਕ ਦਿਹਾੜੇ ਕਿਵੇਂ ਮਨਾਏ ਜਾ ਸਕਦੇ ਹਨ? ਹੁਣ ਜੇ ਇਸ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ 14 ਜੇਠ ਸੰਮਤ 1767 ਬਿਕ੍ਰਮੀ ਬਣਦੀ ਹੈ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਚੱਪੜ ਚਿੜੀ ਦੇ ਮੈਦਾਨ ਵਿੱਚ ਯੁੱਧ 14 ਜੇਠ ਸੰਮਤ 1767 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਹੋਇਆ ਸੀ। 16 ਜੇਠ ਨੂੰ ਸਰਹਿੰਦ ਉੱਪਰ ਕਬਜਾ ਕੀਤਾ ਗਿਆ ਸੀ। ਪਰ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਪਿਛਲੇ ਕਈ ਸਾਲਾਂ ਦੇ ਕੈਲੰਡਰ ਵਿੱਚ "ਬਾਬਾ ਬੰਦਾ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ" 12 ਮਈ ਦਾ ਦਰਜ ਕੀਤਾ ਜਾਂਦਾ ਹੈ। ਸੰਮਤ 546 ਨਾਨਕਸ਼ਾਹੀ ਦੇ ਕੈਲੰਡਰ ਵਿੱਚ 'ਸਰਹਿੰਦ ਫ਼ਤਿਹ ਦਿਵਸ" 14 ਮਈ ਦਾ ਦਰਜ ਹੈ। ਜੋ ਕੇ ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਲ ਇਹ ਦਿਹਾੜੇ 10 ਤੋਂ 12 ਮਈ ਤੀਕ ਮਨਾਏ ਜਾ ਰਹੇ ਹਨ।

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ 11 ਹਾੜ ਸੰਮਤ 1773 ਬਿਕ੍ਰਮੀ, 29 ਜਮਾਦੀ ਉਲ ਸਾਨੀ 1129 ਹਿਜਰੀ, ਦਿਨ ਸ਼ਨਿਚਰਵਾਰ ਨੂੰ ਹੋਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਇਹ ਦਿਹਾੜਾ ਹਰ 11 ਹਾੜ ਦਾ ਹੀ ਦਰਜ ਹੈ। ਹੁਣ ਜੇ ਇਸ ਪ੍ਰਵਿਸ਼ਟੇ ਨੂੰ ਤਾਰੀਖ ਵਿਚ ਬਦਲੀ ਕਰੀਏ ਤਾਂ ਇਹ 9 ਜੂਨ, 1716 ਈ: (ਜੂਲੀਅਨ) ਬਣਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਸਰਹਿੰਦ ਫ਼ਤਿਹ ਦਿਵਸ ਤਾਂ ਅੰਗਰੇਜੀ ਤਾਰੀਖਾਂ ਮੁਤਾਬਕ ਮਨਾਉਂਦੀ ਹੈ। ਅਤੇ ਬਾਬਾ ਬੰਦਾ ਬਹਾਦਰ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ। ਹੁਣ ਇਹ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਇਹ ਦੋਵੇਂ ਦਿਹਾੜੇ ਇਕੋ ਕੈਲੰਡਰ ਮੁਤਾਬਕ, 12 ਮਈ ਅਤੇ 9 ਜੂਨ (ਤਾਰੀਖਾਂ ਮੁਤਾਬਕ) ਜਾਂ 14 ਜੇਠ ਅਤੇ 11 ਹਾੜ ( ਪ੍ਰਵਿਸ਼ਟਿਆਂ) ਮੁਤਾਬਕ ਕਿਉ ਨਹੀਂ ਮਨਾਏ ਜਾ ਸਕਦੇ?

# ਬੰਬਾਂ ਦੀ ਠਾਹ ਠਾਹ ਵਿੱਚ ਕੀ ਮਿਲਣਾ

ਬੰਬਾਂ ਦੀ ਠਾਹ ਠਾਹ ਵਿੱਚ ਕੀ ਮਿਲਣਾ
ਸਾਥੋਂ ਨਹੀ ਹੋਣਾ ਹੁਣ ਆ

ਅੱਠ ਵਜੇ ਕਹਿੰਦੇ ਉਹ ਹਨੇਰਾ ਕਰ ਦੇਣਾ
ਕਿਤੇ ਐਵੇਂ ਹੀ ਨਾ ਠੇਡੇ ਜਾਈਏ ਖਾ

ਹਨੇਰੇ ਵਿਚ ਬੈਠੀ ਤੇਰੀ ਸੁੱਖ ਮੰਗਾਂ ਹਾਣੀਆਂ
ਮੁਹੱਬਤਾਂ ਦੇ ਦੀਪ ਤੂੰ ਜਗਾ

ਤੋਪਾਂ ਅਤੇ ਟੈਂਕਾਂ ਦੀ ਅਵਾਜ਼ ਸੁਣ ਸਹਿਮ ਗਏ ਹਾਂ
ਗਲਵੱਕੜੀਆਂ ਲਈਏ ਪਾ

ਜ਼ਿੰਮੇਵਾਰ ਲੇਖਕ ਵੀ ਬੰਕਰਾਂ 'ਚ ਜਾ ਵੜੇ
ਜੰਗ ਰੋਕਣ ਲਈ ਨਹੀਂ ਰਹੇ ਆ

ਬਰੂਦ ਦੇ ਢੇਰ ਉੱਤੇ ਦੁਨੀਆ ਇਹ ਬੈਠੀ ਹੈ
ਐਵੇਂ ਨਾ ਕੋਈ ਪੰਗਾ ਲਈਏ ਪਾ

ਬਾਹਰਲੇ ਮੁਲਕ ਕਈ ਇਕੱਠੇ ਹੋ ਕੇ ਹੀ ਕਿਤੇ
ਸੰਸਾਰ ਜੰਗ ਹੀ ਨਾ ਦੇਣ ਲਾ

ਕੀ ਪਤਾ ਕਿਧਰੋ ਮਿਜ਼ਾਈਲ ਆ ਕੇ ਡਿਗਣੀ
ਕੋਈ ਵੀ ਹੋ ਸਕਦਾ ਫ਼ਨਾਹ

ਯੂ ਪੀ ਦੀ ਕੁੜੀ ਤੇ ਲਹੌਰ ਦੇ ਮੁੰਡੇ ਦਾ
ਹੁਣ ਕੌਣ ਕਰੇਗਾ ਨਿਕਾਹ

ਧਰਮਾਂ ਦੇ ਪਾਏ ਹੋਏ ਇੰਨਾਂ ਦੇ ਝਮੇਲਿਆਂ 'ਚ
ਹੋ ਨਾ ਜਾਈਏ ਐਵੇਂ ਹੀ ਤਬਾਹ

ਮਨੁੱਖਤਾ ਦੇ ਖੂਨ ਨਾਲ ਹੋਲੀ ਖੇਡਣ ਵਾਲਿ
ਕਿਹੜਾ ਆਖੂ ਵਾਹ! ਭਈ ਵਾਹ!

ਮਿਹਨਤਾ ਮੁਸ਼ੱਕਤ ਦੇ ਨਾਲ ਜੋ ਕਮਾਇਆ
ਸੜ ਕੇ ਹੋ ਸਕਦਾ ਉਹ ਸਭ ਕੁਝ ਸੁਆਹ

ਇਸ ਤੋਂ ਪਹਿਲਾਂ ਕਿ ਕਹਿਰ ਏਥੇ ਵਾਪਰੇ
ਜਨੂੰਨੀਆਂ ਨੂੰ ਗੱਲ ਇਹ ਸਮਝਾ

ਬੁੱਧੀ ਜੀਵੀ, ਲੇਖਕ, ਸੰਵੇਦਨਸ਼ੀਲ ਲੋਕਾਂ ਨੂੰ ਵੀ
ਆਪਣੇ ਹੀ ਨਾਲ ਤੂੰ ਰਲਾ

ਟੇਰਕਿਆਨਾ ਚਲੋ ਅਵਾਮ ਨੂੰ ਜੋੜ ਕੇ
ਝੰਜਟ ਦਈਏ ਜੰਗ ਦਾ ਮੁਕਾ

**- ਰਘਵੀਰ ਸਿੰਘ ਟੇਰਕਿਆਨਾ**
**9814173402**

# ਅੱਜਕੱਲ੍ਹ ਕਿਤਾਬਾਂ ਦੀ ਦੁਨੀਆਂ ਆਪਣਾ ਰੂਪ ਬਦਲ ਰਹੀ ਹੈ

**(ਸਫਾ 26 ਦੀ ਬਾਕੀ)**

ਕੀਤਾ ਜਾ ਸਕਦਾ। ਆਉਣ ਵਾਲੇ ਸਮੇਂ ਵਿੱਚ ਇਸ ਰਾਹੀਂ ਸਾਹਿਤ, ਮਨੋਰੰਜਨ ਅਤੇ ਗਿਆਨ-ਵਿਗਿਆਨ ਦਾ ਇੱਕ ਨਵਾਂ ਰਾਹ ਨਿਕਲੇਗਾ। ਅਸੀਂ ਬੀਤੇ ਦਿਨਾਂ ਵਿੱਚ ਵਾਪਸ ਨਹੀਂ ਮੁੜ ਸਕਦੇ। ਪਰ ਇਹ ਵੀ ਵਿਚਾਰਨ ਵਾਲਾ ਸਵਾਲ ਹੈ ਕਿ ਕੀ ਇਹ ਨਵਾਂ ਮਾਧਿਅਮ ਗਿਆਨ, ਮਨੋਰੰਜਨ ਅਤੇ ਸੰਸਕਾਰ ਪ੍ਰਦਾਨ ਕਰਨ ਵਿੱਚ ਕਿਤਾਬਾਂ ਦੀ ਭੂਮਿਕਾ ਦੀ ਭਰਪਾਈ ਕਰ ਸਕੇਗਾ ? ਇਸ ਦਾ ਜਵਾਬ ਨਾਂਹ-ਪੱਖੀ ਹੀ ਹੋ ਸਕਦਾ ਹੈ। ਕਿਤਾਬਾਂ ਨਾ ਸਿਰਫ਼ ਗਿਆਨ ਅਤੇ ਮਨੋਰੰਜਨ ਪ੍ਰਦਾਨ ਕਰਦੀਆਂ ਹਨ, ਸਗੋਂ ਮਾਨਸਿਕ ਸ਼ਕਤੀ ਵੀ ਵਧਾਉਂਦੀਆਂ ਹਨ। ਜਦੋਂ ਕਿ ਇਲੈਕਟ ਰਾਨਿਕ ਮਾਧਿਅਮ ਸਾਡੀ ਮਾਨਸਿਕ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਸਭ ਤੋਂ ਸਮੱਸਿਆ ਵਾਲੀ ਗੱਲ ਇਹ ਹੈ ਕਿ ਅਸੀਂ ਇਸ ਮਾਧਿਅਮ ਨਾਲ ਡੂੰਘੀ ਇਕਮਿਕਤਾ ਸਥਾਪਤ ਨਹੀਂ ਕਰ ਸਕਦੇ। ਇਸ ਲਈ ਈ-ਕਿਤਾਬ ਪੜ੍ਹਦੇ ਸਮੇਂ ਅਸੀਂ ਸੰਵੇਦਨਾ ਅਤੇ ਪ੍ਰਤੱਖੀਕਰਨ ਦੀ ਇੱਛਿਤ ਅਵਸਥਾ ਤੋਂ ਦੂਰ ਹੁੰਦੇ ਹਾਂ। ਇਸ ਸਥਿਤੀ ਵਿੱਚ ਪੜ੍ਹੀ ਗਈ ਸਮੱਗਰੀ ਸਾਡੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਨਹੀਂ ਛੱਡ ਸਕਦੀ। ਇਸ ਨਾਲ ਸਾਨੂੰ ਮਨੋਰੰਜਨ ਅਤੇ ਜਾਣਕਾਰੀ ਜ਼ਰੂਰ ਮਿਲ ਸਕਦੀ ਹੈ, ਪਰ ਗਿਆਨ ਅਤੇ ਸੰਸਕਾਰ ਨਹੀਂ। ਜਦੋਂ ਇੱਕ ਪਾਠ ਨੂੰ ਡੂੰਘੀ ਇਕਾਗਰਤਾ ਅਤੇ ਪੂਰੀ ਸੰਵੇਦਨਾ ਦੀ ਅਵਸਥਾ ਜਾਂਦਾ ਹੈ, ਤਾਂ ਇਹ ਸਾਡੇ ਦਿਮਾਗ ਵਿੱਚ ਕਾਫ਼ੀ ਸਮੇਂ ਲਈ ਸਥਿਰ ਰਹਿੰਦਾ ਹੈ ਅਤੇ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਵਿਜ਼ੂਅਲਾਈਜ਼ੇਸ਼ਨ ਨਾਲ ਪਾਠਕ ਦਾ ਪਿਛਲਾ ਅਨੁਭਵ ਇਸ ਨੂੰ ਪੁਨਰ- ਸਿਰਜਿਤ ਕਰਦਾ ਹੈ। ਇਸ ਪੁਨਰ-ਸਿਰਜਣਾ ਵਿੱਚ ਉਹ ਗਿਆਨ ਪ੍ਰਾਪਤ ਕਰਦਾ ਹੈ, ਜੋ ਉਸਦੇ ਵਿਵਹਾਰ ਨਾਲ ਜੁੜ ਕੇ ਸੰਸਕਾਰ ਦਾ ਨਿਰਮਾਣ ਕਰਦਾ ਹੈ।

ਅਸਲ ਵਿਚ ਮਨੁੱਖ ਦਾ ਵਿਹਾਰ ਹੀ ਉਸ ਦਾ ਸੰਸਕਾਰ ਹੈ।

ਇਹ ਪੂਰੀ ਪ੍ਰਕਿਰਿਆ ਈ-ਕਿਤਾਬਾਂ ਜਾਂ ਵੀਡੀਓਜ਼ ਰਾਹੀਂ ਨੀ ਆਸਾਨੀ ਅਤੇ ਯੋਜਨਾਬੱਧ ਢੰਗ ਨਾਲ ਨਹੀਂ ਕੀਤੀ ਜਾ ਸਕਦੀ ਜਿੰਨੀ ਕਿ ਇਹ ਰਵਾਇਤੀ ਕਿਤਾਬਾਂ ਨੂੰ ਪੜ੍ਹ ਕੇ ਕੀਤੀ ਜਾਂਦੀ ਹੈ । ਇਹ ਕਾਰਨ ਹੈ ਕਿ ਸਮਾਜ ਤੋਂ ਦੂਰ ਹੁੰਦੀਆਂ ਪੁਸਤਕਾਂ ਦੀ ਵਾਪਸੀ ਲਈ ਸਿੱਖਿਆ-ਸ਼ਾਸਤਰੀ ਅਤੇ ਬੁੱਧੀਜੀਵੀ ਵਰਗ ਲਗਾਤਾਰ ਯਤਨ ਕਰ ਰਹੇ ਹਨ। ਜੇਕਰ ਪਰੰਪਰਾਗਤ ਪੁਸਤਕਾਂ ਨਾ ਹੋਣ ਤਾਂ ਮਨੁੱਖੀ ਆਤਮਾ ਦਾ ਵਿਕਾਸ ਰੁਕ ਜਾਵੇਗਾ ਅਤੇ ਜੜਤਾ ਵਧੇਗੀ। ਇਸ ਲਈ ਪ੍ਰਾਇਮਰੀ ਸਿੱਖਿਆ ਦੇ ਪੱਧਰ 'ਤੇ ਬੱਚਿਆਂ ਵਿੱਚ ਬਾਲ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। 'ਸਰਵ ਸਿੱਖਿਆ ਅਭਿਆਨ' ਵਿਚ ਪ੍ਰਾਇਮਰੀ ਅਤੇ ਉੱਚ- ਪ੍ਰਾਇਮਰੀ ਸਕੂਲਾਂ ਵਿੱਚ ਐਕਟਿਵ ਲਾਇਬ੍ਰੇਰੀ' ਮੁਹਿੰਮ ਚਲਾਈ ਗਈ ਸੀ। ਸਿਖਲਾਈ ਹੋਈ ਸੀ।ਜਿਵੇਂ-ਜਿਵੇਂ ਗਰਮੀ ਵਧਦੀ ਹੈ, ਲੋਕ ਅਕਸਰ ਆਪਣੀ ਪਾਚਨ ਸ਼ਕਤੀ ਕਮਜ਼ੋਰ ਹੋਣ ਦੀ ਸ਼ਿਕਾਇਤ ਕਰਦੇ ਹਨ। ਪੇਟ ਦੀ ਅੱਗ ਦੇ ਹੌਲੀ ਹੋਣ ਦਾ ਮਤਲਬ ਹੈ ਕਿ ਭੋਜਨ ਸਹੀ ਢੰਗ ਨਾਲ ਪਚਦਾ ਨਹੀਂ ਹੈ। ਬਦਹਜ਼ਮੀ ਬਣੀ ਰਹਿੰਦੀ ਹੈ। ਇਸ ਤਰ੍ਹਾਂ, ਸਰੀਰ ਸੁਸਤ ਮਹਿਸੂਸ ਕਰਦਾ ਹੈ ਅਤੇ ਊਰਜਾ ਦੀ ਘਾਟ ਹੁੰਦੀ ਹੈ। ਜ਼ਾਹਿਰ ਹੈ, ਇਸ ਨਾਲ ਰੋਜ਼ਾਨਾ ਦੇ ਕੰਮ 'ਤੇ ਵੀ ਅਸਰ ਪੈਂਦਾ ਹੈ। ਇਸ ਲਈ, ਇਸ ਮੌਸਮ ਵਿੱਚ ਹਲਕਾ ਭੋਜਨ ਖਾਣ ਅਤੇ ਜ਼ਿਆਦਾ ਤਰਲ ਪਦਾਰਥਾਂ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਪੇਟ ਦੀ ਅੱਗ ਨੂੰ ਘੱਟ ਕਰਨਾ ਸਿਰਫ਼ ਖਾਣ-ਪੀਣ ਦੀਆਂ ਆਦਤਾਂ ਨਾਲ ਸਬੰਧਤ ਨਹੀਂ ਹੈ। ਇੱਕ ਵਾਰ ਜਦੋਂ ਪਾਚਨ ਪ੍ਰਣਾਲੀ ਕਮਜ਼ੋਰ ਹੋਣ ਲੱਗਦੀ ਹੈ, ਤਾਂ ਇਸਦੇ ਲੰਬੇ ਸਮੇਂ ਦੇ ਪ੍ਰਭਾਵ ਪੈਂਦੇ ਹਨ। ਮੌਸਮ ਬਦਲਣ ਤੋਂ ਬਾਅਦ ਵੀ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਪਾ ਰਿਹਾ। ਅਜਿਹੀ ਸਥਿਤੀ ਵਿੱਚ, ਖੁਰਾਕ ਸੰਬੰਧੀ ਸਾਵਧਾਨੀਆਂ ਵਰਤਣ ਦੇ ਨਾਲ-ਨਾਲ ਕੁਝ ਕਸਰਤ ਵੀ ਕਰਨੀ ਚਾਹੀਦੀ ਹੈ। ਅੱਗ-ਸਾਹ ਲੈਣ ਦੀਆਂ ਕਸਰਤਾਂ ਜਠਰਾਗਨੀ ਦਾ ਅਰਥ ਹੈ ਪੇਟ ਵਿੱਚ ਅੱਗ। ਉਹ ਅੱਗ ਜੋ ਭੋਜਨ ਨੂੰ ਹਜ਼ਮ ਕਰਨ ਲਈ ਜ਼ਰੂਰੀ ਹੈ। ਜੇਕਰ ਉਹੀ ਅੱਗ ਪੇਟ ਵਿੱਚ ਕਮਜ਼ੋਰ ਹੋ ਜਾਵੇ, ਤਾਂ ਭੋਜਨ ਠੀਕ ਤਰ੍ਹਾਂ ਪਚਦਾ ਨਹੀਂ ਅਤੇ ਸੜਦਾ ਰਹਿੰਦਾ ਹੈ। ਇਸ ਨਾਲ ਜ਼ਹਿਰੀਲੇ ਰਸਾਇਣ ਪੈਦਾ ਹੁੰਦੇ ਹਨ, ਐਸਿਡਿਟੀ ਦੀ ਸਮੱਸਿਆ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਕਈ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਅਗਨੀਸਾਰ ਕਸਰਤ ਪੇਟ ਦੀ ਅੱਗ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੁੰਦੀ ਹੈ। ਸਵੇਰੇ ਖਾਲੀ ਪੇਟ ਵਜਰਾਸਨ ਵਿੱਚ ਬੈਠੋ। ਦੋਵੇਂ ਲੱਤਾਂ ਮੋੜੋ ਅਤੇ ਉਨ੍ਹਾਂ ਨੂੰ ਪਿੱਛੇ ਲੈ ਜਾ । ਆਪਣੀਆਂ ਹਥੇਲੀਆਂ ਨੂੰ ਆਪਣੇ ਗੋਡਿਆਂ 'ਤੇ ਰੱਖੋ ਅਤੇ ਹਲਕਾ ਜਿਹਾ ਦਬਾਅ ਪਾਓ। ਆਪਣਾ ਪੇਟ ਢਿੱਲਾ ਰੱਖੋ। ਸਾਹ ਰੋਕੋ। ਆਪਣਾ ਢਿੱਡ ਹਿਲਾਓ। ਜਿੰਨਾ ਚਿਰ ਹੋ ਸਕੇ ਆਪਣੇ ਪੇਟ ਨੂੰ ਹਿਲਾ ਅਤੇ ਸਾਹ ਰੋਕ ਕੇ ਰੱਖੋ। ਇਸ ਕਸਰਤ ਨੂੰ ਪੰਜ ਤੋਂ ਸੱਤ ਵਾਰ ਕਰੋ। ਇਸ ਤਰ੍ਹਾਂ ਪੇਟ ਦੀ ਅੱਗ ਵਧ ਜਾਂਦੀ ਹੈ। ਤੁਹਾਨੂੰ ਭੁੱਖ ਲੱਗਣ ਲੱਗਦੀ ਹੈ ਅਤੇ ਭੋਜਨ ਪਚਣਾ ਸ਼ੁਰੂ ਹੋ ਜਾਂਦਾ ਹੈ। ਹਲਕਾ ਅਤੇ ਆਸਾਨੀ ਨਾਲ ਪਚਣ ਵਾਲਾ ਭੋਜਨ ਗਰਮੀਆਂ ਦੇ ਮੌਸਮ ਵਿੱਚ, ਪੇਟ ਦੀ ਅੱਗ ਕੁਦਰਤੀ ਤੌਰ 'ਤੇ ਸੁਸਤ ਹੋ ਜਾਂਦੀ ਹੈ। ਇਸੇ ਕਰਕੇ ਤਲੇ ਹੋਏ ਅਤੇ ਮਸਾਲੇਦਾਰ ਭੋਜਨ ਨੂੰ ਹਜ਼ਮ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਲਈ, ਅਜਿਹੇ ਪਕਵਾਨਾਂ ਤੋਂ ਬਚਣਾ ਹੀ ਬਿਹਤਰ ਹੈ। ਹਮੇਸ਼ਾ ਅਜਿਹੇ ਪਕਵਾਨ ਚੁਣੋ ਜੋ ਪਚਣ ਵਿੱਚ ਆਸਾਨ ਹੋਣ ਅਤੇ ਉਨ੍ਹਾਂ ਨੂੰ ਖਾਣ ਨਾਲ ਤੁਹਾਨੂੰ ਭਰਪੂਰ ਊਰਜਾ ਵੀ ਮਿਲਦੀ ਹੈ। ਪੁੰਗਰੇ ਹੋਏ ਦਾਲਾਂ ਅਤੇ ਅਨਾਜਾਂ ਨੂੰ ਭਾਫ਼ ਲੈ ਕੇ ਖਾਣਾ ਬਿਹਤਰ ਹੁੰਦਾ ਹੈ। ਇਸ ਮੌਸਮ ਵਿੱਚ ਦਲੀਆ (ਦਲੀਆ), ਖਿਚੜੀ, ਉਬਲੀਆਂ ਸਬਜ਼ੀਆਂ, ਇਡਲੀ, ਆਦਿ ਵਰਗੇ ਭੁੰਨੇ ਹੋਏ ਭੋਜਨ ਵਧੇਰੇ ਪਚਣਯੋਗ ਅਤੇ ਊਰਜਾ ਨਾਲ ਭਰਪੂਰ ਹੋ ਸਕਦੇ ਹਨ। ਤਰਲ ਪਦਾਰਥ ਪੀ : ਬਹੁਤ ਜ਼ਿਆਦਾ ਗਰਮੀ ਅਤੇ ਗਰਮ ਹਵਾ ਦੇ ਕਾਰਨ, ਸਰੀਰ ਦਾ ਪਾਣੀ ਜਲਦੀ ਸੁੱਕ ਜਾਂਦਾ ਹੈ। ਸਰੀਰ ਵਿੱਚ ਪਾਣੀ, ਨਮਕ ਅਤੇ ਖੰਡ ਦੀ ਸੰਤੁਲਿਤ ਮਾਤਰਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ, ਇਸ ਮੌਸਮ ਵਿੱਚ ਤਰਲ ਪਦਾਰਥਾਂ ਦਾ ਸੇਵਨ ਕਰਨਾ ਵਧੇਰੇ ਉਚਿਤ ਹੈ। ਫਲਾਂ ਦਾ ਰਸ, ਤਰਬੂਜ, ਖਰਬੂਜਾ, ਖੀਰਾ ਇਸ ਵਿੱਚ ਵਧੇਰੇ ਮਦਦਗਾਰ ਹੁੰਦੇ ਹਨ। ਇਸ ਤੋਂ ਇਲਾਵਾ, ਛਾਛ, ਸੱਤੂ ਲੱਸੀ, ਦਲੀਆ - ਛਾਛ, ਸੌਂਫ ਦਾ ਸ਼ਰਬਤ ਸਰੀਰ ਨੂੰ ਡੀਹਾਈਡਰੇਸ਼ਨ ਤੋਂ ਬਚਾਉਂਦਾ ਹੈ ਅਤੇ ਇਸਨੂੰ ਊਰਜਾ ਨਾਲ ਭਰਪੂਰ ਰੱਖਦਾ ਹੈ। ਜਦੋਂ ਵੀ ਤੁਸੀਂ ਬਾਹਰ ਜਾ ਅਤੇ ਲੰਬੇ ਸਮੇਂ ਲਈ ਘਰ ਤੋਂ ਬਾਹਰ ਰਹਿਣਾ ਪਵੇ, ਤਾਂ ਹਮੇਸ਼ਾ ਆਪਣੇ ਬੈਗ ਵਿੱਚ ਪਾਣੀ ਦੀ ਬੋਤਲ ਰੱਖੋ। ਜੇ ਸੰਭਵ ਹੋਵੇ, ਤਾਂ ਪਾਣੀ ਵਿੱਚ ਕੁਝ ਕੱਟੇ ਹੋਏ ਖੀਰੇ ਦੇ ਟੁਕੜੇ, ਕੁਝ ਪੁਦੀਨੇ ਦੇ ਪੱਤੇ ਅਤੇ ਇੱਕ ਚੁਟਕੀ ਨਮਕ ਪਾ । ਇਸ ਨਾਲ ਸਰੀਰ ਨੂੰ ਬਹੁਤ ਰਾਹਤ ਮਿਲਦੀ ਹੈ ਅਤੇ ਪਾਚਨ ਤੰਤਰ ਨੂੰ ਹੌਲੀ ਹੋਣ ਤੋਂ ਵੀ ਰੋਕਿਆ ਜਾਂਦਾ ਹੈ।

### ਸਰਹੰਦ ਫਤਿਹ ਦਿਹਾੜੇ 'ਤੇ ਵਿਸ਼ੇਸ਼

# ਬਾਬਾ ਬੰਦਾ ਸਿੰਘ ਬਹਾਦੁਰ ਨੇ ਜਦੋਂ ਖ਼ਾਲਸਾ ਰਾਜ ਦੀ ਨੀਂਹ ਰੱਖੀ



ਡਾ. ਚਰਨਜੀਤ ਸਿੰਘ ਗੁਮਟਾਲਾ
001 -937 573 9812

ਨਾਂਦੇੜ ਦੇ ਕਿਆਮ ਦੌਰਾਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਪੰਜਾਬ ਵੱਲ ਸਿੱਖਾਂ ਦਾ ਜਥੇਦਾਰ ਥਾਪ ਕੇ ਰਵਾਨਾ ਕੀਤਾ ਸੀ। ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਦੇ ਪੰਜ ਤੀਰ, ਪੰਜ ਪਿਆਰਿਆਂ ਦੇ ਰੂਪ ਵਿੱਚ ਭਾਈ ਬਾਜ਼ ਸਿੰਘ, ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿਘ, ਪੰਝੀ ਸਿੰਘਾਂ ਦਾ ਇੱਕ ਜੱਥਾ, ਇੱਕ ਨਿਸ਼ਾਨ ਸਾਹਿਬ, ਇੱਕ ਨਗ਼ਾਰਾ, ਪੰਜਾਬ ਦੇ ਪ੍ਰਮੁੱਖ ਸਿੰਘਾਂ ਦੇ ਨਾਂ ਹੁਕਮਨਾਮੇ ਦੇ ਕੇ ਰਵਾਨਾ ਕੀਤਾ। ਅਜੇ ਬੰਦਾ ਸਿੰਘ ਅਤੇ ਸਿੰਘਾਂ ਨੇ ਵੀਹ ਕੋਹ (60 ਕਿਲੋਮੀਟਰ) ਹੀ ਸਫ਼ਰ ਤਹਿ ਕੀਤਾ ਸੀ ਕਿ ਪਿੱਛੋਂ ਗੁਰੂ ਗੋਬਿੰਦ ਸਿੰਘ ਉਤੇ ਵਜ਼ੀਰ ਖਾਂ ਵੱਲੋਂ ਭੇਜੇ ਦੋ ਪਠਾਣਾਂ ਨੇ ਹਮਲਾ ਕਰਾ ਦਿੱਤਾ। ਇਹ ਸਾਰਾ ਜੱਥਾ ਖਬਰ ਸੁਣਦੇ ਹੀ ਵਾਪਿਸ ਆ ਗਿਆ। ਗੁਰੂ ਸਾਹਿਬ ਦੇ ਗੁਰਪੁਰੀ ਸਿਧਾਰਨ ਅਤੇ ਅੰਤਮ ਅਰਦਾਸ ਦੀਆਂ ਰਸਮਾਂ ਪੂਰੀਆਂ ਕਰਕੇ ਹੀ ਇਹ ਜੱਥਾ ਪੰਜਾਬ ਵੱਲ ਵਧਿਆ ਸੀ।

ਬੰਦਾ ਸਿੰਘ ਬਹਾਦੁਰ ਕੋਲ ਹਥਿਆਰਾਂ, ਪੈਸਿਆਂ ਅਤੇ ਵਿਅਕਤੀਆਂ ਦੀ ਬਹੁਤ ਘਾਟ ਸੀ ਪਰ ਭਾਰਤਪੁਰ ਦੇ ਲਾਗੇ ਇੱਕ ਸਿੱਖ ਸੋਦਾਗਰ ਨੇ ਕਈ ਵਰ੍ਹਿਆਂ ਦੀ ਆਪਣੀ ਦਸਵੰਦ ਦੀ ਰਕਮ ਆ ਕੇ ਬੰਦਾ ਸਿੰਘ ਨੂੰ ਭੇਟਾ ਕੀਤੀ। ਦਿੱਲੀ ਦੇ ਬਾਹਰਵਾਰ ਬੰਦਾ ਸਿੰਘ ਨੇ ਆਪਣਾ ਸਫ਼ਰ ਬੜੀ ਹੁਸ਼ਿਆਰੀ ਅਤੇ ਸਿਦਕਦਿਲੀ ਨਾਲ ਜਾਰੀ ਰੱਖਿਆ ਤਾਂ ਜੋ ਸ਼ਾਹੀ ਫੌਜਾਂ ਨਾਲ ਟਕਰਾ ਨਾ ਹੋ ਜਾਵੇ। ਲੋਕ ਉਸ ਨੂੰ ਗੁਰੂ ਸਾਹਿਬ ਵੱਲੋਂ ਜਥੇਦਾਰ (ਫੌਜਾਂ ਦਾ ਚੀਫ਼-ਕਮਾਂਡਰ) ਥਾਪਿਆ ਸਮਝ ਕੇ ਕਈ ਸੁਗਾਤਾਂ ਲੈ ਕੇ ਆਣ ਮਿਲਦੇ ਅਤੇ ਉਹ ਲੋਕਾਂ ਦੀ ਖੁਸ਼ਹਾਲੀ ਅਤੇ ਸਿਹਤਯਾਬੀ ਲਈ ਅਰਦਾਸਾਂ ਕਰਦਾ। ਬੰਦਾ ਸਿੰਘ ਦਾ ਜੱਥਾ ਆਖਰ ਬਾਗਰ ਪੁੱਜਾ। ਉੱਥੇ ਲਾਗੇ ਹੀ ਡਾਕੂ ਇੱਕ ਪਿੰਡ ਲੁੱਟਣ ਆਏ ਸਨ। ਡਾਕੂਆਂ ਦੇ ਮੁੱਖੀ ਨੂੰ ਮਾਰ ਕੇ ਬੰਦਾ ਸਿੰਘ ਨੇ ਬਾਕੀ ਡਾਕੂਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ। ਇਹ ਵੇਖ ਕੇ ਆਸਪਾਸ ਦੇ ਪਿੰਡਾਂ ਦੇ ਨੌਜਵਾਨ ਸਿੱਖ ਸੱਜ ਕੇ ਬੰਦਾ ਸਿੰਘ ਦੀਆਂ ਫੌਜਾਂ ਵਿੱਚ ਭਰਤੀ ਹੋ ਗਏ। ਆਸ ਪਾਸ ਦੇ ਪਿੰਡ ਵਾਲਿਆਂ ਖੁਸ਼ੀ ਮਨਾਈ ਅਤੇ ਰਾਸ਼ਨ, ਦੁੱਧ, ਦਹੀਂ ਆਦਿ ਲੈ ਕੇ ਬੰਦਾ ਸਿੰਘ ਅੱਗੇ ਹਾਜ਼ਰ ਹੋਏ।

ਬੰਦਾ ਸਿੰਘ ਇਹ ਜੱਥਾ ਸੋਨੀਪਤ ਤੇ ਰੋਹਤਕ ਦੇ ਵਿਚਕਾਰ ਸਥਿਤ ਕਸਬਾ ਖਰਖੋਦਾ ਪੁੱਜਾ। ਦਿੱਲੀ ਤੋਂ ਇਹ ਕਸਬਾ 36 ਕਿਲੋਮੀਟਰ ਦੂਰ ਹੈ। ਇੱਥੇ ਬੰਦਾ ਸਿੰਘ ਨੇ ਸੇਹਰੀ ਅਤੇ ਖੰਡਾ ਪਿੰਡਾਂ ਵਿਚਕਾਰ ਮੁਕਾਮ ਕੀਤਾ।

ਬੰਦਾ ਸਿੰਘ ਨੂੰ ਇੱਥੇ ਹੀ ਸੂਹਿਆਂ ਨੇ ਖ਼ਬਰ ਦਿੱਤੀ ਕਿ ਕੈਥਲ ਨੇੜੇ ਸ਼ਾਹੀ ਖ਼ਜਾਨਾ ਬੜੀ ਹਿਫ਼ਾਜ਼ਤ ਨਾਲ ਦਿੱਲੀ ਵੱਲ ਜਾ ਰਿਹਾ ਹੈ। ਖ਼ਬਰ ਮਿਲਦੇ ਸਾਰ ਬੰਦਾ ਸਿੰਘ ਨੇ ਆਪਣੇ ਜੰਗਜੂ ਸਿੰਘਾਂ ਨਾਲ ਜ਼ਬਰਦਸਤ ਹੱਲਾ ਬੋਲਿਆ। ਸ਼ਾਹੀ ਦਸਤਾ ਆਪਣੇ ਬਹੁਤੇ ਫੌਜੀ ਮਰਵਾ ਕੇ ਸ਼ਾਹੀ ਖਜ਼ਾਨਾ, ਘੋੜੇ, ਹਥਿਆਰ ਸੁੱਟ ਕੇ ਤਿੱਤਰ ਹੋ ਗਿਆ। ਬੰਦਾ ਸਿੰਘ ਨੇ ਸਾਰਾ ਮਾਲ ਆਪਣੇ ਸਿੱਖਾਂ ਵਿੱਚ ਵੰਡ ਕੇ ਹਥਿਆਰਾਂ ਤੇ ਘੋੜਿਆਂ ਨਾਲ ਆਪਣੀ ਸ਼ਕਤੀ ਨੂੰ ਮਜ਼ਬੂਤ ਕੀਤਾ।

ਸਿਹਰੀ-ਖੰਡਾ ਦੇ ਮੁਕਾਮ ਦੌਰਾਨ ਬੰਦਾ ਸਿੰਘ ਬਹਾਦੁਰ ਨੇ ਯੁੱਧ ਨੀਤੀ ਦੀ ਪੈਂਤੜੇਬਾਜ਼ੀ ਉਪਰ ਵਿਚਾਰ ਕੀਤੀ। ਬੰਦਾ ਸਿੰਘ ਨੇ ਗੁਰੂ ਸਾਹਿਬ ਵੱਲੋਂ ਲਿਖੇ ਹੁਕਮਨਾਮੇ ਅਤੇ ਆਪਣੇ ਵੱਲੋਂ ਪੰਜਾਬ ਦੇ ਸਿੰਘਾਂ ਵੱਲ ਚਿੱਠੀਆਂ ਭੇਜੀਆਂ, "ਅਸੀਂ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਤੇ ਉਸ ਦੇ ਹਮਾਇਤੀਆਂ, ਸਲਾਹਕਾਰਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੀਤੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਆ ਰਹੇ ਹਾਂ। ਜਿਨ੍ਹਾਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਵੈਰ ਕਮਾਇਆ ਸੀ, ਉਨ੍ਹਾਂ ਨੂੰ ਵੀ ਸੋਧਿਆ ਜਾਵੇਗਾ ਅਤੇ ਸਭ ਦੁਸ਼ਟਾਂ ਦੀ ਜੜ੍ਹ ਉਖੇੜੀ ਜਾਵੇਗੀ। ਇਸ ਲਈ ਧਰਮਯੁੱਧ ਲਈ ਤਿਆਰ-ਬਰ-ਤਿਆਰ ਹੋ ਕੇ ਮੇਰੇ ਨਾਲ ਆ ਰਲੋ"। ਇਹ ਖਬਰ ਸੁਣਦੇ ਹੀ ਸਿੱਖ ਬਲਦ, ਘਰ ਘਾਟ ਵੇਚ ਕੇ ਹਥਿਆਰ, ਘੋੜੇ ਅਤੇ ਬਾਰੂਦ ਖਰੀਦ ਕੇ ਬੰਦਾ ਸਿੰਘ ਵੱਲ ਤੁਰੰਤ ਚਾਲੇ ਪਾ ਦਿੱਤੇ।

ਬੰਦਾ ਸਿੰਘ ਨੇ ਇਹ ਐਲਾਨ-ਨਾਮਾ ਵੀ ਜਾਰੀ ਕੀਤਾ ਜੋ ਲੋਕੀਂ ਜ਼ਾਲਮ ਮੁਗਲਾਂ, ਜ਼ਿਮੀਦਾਰਾਂ ਆਦਿ ਤੋਂ ਸਤਾਏ, ਲਿਤਾੜੇ ਜਾ ਰਹੇ ਹਨ, ਉਹ ਵੀ ਖ਼ਾਲਸਾਈ ਝੰਡੇ ਹੇਠ ਇਕੱਤਰ ਹੋ ਜਾਣ। ਇਹ ਐਲਾਨ-ਨਾਮਾ ਸੁਣਦੇ ਸਾਰ ਹੀ ਸਾਰੇ ਧਰਮਾਂ ਦੇ ਲੋਕ ਕਿ ਮੁਸਲਮਾਨ ਤੇ ਕਿ ਹਿੰਦੂ ਇਕੱਠੇ ਹੋ ਕੇ ਨਵੇਂ ਇਨਕਲਾਬ ਦੀ ਉਡੀਕ ਕਰਨ ਲੱਗੇ। ਸਮਾਜ ਦੇ ਲਿਤਾੜੇ ਗਰੀਬ ਲੋਕਾਂ ਦੀ ਢਾਲ ਬਣ ਕੇ ਉਸ ਨੇ ਆਪਣਾ ਕਾਰਜ ਆਰੰਭ ਕੀਤਾ। ਬੰਦਾ ਸਿੰਘ ਨੂੰ ਲੋਕਾਂ ਦੀ ਤਹਿ ਦਿਲੋਂ ਹਮਦਰਦੀ ਪ੍ਰਾਪਤ ਹੋ ਗਈ।

ਸਮਾਣਾ, ਬੰਦਾ ਸਿੰਘ ਬਹਾਦੁਰ ਦੇ ਹਮਲੇ ਦੀ ਫ਼ਰਿਸਤ 'ਤੇ ਪਹਿਲੇ ਨੰਬਰ 'ਤੇ ਆਉਂਦਾ ਸੀ। ਸਮਾਣਾ ਇੱਕ ਹਿਸਾਬ ਨਾਲ ਪੁੱਖਤਾ ਗੜ੍ਹੀ ਸੀ। ਗੁਰੂ ਤੇਗ ਬਹਾਦੁਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਫੌਜਦਾਰ ਜ਼ਾਲਮ ਜਲਾਲ-ਉ-ਦੀਨ ਸਾਸ਼ਲ ਬੇਗ ਤੇ ਬਾਸ਼ਲ ਬੇਗ ਇੱਥੋਂ ਦੇ ਹੀ ਰਹਿਣ ਵਾਲੇ ਸਨ। ਬੰਦਾ ਸਿੰਘ 26 ਨਵੰਬਰ 1709 ਈ. ਨੂੰ ਕਿਲ੍ਹਾ-ਨੁਮਾ ਸਮਾਣੇ ਨੂੰ ਚਾਰ ਪਾਸਿਉਂ ਘੇਰਾ ਪਾ ਲਿਆ। ਇੱਥੇ ਬੜੀ ਘੁਮਸਾਨ ਦੀ ਲੜਾਈ ਹੋਈ। ਸਿੱਖਾਂ ਹੱਥੋਂ ਜਲਾਲ-ਉ-ਦੀਨ, ਸਾਸ਼ਲ ਬੇਗ ਅਤੇ ਬਾਸ਼ਲ ਬੇਗ ਮਾਰੇ ਗਏ। ਸਮਾਣੇ ਵਿੱਚ ਮੁਗਲ ਫੌਜੀ, ਸਯੱਦ ਆਦਿ ਦਸ ਹਜ਼ਾਰ ਦੇ ਕਰੀਬ ਮਾਰੇ ਗਏ। ਇਸ ਜਿੱਤ ਨੇ ਸਿੰਘਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਅਤੇ ਬੰਦੇ ਸਿੰਘ ਨੇ ਭਾਈ ਫਤਹਿ ਸਿੰਘ ਨੂੰ ਸਮਾਣੇ ਦਾ ਫੌਜਦਾਰ ਮੁਕੱਰਰ ਕੀਤਾ।

ਭਾਵੇਂ ਬਹਾਦਰ ਸ਼ਾਹ ਨੂੰ ਸਿੱਖਾਂ ਦੇ ਵਿਦਰੋਹ ਦੀਆਂ ਖਬਰਾਂ ਨਵੰਬਰ 1709 ਈ। ਤੋਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਪਰ ਵਜ਼ੀਰ ਖਾਂ ਦੀ ਚਿੱਠੀ 25 ਫਰਵਰੀ 1710 ਈ। ਨੂੰ ਬਾਦਸ਼ਾਹ ਅੱਗੇ ਪੇਸ਼ ਹੋਈ ਜਿਸ ਵਿੱਚ ਲਿਖਿਆ ਸੀ, "ਕੁੱਤੇ-ਸੁਭਾ ਸਿੱਖਾਂ ਦੇ ਗੁਰੂ (ਬੰਦਾ ਸਿੰਘ) ਨੇ ਆਪਣਾ ਨਾਮ 'ਬੰਦਾ' ਰੱਖ ਕੇ ਤੇ ਕੋਈ ਇੱਕ ਲੱਖ ਕੁੱਤੇ-ਸੁਭਾਅ ਸਾਵਾਰਾਂ ਤੇ ਪਿਆਦਾ ਸਿੰਘਾਂ ਨੂੰ ਆਪਣੇ ਨਾਲ ਇਕੱਠੇ ਕਰਕੇ, ਸ਼ੋਰ-ਸ਼ਰਾਬਾ ਤੇ ਫਸਾਦ ਪਾ ਕੇ ਗਰੀਬਾਂ, ਮਸਕੀਨਾਂ, ਸ਼ੈਖਾਂ ਤੇ ਵੱਡੇ ਵੱਡੇ ਸ਼ਯਦਾਂ ਦੇ ਘਰਾਂ ਨੂੰ ਉਜਾੜ ਦਿੱਤਾ ਤੇ ਉਹ ਇਸਲਾਮ ਵਾਲਿਆਂ ਵਿੱਚੋਂ ਕਿਸੇ ਛੋਟੇ-ਵੱਡੇ ਤੇ ਜਵਾਨ ਤੇ ਬੁੱਢੇ ਨੂੰ ਜਿਉਂਦਾ ਨਹੀਂ ਛੱਡਣਾ ਚਾਹੁੰਦਾ ਹੈ। ਐ ਬਾਦਸ਼ਾਹ ਜੇ ਇਸ ਨੂੰ ਸੋਧਣ ਵਿੱਚ ਢਿੱਲ-ਮੱਠ ਹੋਈ ਤਾਂ ਇਸ ਜਹਾਨ ਦੇ ਬਾਦਸ਼ਾਹ ਦੀ ਹਕੂਮਤ ਵਿੱਚ ਆਏ ਦਿਨ ਗੜਬੜ੍ਹ ਪੈਂਦੀ ਰਹੇਗੀ। ਇਹ ਵਕਤ ਮਰਦਾਨਗੀ ਵਿਖਾਉਣ ਦਾ ਹੈ"।

ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕੈਂਥਲ 'ਤੇ ਹਮਲਾ ਕੀਤਾ। ਥੋੜੀ ਜਿਹੀ ਲੜਾਈ ਤੋਂ ਬਾਅਦ ਮੁਗਲ ਫੌਜਾਂ



ਬੇਸ਼ੁਮਾਰ ਹਥਿਆਰ, ਘੋੜੇ ਅਤੇ ਲਾਸ਼ਾਂ ਛੱਡ ਕੇ ਮੈਦਾਨੇ-ਜੰਗ 'ਚ ਤਿੱਤਰ ਹੋ ਗਈ। ਫੌਜੀ ਰਣਨੀਤੀ ਤਹਿਤ ਬੰਦਾ ਸਿੰਘ ਨੇ ਸਰਹਿੰਦ 'ਤੇ ਹਮਲਾ ਕਰਨਾ ਮੁਨਾਸਬ ਨਾ ਸਮਝਿਆ ਕਿਉਂਕਿ ਉਸ ਨੂੰ ਮਾਝੇ, ਮਾਲਵੇ ਤੇ ਦੁਆਬੇ ਤੋਂ ਹਥਿਆਰਬੰਦ ਸਿੰਘਾਂ ਦੀ ਉਡੀਕ ਕਰਨਾ ਚਾਹੁੰਦਾ ਸੀ। ਇਸੇ ਲਈ ਬੰਦਾ ਸਿੰਘ ਨੇ ਸਰਹਿੰਦ ਤੋਂ ਪਹਿਲਾਂ ਘੁੜਾਮ, ਠਸਕਾ, ਸ਼ਾਹਬਾਦ ਤੇ ਮੁਸਤਫਾਬਾਦ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਮੁਸਤਫ਼ਾ-ਬਾਦ ਵਿੱਚ ਗਹਿਗਚ ਲੜਾਈ ਹੋਈ ਜਿਥੇ ਦੋ ਹਜ਼ਾਰ ਫੌਜੀਆਂ ਨੇ ਬੰਦਾ ਸਿੰਘ ਅੱਗੇ ਹਥਿਆਰ ਸੁੱਟ ਕੇ ਹਾਰ ਮੰਨ ਲਈ।

ਨਾਰਨੌਲ ਦੇ ਸਥਾਨ 'ਤੇ ਬੰਦਾ ਸਿੰਘ ਨੇ ਲੋਕਾਂ ਨੂੰ ਲੁਟੇਰਿਆਂ ਤੇ ਡਾਕੂਆਂ ਤੋਂ ਮੁਕਤੀ ਦਿਵਾਈ ਅਤੇ ਕੈਥਲ ਦੇ ਫੌਜਦਾਰ ਨੂੰ ਸਬਕ ਸਿਖਾਇਆ। ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ 'ਤੇ ਹਮਲਾ ਕੀਤਾ। ਉਥੋਂ ਦੇ ਫੌਜਦਾਰ ਕਦਮ-ਉ-ਦੀਨ ਨੂੰ ਮਾਰ ਕੇ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ। ਇਸ ਲੜਾਈ ਵਿੱਚ ਬੇਸ਼ੁਮਾਰ ਹਥਿਆਰ, ਖਜ਼ਾਨਾ ਤੇ ਘੋੜੇ ਸਿੰਘਾਂ ਦੇ ਹੱਥ ਆਏ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਰੰਤ ਲੋੜ ਸੀ।

ਸਢੋਰਾ ਸ਼ਹਿਰ, ਅਮੀਰ ਸ਼ਹਿਰਾਂ ਵਿੱਚ ਸ਼ੁਮਾਰ ਹੁੰਦਾ ਸੀ। ਇਥੋਂ ਦਾ ਫੌਜਦਾਰ ਜ਼ਾਲਮ ਉਸਮਾਨ ਖਾਨ ਰਾਜ ਪ੍ਰਬੰਧਕ ਕਰਕੇ ਸਾਰੇ ਇਲਾਕੇ ਵਿੱਚ ਮੰਨਿਆ ਜਾਂਦਾ ਸੀ। ਹਿੰਦੂਆਂ ਦੀਆਂ ਮ੍ਰਿਤਕ ਲਾਸ਼ਾਂ ਨੂੰ ਸਾੜ੍ਹਨ ਦੀ ਮਨਾਈ ਕਰਕੇ, ਖੁੱਲ੍ਹੇ-ਮੈਦਾਨਾਂ ਵਿੱਚ ਗਊ ਹੱਤਿਆ ਕਰਾਉਂਦਾ ਸੀ। ਇਸੇ ਲਈ ਬਹੁਤੇ ਹਿੰਦੂ ਸਢੋਰਾ ਛੱਡ ਕੇ ਛਲੇ ਗਏ ਸਨ। ਹਿੰਦੂਆਂ ਨੇ ਬੰਦਾ ਸਿੰਘ ਅੱਗੇ ਅਜਿਹੇ ਜ਼ੁਲਮ ਤੋਂ ਆਜ਼ਾਦ ਕਰਾਉਣ ਦੀ ਬੇਨਤੀ ਕੀਤੀ। ਅਖ਼ਬਾਰਾਤ-ਏ-ਦਰਬਾਰ-ਏ ਮੋਅਲਾਂ ਅਨੁਸਾਰ ਜੋ ਜਨਵਰੀ 31, 1709 ਨੂੰ ਬਾਦਸ਼ਾਹ ਨੂੰ ਘੱਲੀ ਗਈ ਸੀ, ਉਸ ਵਿੱਚ 70,000 ਸਿੱਖਾਂ ਦਾ ਸਢੋਰਾ ਵਿੱਚ ਇਕੱਠ ਦਾ ਜ਼ਿਕਰ ਕੀਤਾ ਗਿਆ ਸੀ।

ਸਢੋਰਾ ਦੀ ਗਹਿਗਚ ਲੜਾਈ ਵਿੱਚ ਦੋਵੇਂ ਪਾਸਿਆਂ ਤੋਂ ਹਜ਼ਾਰਾਂ ਸੂਰਮੇ ਮੈਦਾਨ-ਏ-ਜੰਗ ਵਿੱਚ ਮਾਰੇ ਗਏ। ਅਖੀਰ ਸਢੋਰਾ ਬੰਦਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਮਜ਼ਲੂਮ ਲੋਕਾਂ ਨੇ ਜ਼ਾਲਮਾਂ ਤੋਂ ਚੁਣ ਚੁਣ ਕੇ ਬਦਲੇ ਲਏ ਅਤੇ ਲੁੱਟ-ਮਾਰ ਕੀਤੀ।

ਬਹਾਦਰ ਸ਼ਾਹ ਬਾਦਸ਼ਾਹ ਨੇ ਰੁਸਤਮ ਦਿਲ ਖਾਨ ਨੂੰ ਸ਼ਾਹੀ ਕੈਂਪ ਲਈ ਯੋਗ ਥਾਂ ਦੀ ਭਾਲ ਲਈ ਰਵਾਨਾ ਕੀਤਾ ਤਾਂ ਸ਼ਾਹੀ ਫੌਜੀ ਦਸਤਾ ਸਢੋਰਾ ਤੋਂ 4-5 ਕੋਹ (12-15 ਕਿਲੋਮੀਟਰ) ਪੁੱਜਾ ਸੀ। "ਰਸਤੇ ਵਿੱਚ ਅਚਾਨਕ ਸਿੱਖਾਂ ਦੇ ਤੀਹ-ਚਾਲੀ ਹਜ਼ਾਰ ਸਵਾਰ, ਬੇਸ਼ੁਮਾਰ ਪਿਆਦੇ ਦਸ-ਬਾਰਾਂ ਕੋਹ ਤੋਂ ਧਾਵਾ ਕਰਕੇ 'ਫ਼ਤਹਿ-ਦਰਸ਼ਨ' ਦੇ ਨਾਹਰੇ ਮਾਰਦੇ ਹੋਏ ਬਾਦਸ਼ਾਹੀ ਲਸ਼ਕਰ ਉਤੇ ਟੁੱਟ ਕੇ ਪੈ ਗਏ।

ਬੰਦਾ ਸਿੰਘ ਬਹਾਦੁਰ ਨੇ ਇੱਕ ਨਵਾਂ ਜੰਗੀ ਨਾਹਰਾ 'ਫ਼ਤਹਿ ਦਰਸ਼ਨ' ਜਾਰੀ ਕੀਤਾ ਜਿਸ ਦਾ ਭਾਵ ਸੀ ਕਿ ਮੈਦਾਨ-ਏ-ਜੰਗ ਵਿੱਚ ਜਿੱਤ ਦੇ ਦਰਸ਼ਨ-ਦੀਦਾਰੇ ਕਰਨੇ ਹਨ। ਇਹ ਨਾਹਰਾ ਸਿੱਖ ਫੌਜੀਆਂ ਨੂੰ ਜੰਗ-ਗਾਹ ਵਿੱਚ ਚੜ੍ਹਦੀਕਲਾ ਵਿੱਚ ਰਹਿ ਕੇ ਹਰ ਹਾਲਤਂਿ ਵੱਚ ਜਿੱਤ ਪ੍ਰਾਪਤੀ ਨੂੰ ਯਕੀਨੀ ਬਣਾਉਂਦਾ ਸੀ।

ਹੁਣ ਸਿੱਖਾਂ ਨੇ ਸਰਹਿੰਦ ਦਾ ਰੁੱਖ ਕਰਨਾ ਸੀ। ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚੁਣ ਕੇ ਸ਼ਹੀਦ ਕੀਤਾ ਸੀ। ਸਰਹਿੰਦ ਹੀ ਸੀ ਜਿਸ ਨੇ ਸਿੱਖਾਂ ਦੇ ਭਵਿੱਖ ਦਾ ਫੈਸਲਾ ਕਰਨੀ ਸੀ। ਵਜ਼ੀਰ ਖਾਂ ਸਿੱਖਾਂ ਦੀਆਂ ਰੋਜ਼ਮਰਾ ਦੀਆਂ ਜਿੱਤਾਂ ਤੋਂ ਪੂਰੀ ਤਰ੍ਹਾਂ ਘਬਰਾਇਆ ਸੀ ਪਰ ਉਸ ਨੇ ਹਜ਼ਾਰਾਂ ਜਹਾਦੀ ਇਕੱਠੇ ਕਰਕੇ ਸਿੱਖਾਂ ਨਾਲ ਜੰਗ ਕਰਨਾ ਚਾਹੁੰਦਾ ਸੀ। ਮਾਝੇ-ਮਾਲਵੇ ਦੇ ਸਿੰਘ ਕੀਰਤਪੁਰ ਸਾਹਿਬ ਵੱਲੋਂ ਆਉਂਦੇ ਵੇਖ ਮਲੇਰ-ਕੋਟਲੇ ਦੇ ਮੁਗਲ ਫੌਜ਼ਾਂ ਨਾਲ ਲੜਾਈ ਜ਼ਬਰਦਸਤ ਹੋਈ ਅਤੇ ਮਲੇਰਕੋਟਲਾ ਦੀ ਸਾਰੀ ਫੌਜ਼ ਜੰਗ-ਗਾਹ ਵਿੱਚੋਂ ਭੱਜ ਗਈ। ਇਸ ਤਰ੍ਹਾਂ ਮਾਝੇ-ਦੁਆਬੇ ਆਦਿ ਦੇ ਹਜ਼ਾਰਾਂ ਸਿੱਖ, ਚਪੜ-ਚਿੜ੍ਹੀ ਦੇ ਸਥਾਨ 'ਤੇ ਬੰਦਾ ਸਿੰਘ ਬਹਾਦੁਰ ਦੀਆਂ ਫੌਜ਼ਾਂ ਨਾਲ ਆ ਮਿਲੇ।

ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਸਰਹਿੰਦ ਤੋਂ 12-15 ਕਿਲੋਮੀਟਰ ਦੂਰ 'ਚਪੜ-ਚਿੜ੍ਹੀ' ਦੇ ਸਥਾਨ 'ਤੇ ਸਿੱਖਾਂ ਨਾਲ ਜੰਗ ਕਰਨ ਲਈ ਕਮਰਕਸੇ ਕਰ ਬੈਠਾ। ਸਿੱਖਾਂ ਕੋਲ ਵਜ਼ੀਰ ਖਾਂ ਦੇ ਮੁਕਾਬਲੇ ਬੜੇ ਘੱਟ ਘੋੜੇ ਤੇ ਹਥਿਆਰ ਸਨ ਪਰ ਸਿੱਖ ਸਾਹਿਬਜ਼ਾਦਿਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਉਤਾਵਲੇ ਸਨ। ਸਿੱਖਾਂ ਦੀ ਗਿਣਤੀ ਵੀ ਦੁਸ਼ਮਣ ਦੇ ਮੁਕਾਬਲੇ ਘੱਟ ਸੀ। ਸੂਬਾ ਵਜ਼ੀਰ ਖਾਂ ਕੋਲ ਕੁਝ ਤੋਪਾਂ ਸਨ। ਇਹ ਤੋਪਾਂ ਹਾਥੀਆਂ ਦੀਆਂ ਕਤਾਰਾਂ ਤੋਂ ਵਖਰੀਆਂ ਸਨ। ਖ਼ਾਲਸਾ ਫ਼ੌਜ਼ਾਂ ਦਾ ਸਵਾਗਤ ਵਜ਼ੀਰ ਖਾਨ ਦੀਆਂ ਤੋਪਾਂ ਨੇ ਕੀਤਾ। ਪਹਿਲੇ ਗੋਲਿਆਂ ਨਾਲ ਹੀ ਬੰਦਾ ਸਿੰਘ ਨਾਲ ਮਿਲੇ ਗ਼ੈਰ-ਸਿੱਖ ਧਾੜਵੀ ਦਸਤੇ, ਤੋਪਾਂ ਦੀ ਮਾਰ ਤੋਂ ਦੂਰ ਨਿਕਲ ਗਏ। ਬੰਦਾ ਸਿੰਘ ਬਹਾਦੁਰ ਦੇ ਹਰਾਵਲ ਦਸਤੇ ਤੋਪਾਂ ਤੇ ਹਾਥੀਆਂ ਦੀਆਂ ਕਤਾਰਾਂ ਤੋਂ ਹੁਸ਼ਿਆਰੀ ਨਾਲ ਅੱਗੇ ਵੱਧ ਕੇ ਦੁਸ਼ਮਣ 'ਤੇ ਟੁੱਟ ਪਏ। ਤੋਪਾਂ ਨੇ ਭਾਵੇਂ ਸਿੱਖਾਂ ਦਾ ਨੁਕਸਾਨ ਕੀਤਾ ਅਤੇ ਦੁਸ਼ਮਣਾਂ ਨੇ ਵੀ ਜੰਮ ਕੇ ਲੜਾਈ ਲੜੀ। ਵਜ਼ੀਰ ਖਾਂ ਵਲੋਂ ਅੰਦਰਖਾਤੇ ਇੱਕ ਹੋਰ ਮੁਸਲਮਾਨ ਦਸਤਾ, ਬੰਦਾ ਸਿੰਘ ਨਾਲ ਆ ਮਿਲਆ ਸੀ, ਜੋ ਤੋਪਾਂ ਦੀ ਆਵਾਜ਼ ਨਾਲ ਨੱਠ ਗਿਆ।

ਭਾਵੇਂ ਕੁਝ ਦੇਰ ਲਈ ਲੜਾਈ ਦਾ ਰੁੱਖ ਬਦਲ ਗਿਆ ਅਤੇ ਦੁਸ਼ਮਣ ਦਾ ਪਾਸਾ ਭਾਰੀ ਹੋ ਗਿਆ। ਬੰਦਾ ਸਿੰਘ ਬਹਾਦੁਰ ਦੂਰ ਉੱਚੇ ਟਿੱਬੇ 'ਤੇ ਬੈਠਾ ਜੰਗ ਦੇ ਹਾਲਤਾਂ 'ਤੇ ਨਜ਼ਰ ਰੱਖ ਰਿਹਾ ਸੀ। ਜਦੋਂ ਉਸ ਨੇ ਸਿੱਖਾਂ ਦੀ ਡਾਵਾਂ ਡੋਲ ਹਾਲਤ ਵੇਖੀ ਤਾਂ ਉਹ ਘੋੜੇ ਨੂੰ ਸਰਪਟ ਦੜਾਉਂਦਾ 'ਅਕਾਲ ਅਕਾਲ' ਦੇ ਜੈਕਾਰੇ ਛੱਡਦਾ, ਅੱਖ ਦੇ ਫੋਰ ਵਿੱਚ ਸ਼ਿਦਤ ਨਾਲ ਦੁਸ਼ਮਣ 'ਤੇ ਟੁੱਟ ਪਿਆ।

ਇਹ ਵੇਖ ਸਿੱਖਾਂ ਵਿੱਚ ਜੋਸ਼ ਠਾਠਾਂ ਮਾਰਨ ਲੱਗਾ ਅਤੇ ਮਲੇਰਕੋਟੀਏ ਸਰਦਾਰ ਸ਼ੇਰ ਮੁਹੰਮਦ ਖਾਨ ਤੇ ਖਵਾਜਾ ਅਲੀ ਨੂੰ ਇਕੋ ਹੱਲੇ ਵਿੱਚ ਮਾਰ ਦਿੱਤਾ। ਮੁਗਲ ਫੌਜ਼ਾਂ ਦੇ ਦੋ ਬਹਾਦੁਰ ਸਰਦਾਰਾਂ ਦੀ ਮੌਤ ਵੇਖ ਵਜ਼ੀਰ ਖਾਂ ਦੀ ਫੌਜ਼ ਵਿੱਚ ਖਲ-ਬਲੀ ਪੈ ਗਈ।

ਸਵੇਰ ਤੋਂ ਸ਼ੁਰੂ ਹੋਈ ਲੜਾਈ ਸ਼ਾਮ ਦੇ ਚਾਰ ਵਜੇ ਤੱਕ ਚਲਦੀ ਰਹੀ। ਅਚਾਨਕ ਬੰਦਾ ਸਿੰਘ ਬਹਾਦੁਰ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖਸ਼ੇ ਪੰਜ ਤੀਰਾਂ ਵਿੱਚੋਂ ਇੱਕ ਤੀਰ ਦਾ ਨਿਸ਼ਾਨਾ ਲਾ ਕੇ ਵਜ਼ੀਰ ਖਾਂ ਵੱਲ ਮਾਰਿਆ ਤਾਂ ਉਹ ਹਾਥੀ ਤੋਂ ਡਿੱਗ ਪਿਆ। ਵਜ਼ੀਰ ਖਾਂ ਦੀ ਮੌਤ ਦੀ ਖ਼ਬਰ ਸੁਣਦੇ ਹੀ ਮੁਗਲ ਫੌਜ ਮੈਦਾਨ-ਏ-ਜੰਗ ਵਿੱਚੋਂ ਭੱਜ ਗਈ ਅਤੇ ਸਿੱਖਾਂ ਨੇ ਜਿੱਤ ਦੇ ਨਗਾਰੇ ਸ਼ਾਦਿਆਨੇ ਵਜਾਉਂਦੇ, ਫਤਹਿ ਯਾਬੀਆਂ ਦੀ ਸ਼ਕਲ ਵਿੱਚ ਸਰਹਿੰਦ ਵੱਲ ਤੁਰ ਪਏ। ਵਜ਼ੀਰ ਖਾਂ ਹਾਲੀ ਜੀਉਂਦਾ ਸੀ ਕਿ ਸਿੱਖਾਂ ਨੇ ਉਸ ਦੀਆਂ ਲੱਤਾਂ ਬੰਨ ਕੇ ਘੋੜੇ ਪਿੱਛੇ ਨੂੜ ਦਿੱਤਾ। ਸਰਹਿੰਦ ਦੀਆਂ ਗਲੀਆਂ, ਬਜ਼ਾਰਾਂ ਵਿੱਚ ਉਸ ਦੀ ਲਾਸ਼ ਨੂੰ ਘਸੀਟਿਆ ਗਿਆ। ਆਖਰ ਉਸ ਦੀ ਲਾਸ਼ ਨੂੰ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਸਬਕ ਮਿਲੇ। ਸਿੱਖਾਂ ਨੂੰ ਭਾਰੀ ਜੰਗੀ ਸਮਾਨ, ਹਾਥੀ, ਘੋੜੇ, ਤੋਪਾਂ, ਹਥਿਆਰ ਹੱਥ ਲੱਗੇ ਅਤੇ ਉਹ ਜੈਕਾਰੇ ਲਾਉਂਦੇ ਸ਼ਹਿਰ ਸਰਹਿੰਦ ਵਿੱਚ ਦਾਖਲ ਹੋਏ।

ਸਰਹਿੰਦ ਦੇ ਬਾਸ਼ਾਂਦਿਆਂ ਨੇ ਜਦੋਂ ਵਜ਼ੀਰ ਖਾਂ ਦੇ ਮਰਨ ਦੀ ਖ਼ਬਰ ਸੁਣੀ ਤਾਂ ਲੋਕ ਘਰ-ਬਾਰ ਛੱਡ ਕੇ ਨੱਠ ਪਏ। ਵਜ਼ੀਰ ਖਾਂ ਦਾ ਬੇਟਾ ਆਪਣੇ ਕਬੀਲੇ ਨਾਲ ਦਿੱਲੀ ਵੱਲ ਭੱਜ ਗਿਆ। ਵਜ਼ੀਰ ਖਾਂ ਦਾ ਦੀਵਾਨ ਸੁੱਚਾ ਨੰਦ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨਾਲ ਧਰੋ ਕਮ-ਾਇਆ ਸੀ ਅਤੇ ਗਰੀਬਾਂ, ਮਜ਼ਲੂਮਾਂ ਲੋਕਾਂ 'ਤੇ ਬੜੇ ਜ਼ੁਲਮ ਕੀਤੇ ਸਨ, ਭੱਜਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਸਿੰਘਾਂ ਨੇ ਆਣ ਦਬੋਚ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਦੀਆਂ ਫੌਜ਼ਾਂ ਸ਼ਾਹੀ ਖਜ਼ਾਨੇ, ਸ਼ਾਹੀ ਮਹਿਲਾਂ, ਅਮੀਰਾਂ ਦੇ ਮਕਾਨਾਂ ਆਦਿ ਦੀ ਖ਼ੂਬ ਲੁੱਟ ਕੀਤੀ। ਇਸ ਲੁੱਟਪੁਟ ਵਿੱਚ ਸ਼ਹਿਰ ਦੇ ਆਸ ਪਾਸ ਦੇ ਧਾੜਵੀ, ਬਾਦਸ਼ਾਹ ਵੀ ਸਨ, ਜੋ ਮਾਲਮਤਾ ਲੁੱਟ ਕੇ ਭੱਜ ਗਏ।

ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਚੌਥੇ ਦਿਨ ਬੰਦਾ ਸਿੰਘ ਨੇ ਲੁੱਟਮਾਰ, ਹੁਕਮ ਦੇ ਕੇ ਬੰਦ ਕਰਾ ਦਿੱਤੀ। ਕਿਲ੍ਹੇ 'ਤੇ ਖ਼ਾਲਸਾਈ ਨਿਸ਼ਾਨ ਝੁਲਾ ਦਿੱਤਾ। ਸ. ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਤੇ ਭਾਈ ਆਲੀ ਸਿੰਘ ਨੂੰ ਉਸਦਾ ਸਹਾਇਕ ਮੁਕਰਰ ਕਰ ਦਿੱਤਾ।

ਇਨ੍ਹਾਂ ਦੋਵਾਂ ਸਰਦਾਰਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਦਾ ਪ੍ਰਬੰਧ ਸੰਭਾਲ ਲਿਆ। ਫ਼ਾਰਸੀ ਲਿਖਤਾਂ ਵਿੱਚ ਬਾਜ਼ ਸਿੰਘ ਨੂੰ ਆਮ ਤੌਰ 'ਤੇ ਨਾਰ ਸਿੰਘ ਕਰਕੇ ਲਿਖਆ ਹੈ। ਫ਼ਾਰਸੀ ਸ਼ਬਦਾਵਲੀ ਵਿੱਚ ਨਾਰ ਦਾ ਅਰਥ ਉਹ ਸ਼ੇਰ ਜੋ ਅੱਗ ਵਰਸਾਉਂਦਾ ਸੀ। ਸਚਮੁੱਚ ਬਾਜ ਸਿੰਘ, ਨਾਰ ਸਿੰਘ ਬਣ ਕੇ ਮੈਦਾਨ-ਏ-ਜੰਗ ਵਿੱਚ ਅਜਿਹੀ ਬਹਾਦੁਰੀ ਦੇ ਕਾਰਨਾਮੇ ਕਰਦਾ ਸੀ ਕਿ ਦੁਸ਼ਮਣਾਂ ਵਿੱਚ ਭੱੜਥੂ ਪਾ ਦੇਂਦੇ ਸੀ। ਇਸੇ ਲਈ ਬਾਜ਼ ਸਿੰਘ ਨੂੰ ਨਾਰ ਸਿੰਘ ਕਰਕੇ ਫ਼ਾਰਸੀ ਲਿਖਾਰੀ ਮੁਖਾਤਿਬ ਹੁੰਦੇ ਸਨ।

ਸਰਹਿੰਦ ਦੀ ਜਿੱਤ ਤੋਂ ਬਾਅਦ ਸੁਨਾਮ, ਘੁੜਾਮ, ਮਲੇਰਕੋਟਲਾ ਆਦਿ ਮਾਮੂਲੀ ਝੜਪਾਂ ਪਿੱਛੋਂ ਸਿੱਖਾਂ ਦੇ ਕਬਜ਼ੇ ਵਿੱਚ ਆ ਗਏ। ਸਿੱਖਾਂ ਦਾ ਸਰਹਿੰਦ ਦੇ ਕੁਲ ਅਠਾਈ ਪਰਗਣਿਆਂ 'ਤੇ ਕੰਟਰੋਲ ਹੋ ਚੁੱਕਾ ਸੀ। ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸ। ਬਾਜ਼ ਸਿੰਘ, ਬਿਨੋਦ ਸਿੰਘ, ਰਾਮ ਸਿੰਘ, ਸ਼ਾਮ ਸਿੰਘ, ਫ਼ਤਹਿ ਸਿੰਘ, ਕੋਇਰ ਸਿੰਘ ਆਦਿ ਸਿਆਸੀ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ।

ਸਰਹਿੰਦ ਦੀ ਲੜਾਈ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ, ਜਿਸ ਦੀ ਗਵਾਈ ਫ਼ਾਰਸੀ ਲਿਖਤਾਂ ਵਿੱਚ ਮੌਜੂਦ ਹੈ। 28 ਅਪ੍ਰੈਲ 1711 ਈ। ਦੀ 'ਅਖ਼ਬਾਰਾਤ-ਏ-ਦਰਬਾਰ-ਮੁਆਲਾ ਦੀ ਰਿਪੋਰਟ ਅਨੁਸਾਰ ਬੰਦਾ ਸਿੰਘ ਬਹਾਦਰ ਦੀ ਫ਼ੌਜ਼ ਵਿੱਚ 5000 ਮੁਸਲਮਾਨ ਭਰਤੀ ਹੋ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਉਸ (ਬੰਦਾ ਸਿੰਘ) ਨੇ ਮੁਸਲਮਾਨ ਨੂੰ ਖ਼ੁੱਤਬਾ ਅਤੇ ਨਿਮਾਜ਼ ਪੜ੍ਹਨ ਦੀ ਆਜ਼ਾਦੀ ਦੇ ਦਿੱਤੀ ਹੈ। ਉਹ ਮੁਸਲਮਾਨਾਂ ਨੂੰ 'ਨਿਮਾਜ਼ੀ ਸਿੰਘ' ਕਹਿ ਕੇ ਬੁਲਾਉਂਦਾ ਹੈ।

"ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜਾ ਵੀ ਉਸ ਕੋਲ ਪੁੱਜ ਗਿਆ, ਉਸ ਨੂੰ 'ਸਿੰਘ' ਦੇ ਖਿਤਾਬ ਨਾਲ ਸੰਬੋਧਨ ਕਰਵਾਉਂਦਾ ਸੀ, ਜਿਵੇਂ ਕਿ ਦੀਨਦਾਰ ਖਾਂ, ਜਿਹੜਾ ਉਸ ਇਲਾਕੇ ਦਾ ਰਈਸ ਸੀ, ਨੂੰ ਦੀਨਦਾਰ ਸਿੰਘ ਦੀ ਉਪਾਧੀ ਦਿੱਤੀ ਅਤੇ ਸਰਹਿੰਦ ਦਾ ਖ਼ਬਰ ਨਵੀਸ ਮੀਰ ਨਸੀਰੁਦੀਨ ਸਿੰਘ ਬਣ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਇਸਲਾਮੀ ਛੱਡ ਕੇ ਝੜ ਦੇ ਰਾਹ ਪੈ ਗਏ ਤੇ ਉਸ ਦਾ ਸਾਥ ਦੇਣ ਲਈ ਪੱਕੇ ਕੌਲ ਇਕਰਾਰ ਕਰ ਲਏ। "ਉਪਰ ਦਿੱਤੀ ਸੰਖੇਪ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੇ ਮੁਗਲ ਫ਼ੌਜ਼ਾਂ ਨੂੰ ਵੱਡੀ ਸ਼ਿਕਸਤ ਦੇ ਕੇ ਸਮਾਣਾ, ਸਢੋਰਾ, ਸਰਹਿੰਦ ਆਦਿ 'ਤੇ ਖਾਲਸਈ ਝੰਡੇ ਝੁਲਾ ਕੇ ਨਵੇਂ ਅਧਿਆਇਆਂ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਦੀ ਗਵਾਹੀ ਫ਼ਾਰਸੀ ਲਿਖਤਾਂ ਵਿੱਚੋਂ ਬਾਖ਼ੂਬੀ ਪ੍ਰਗਟ ਹੁੰਦੀ ਹੈ।

ਵਿਸਥਾਰ ਲਈ ਵੇਖੋ: ਡਾ. ਜਸਬੀਰ ਸਿੰਘ ਸਰਨਾ,ਤੇਗ਼-ਏ-ਆਤਿਸ਼ਬਾਰ,ਬੰਦਾ ਸਿੰਘ ਬਹਾਦੁਰ, ਪ੍ਰਕਾਸ਼ਿਤ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਯੂਥ ਆਰਗੇਨਾਈਜ਼ੇਸ਼ਨ (ਰਜਿ.) ਰਾਜੌਰੀ (ਜੇ ਐਂਡ ਕੇ), ਪੰਨਾ-9-17)


# ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ



ਪ੍ਰਮੋਦ ਧੀਰ, ਜੈਤੋ
98550-31081

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ, ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ, ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ, ਹੁਕੇ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ। ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ। ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।



ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ। ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਚਿੱਟੇ ਦੇ ਖਿਲਾਫ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋ ਲਏ ਮਾਂਵਾਂ ਦੇ।

ਇਸ ਸਮੇਂ ਪੰਜਾਬ ਸਰਕਾਰ ਵੱਲੋਂ ਨਸ਼ਾ ਰੋਕਣ ਦੀ ਮੁਹਿੰਮ ਵੀ ਚਲਾਈ ਗਈ ਹੈ ਤੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ 31 ਮਈ 2025 ਤੱਕ ਪੰਜਾਬ ਪੁਲਿਸ ਨੂੰ ਪੰਜਾਬ ਵਿਚੋਂ ਨਸ਼ਾ ਵੇਚਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕਰਕੇ ਨਸ਼ਾ ਖਤਮ ਕਰਨ ਦੀ ਜੋ ਮੁਹਿੰਮ ਚਲਾਈ ਹੈ ਇਸਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ ਤੇ ਸਾਨੂੰ ਸਭ ਨੂੰ ਨਸ਼ੇ ਵੇਚਣ ਵਾਲੇ ਸੁਦਾਗਰਾਂ ਦੇ ਖਿਲਾਫ਼ ਚਲਾਈ ਮੁਹਿੰਮ ਵਿੱਚ ਪੁਲਿਸ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ, ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਦੇਸ਼ ਦੀ ਤਰੱਕੀ ਅਗਰ ਚਾਹੁੰਦੇ ਹਾਂ ਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉ। ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ ਆਦਿ ਨਸ਼ਿਆਂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

# ਇਤਿਹਾਸ ਦੇ ਝਰੋਖੇ 'ਚੋਂ ਮਾਹਿਲਪੁਰ



ਬਲਜਿੰਦਰ ਮਾਨ
98150-18947

ਦੁਆਬੇ ਦਾ ਕਸਬਾ ਮਾਹਿਲਪੁਰ ਸਦੀਆਂ ਪੁਰਾਣਾ ਇਤਿਹਾਸ ਸੰਭਾਲੀ ਬੈਠਾ ਹੈ। ਜਿਵੇਂ ਜਿਵੇਂ ਖੋਜ ਕਾਰਜ ਅੱਗੇ ਵਧ ਰਿਹਾ ਹੈ, ਉਸੇ ਤਰ੍ਹਾਂ ਕਈ ਅਣਗੌਲੀਆਂ ਪਰਤਾਂ ਸਾਹਮਣੇ ਆ ਰਹੀਆਂ ਹਨ। ਮਾਹਿਲਪੁਰ ਦੇ ਨੈਸ਼ਨਲ ਐਵਾਰਡੀ ਅਧਿਆਪਕ ਅਤੇ ਖੋਜੀ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਆਪਣੀ ਪੁਸਤਕ "ਪ੍ਰਿੰਸੀਪਲ ਹਰਭਜਨ ਸਿੰਘ ਤੇ ਮੇਰਾ ਪਿੰਡ" ਵਿਚ ਇਸ ਦੇ ਵਸਣ ਕਾਲ ਨੂੰ ਭਾਵੇਂ ਚੀਨੀ ਯਾਤਰੀ ਹਿਊਨਸਾਂਗ ਅਤੇ ਰਾਜਾ ਹਰਸ਼ਵਰਧਨ ਦਾ ਕਾਲ ਦੱਸਿਆ ਹੈ ਪਰ ਬੈਂਸ ਬੰਸ ਬਾਰੇ ਸ੍ਰੀ ਰਾਮ ਪਿਆਰੋ ਬੈਂਸ (ਬਾਜਾ) ਰਚਿਤ ਪੁਸਤਕ ਉਸਭੇ ਘਟ ਰਾਮ ਬੋਲੇ" ਦੇ ਪੰਨਾ 54 'ਤੇ ਦਰਜ ਹੇਠਲੀਆਂ ਸਤਰਾਂ ਸਾਬਤ ਕਰਦੀਆਂ ਹਨ ਕਿ ਰਾਜਾ ਜਨਕ ਦੇ ਵੇਲੇ ਇਹ ਨਗਰੀ ਆਬਾਦ ਹੋਈ।

ਮਿਥਿਲਾ ਰਾਜ ਨਗਰੀ ਮਹਿਲ ਪਾਲਨਹਾਰ ਬੈਂਸ ਖੰਡ ਪਰਸਿੱਧ।
ਜਨਕ ਤੇ ਪਦ ਰਾਜਾ ਕਾ ਹੋਆ ਤੇ ਬੰਸ ਤੇ ਬੈਂਸ ਹੋਆ ਤੱਬ।

ਇਸੇ ਤਰ੍ਹਾਂ ਇਸ ਨਗਰੀ ਤੇ ਰਾਜ ਦੀ ਕਹਾਣੀ ਵੀ ਉਸ ਵਲੋਂ ਪੁਸਤਕ ਵਿਚ ਦਰਜ ਕੀਤੀ ਗਈ ਹੈ।

ਮਿਥਿਲਾ ਨਗਰੀ ਸੁਰਜੀਤ ਕਰੀ ਮਾਹਲ ਦੇਵ ਜੋ ਈਸਾ ਜਨਮਾ ਜਬ ਮਾਹਿਲਪੁਰ ਪਰਸਿੱਧ ਕੀਉ ਤਬ ਰਾਜ ਕੀਉ ਸਤ ਸਦੀ ਬੈਂਸ ਬੰਸ। ਸ੍ਰੀ ਬਾਜਾ ਦੀ ਪੁਸਤਕ ਮੁਤਾਬਿਕ ਬੈਂਸ ਬੰਸੀ ਚਾਰ ਵਰਣਾਂ ਵਿਚ ਵੀ ਨਹੀਂ ਆਉਂਦੇ ਅਤੇ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਵੀ ਨਿਵੇਕਲੀਆਂ ਹਨ। ਜਿਵੇਂ-



ਉਮੰਨੂੰ ਵਾਲੀ ਵਰਨ ਨਹੀਂ ਜਾਤੀ ਬੈਂਸ ਜੋਦ ਸੋਭ ਪਾਲਨਹਾਰ ਹਰ ਆਪੇ ਕੀਏ"
-ਬੈਂਸ ਹਕ ਪਤਿ ਕਾ ਰਾਖਾ ਹਉਂ ਧਾਰੇ ਚੌਧਰ ਲੋੜੇ।
-ਪਰਉਪਕਾਰ ਨਾ ਜਾਵੇ ਕਹਾਵੇ ਜੱਟ ਬੈਂਸ ਜਾਣੋ ਸੋ ਹੈ ਨਕਲੀ ਭੇਖਧਾਰੀ।
ਮਾਹਿਲਪੁਰੀਏ ਬੈਂਸਾਂ ਬਾਰੇ ਅੰਗਰੇਜ਼ ਲਿਖਾਰੀ ਬਰਕੀ ਦੀ ਕਿਤਾਬ

ਉਪੀਰੇਜ ਵਰਲਡ ਬੁੱਕ ਆਫ ਬੈਂਸ" ਵਿਚ ਬੈਂਸ ਦੇ ਕੋਡ ਆਫ ਆਰਮਜ਼ ਨਿਸ਼ਾਨ ਚਿੰਨ੍ਹਾਂ ਦਾ ਵੀ ਜ਼ਿਕਰ ਹੈ। ਫਰਾਂਸ ਵਿਚ ਇਕ ਇਲਾਕੇ ਦਾ ਨਾਂ ਬੇਨਜ਼ ਹੈ। ਉਥੋਂ ਆਉਣ ਵਾਲੇ ਨੂੰ ਬੈਂਸ ਆਖਿਆ ਜਾਂਦਾ ਹੈ। "ਪ੍ਰਿੰਸੀਪਲ ਹਰਭਜਨ ਸਿੰਘ ਤੇ ਮੇਰਾ ਪਿੰਡ" ਨਾਮੀ ਪੁਸਤਕ ਵਿਚ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਮਾਹਿਲਪੁਰ ਦੇ ਇਤਿਹਾਸਕ ਪੱਖ ਨੂੰ ਬੜੇ ਵਿਸਥਾਰ ਨਾਲ ਲਿਖਿਆ ਹੈ। ਲਗਪਗ 400 ਈਸਵੀਂ ਵਿਚ ਹਰਸ਼ਵਰਧਨ ਦੇ ਵੱਡੇ ਵਡੇਰੇ ਬੈਂਸ ਬੰਸੀ ਪੁਸ਼ਪ ਭੂਤੀ ਨੇ ਆਪਣੇ ਬੰਸ ਦੇ ਲੋਕਾਂ ਨਾਲ ਕੁਰੂਕਸ਼ੇਤਰ ਦੀ ਪਾਕਿ ਜ਼ਮੀਨ 'ਤੇ ਸ੍ਰੀ ਕੰਠ ਥਾਨੇਸਰ ਦਾ ਪਹਿਲਾ ਰਾਜ ਬਣਾਇਆ। ਹਰਸ਼ ਚਰਿੱਤਰ ਵਿਚ ਵੀ ਇਸ ਦਾ ਵਰਣਨ ਮਿਲਦਾ ਹੈ। ਮਾਹਿਲਪੁਰ ਦਾ ਇਹ ਨਾਂ ਮਾਹਿਲਦੇਵ ਦੇ ਨਾਂ 'ਤੇ ਪਿਆ ਮੰਨਿਆ ਜਾਂਦਾ ਹੈ। ਚੀਨੀ ਯਾਤਰੀ ਹਿਊਨਸਾਂਗ ਵਾਪਸੀ ਸਮੇਂ ਇਥੇ 643 ਈ: 'ਚ ਆਇਆ। ਉਹ ਆਪਣੇ ਸਫ਼ਰਨਾਮੇ ਵਿਚ ਇਸ ਥਾਂ ਨੂੰ ਉਸ਼ੀ ਮਾਹਿਲ" ਕਰਕੇ ਲਿਖਦਾ ਹੈ। ਮਾਹਿਲਪੁਰ ਨਾਂ ਵਾਲਾ ਪੂਰੇ ਵਿਸ਼ਵ ਵਿਚ ਇਹ ਇਕੋ ਇਕ ਪਿੰਡ/ਕਸਬਾ ਹੈ।

ਛੋਟੀਆਂ ਬਾੜੀਆਂ ਦੇ ਨੇੜੇ ਰਾਜਾ ਜਨਕ ਦੇ ਕਿਲੇ ਦਾ ਥੇਹ ਦੱਸਿਆ ਜਾਂਦਾ ਹੈ। ਸੋ ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਪਿੰਡ ਰਾਜਾ ਜਨਕ ਭਾਵ ਰਾਮਾਇਣ ਦੇ ਕਾਲ ਵਿਚ ਹੋਂਦ 'ਚ ਆਇਆ।

ਇਥੋਂ ਦਾ ਇਤਿਹਾਸਕ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨਾਲ ਸਬੰਧਤ ਹੈ। 200 ਸਿੰਘਾਂ ਦਾ ਜਥਾ ਜਦੋਂ ਬਸੀਆਂ ਦੇ ਹਾਕਮ ਜਾਬਰ ਖਾਨ ਨੂੰ ਉਸ ਦੇ ਕੁਕਰਮਾਂ ਦਾ ਫਲ ਚਖਾ ਕੇ ਵਾਪਿਸ (1701) ਆਨੰਦਪੁਰ ਸਾਹਿਬ ਜਾ ਰਿਹਾ ਸੀ ਤਾਂ ਜ਼ਖਮੀ ਹੋਏ ਦੋ ਸਿੰਘ ਇਥੇ ਸ਼ਹੀਦ ਹੋ ਗਏ ਸਨ ਜਿਨ੍ਹਾਂ ਦੀ ਅੰਤਿਮ ਅਰਦਾਸ ਅਤੇ ਸੰਸਕਾਰ ਬਾਬਾ ਜੀ ਵਲੋਂ ਮਾਹਿਲਪੁਰ ਦੇ ਚੜ੍ਹਦੇ ਪਾਸੇ (ਲੱਧੇਵਾਲ) ਗੁਰਦੁਆਰੇ ਵਾਲੇ ਅਸਥਾਨ 'ਤੇ ਕੀਤਾ ਗਿਆ ਸੀ। ਮਾਹਿਲਪੁਰ ਦੇ ਅਨੇਕ ਦੇਸ਼ ਭਗਤਾਂ ਨੇ ਵੱਖ ਵੱਖ ਲਹਿਰਾਂ ਵਿਚ ਯੋਗਦਾਨ ਪਾ ਕੇ ਸਖਤ ਸਜ਼ਾਵਾਂ ਕੱਟੀਆਂ। ਜੈਤੋ ਦੇ ਮੋਰਚੇ ਦੌਰਾਨ ਬੰਤਾ ਸਿੰਘ, ਦੀਵਾਨ ਸਿੰਘ, ਗੁਰਦਿੱਤ ਸਿੰਘ, ਜਗਤ ਸਿੰਘ ਤੇ ਰੂੜਾ ਸਿੰਘ ਨੇ ਸਜ਼ਾਵਾਂ ਕੱਟੀਆਂ। ਇਸੇ ਤਰ੍ਹਾਂ ਗਦਰੀ ਬਾਬਾ ਹਰਜਾਪ ਸਿੰਘ ਨੂੰ 24 ਸਾਲ ਦੀ ਸਜ਼ਾ ਹੋਈ ਸੀ। ਇਸੇ ਲਹਿਰ ਵਿਚ ਰਾਮ ਸਿੰਘ ਜੌਹਰ, ਜਗਤ ਸਿੰਘ ਅਤੇ ਭਗਤ ਸਿੰਘ ਦੇ ਨਾਂ ਵੀ ਲਏ ਜਾਂਦੇ ਹਨ। ਗਦਰ ਪਾਰਟੀ ਦੇ ਬਸੰਤ ਸਿੰਘ ਅਤੇ ਬੱਬਰ ਅਕਾਲੀ ਰਤਨ ਸਿੰਘ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਈ.ਐਨ.ਏ. ਵਿਚ ਨਸੀਬ ਸਿੰਘ ਅਤੇ ਪਿਆਰਾ ਸਿੰਘ ਸ਼ਾਮਲ ਹੋ ਕੇ ਦੇਸ਼ ਲਈ ਜੂਝੇ ਸਨ।

ਇਸੇ ਤਰ੍ਹਾਂ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਸ਼ਿੰਗਰਾਨ ਦੇ ਉਦੇਸ਼ ਨਾਲ ਪ੍ਰਿੰ. ਹਰਭਜਨ ਸਿੰਘ ਨੇ ਆਪਣੀ ਸਾਰੀ ਜ਼ਮੀਨ ਜਾਇਦਾਦ ਸਿੱਖਿਆ ਤੇ ਖੇਡ ਜਗਤ ਦੇ ਲੇਖੇ ਲਾਈ। 1946 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੀ ਸਥਾਪਨਾ ਨਾਲ ਇਲਾਕੇ ਵਿਚ ਹੀ ਨਹੀਂ ਸਗੋਂ ਦੂਰ ਦੁਰੇਡੇ ਤਕ ਗਿਆਨ ਦਾ ਚਾਨਣ ਵੰਡਿਆ ਜਾਣ ਲੱਗਾ।ਜਿਸਦੀ ਬਦੌਲਤ ਇਸ ਇਲਾਕੇ ਅਤੇ ਇਸ ਕਾਲਜ ਦੇ ਵਿਦਿਆਰਥੀ ਦੇਸ਼ ਦੁਨੀਆਂ ਵਿਚ ਆਪਣੀਆਂ ਪੈੜਾਂ ਪਾਉਣ ਲੱਗੇ। ਅਜ ਵੀ ਇਸ ਸੰਸਥਾਂ ਦੀ ਬੁਲੰਦੀ ਦੀ ਚਰਚਾ ਪੂਰੀ ਦੁਨੀਆਂ ਵਿਚ ਹੁੰਦੀ ਹੈ।ਉਹਨਾਂ ਦੀ ਯਾਦ ਵਿਚ 1962 ਤੋਂ ਆਲ ਇੰਡੀਆਂ ਪ੍ਰਿੰ.ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਹਰ ਸਾਲ ਜਨਵਰੀ ਮਹੀਨੇ ਉੱਘੇ ਖੇਡ ਪ੍ਰਮੋਟਰ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਬੜੀ ਸ਼ਾਨ ਨਾਲ ਕਰਵਾਇਆ ਜਾਂਦਾ ਹੈ। ਖਾਲਸਾ ਕਾਲਜ ਦੀ ਵਾਗ ਡੋਰ ਸਿੱਖਿਆ ਅਤੇ ਕਲਾ ਨੂੰ ਸਮਰਪਿਤ ਪ੍ਰਿੰਸੀਪਲ ਡਾ.ਪਰਵਿੰਦਰ ਸਿੰਘ ਦੇ ਹੱਥ ਹੈ ਜੋ ਦਿਨ ਰਾਤ ਇਕ ਕਰਕੇ ਇਸ ਸੰਸਥਾਂ ਨੂੰ ਬੁਲੰਦੀਆਂ ਵੱਲ ਲਿਜਾ ਰਹੇ ਹਨ। ਜ਼ੈਲਦਾਰ ਬਲਵੰਤ ਸਿੰਘ ਨੇ ਖਾਲਸਾ ਸਕੂਲ ਦੀ ਸਥਾਪਨਾ ਅਤੇ ਸੰਚਾਲਨ ਵਿਚ ਆਪਣੇ ਜੀਵਨ ਦੇ 43 ਵਰ੍ਹੇ ਗੁਜ਼ਾਰ ਕੇ ਇਕ ਨਿਵੇਕਲੇ ਇਤਿਹਾਸ ਦੀ ਸਿਰਜਣਾ ਕੀਤੀ। ਉਨ੍ਹਾਂ ਦੇ ਪੋਤਰੇ ਹਰਚਰਨ ਬੈਂਸ ਨੇ ਆਪਣੇ ਪਿਤਰਾਂ ਦੀ ਪਿਰਤ ਨੂੰ ਕਾਇਮ ਰੱਖਦੇ ਹੋਏ ਬਾਦਲ ਸਰਕਾਰ ਦੇ ਮੀਡੀਆ ਸਲਾਹਕਾਰ ਬਣੇ।

ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਸੰਸਥਾਵਾਂ ਦਾ ਇਹ ਕਸਬਾ ਇਕ ਕੇਂਦਰ ਹੈ।ਜਿੱਥੇ 12 ਨਿਜੀ ਸਕੂਲ ਚੱਲ ਰਹੇ ਹਨ। ਕਸਬੇ ਦੇ ਆਲੇ ਦੁਆਲੇ ਤਕਨੀਕੀ ਸੰਸਥਾਵਾਂ ਵੀ ਆਪੋ ਆਪਣੇ ਢੰਗ ਨਾਲ ਇਸਦੀ ਪ੍ਰਗਤੀ ਵਿਚ ਯੋਗਦਾਨ ਪਾ ਰਹੀਆਂ ਹਨ। ਸਾਹਿਤ, ਕਲਾ, ਸਿੱਖਿਆ, ਫੁੱਟਬਾਲ ਅਤੇ ਸੈਨਾਵਾਂ ਆਦਿ ਖੇਤਰਾਂ ਵਿਚ ਇਸ ਕਸਬੇ ਦੀ ਇਤਿਹਾਸਕ ਦੇਣ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।ਸ਼ਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਸ. ਗੁਲਜ਼ਾਰ ਸਿੰਘ ਸੰਧੂ, ਮਹਾਂਕਾਵਿ ਰਚਣ ਵਾਲੇ ਅਤੇ ਮੇਰੇ ਵਰਗੇ ਕਈ ਸਾਹਿਤਕਾਰ ਖਾਲਸਾ ਕਾਲਜ ਦੀ ਦੇਣ ਹਨ।ਇੰਡੀਆ ਬੁਕ ਆਫ ਰਿਕਾਰਡਸ ਵਿਚ ਸ਼ਾਮਲ ਪੰਜਾਬੀ ਦਾ ਇਕੋ ਇਕ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਇਹਨਾਂ ਸਤਰਾ ਦੇ ਲੇਖਕ ਵਲੋਂ 1995 ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਅਰਜਨ ਅਵਾਰਡੀ ਉਲੰਪੀਅਨ ਜਰਨੈਲ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਵਰਗੇ ਕੌਮਾਂਤਰੀ ਫੱਟਬਾਲਰ ਇਸ ਧਰਤੀ ਦੇ ਹੀ ਦੇਣ ਹਨ। ਨੈਸ਼ਨਲ ਅਵਾਰਡੀ ਟੀਚਰ ਅਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਦਾ ਸਾਰਾ ਪਰਿਵਾਰ ਹੀ ਰਿਕਾਰਡਰ ਹੈ। ਉਹਨਾਂ ਦਾ ਬੇਟਾ ਅਮਨਦੀਪ ਸਿੰਘ ਸੈਫ ਗੇਮਜ਼ ਦਾ ਰਿਕਾਰਡਰ ਅਥਲੀਟ ਹੈ।

ਬਹੁ ਮਾਧਰੀ ਏ ਸਿੰਘ ਅਰਜਨ ਅਵਾਰਡੀ ਦੌੜਾਕ ਹੈ। ਉਹਨਾਂ ਦੀ ਪੋਤਰੀ ਹਰਮਿਲਨ ਬੈਂਸ ਏਸ਼ੀਅਨ ਖੇਡਾਂ ਵਿਚ 1500 ਅਤੇ 800 ਮੀਟਰ ਵਿਚ ਦੋ ਸਿਲਵਰ ਮੈਡਲ ਜਿੱਤ ਕੇ ਰਿਕਾਰਡ ਕਾਇਮ ਕਰ ਚੁਕੀ ਹੈ। ਇਸ ਤਰ੍ਹਾਂ ਇਹ ਨਿੱਕਾ ਜਿਹਾ ਕਸਬਾ ਵੱਡੀਆਂ ਪ੍ਰਾਪਤੀਆਂ ਨਾਲ ਆਪਣਾ ਇਤਿਹਾਸ ਸਿਰਜ ਚੁੱਕਾ ਹੈ। ਇਸਦਾ ਸਮੁਚਾ ਇਤਿਹਾਸ ਫਰੋਲਣ ਵਾਸਤੇ ਪੂਰੀ ਦੀ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ।

# ਦੇਸ਼ ਭਗਤ ਯੂਨੀਵਰਸਿਟੀ ਦੀ ਫਾਰਮੇਸੀ ਫੈਕਲਟੀ ਨੇ ਡਿਪਰੈਸ਼ਨ ਬਾਰੇ ਜਾਗਰੂਕਤਾ ਕੈਂਪ ਲਗਾਇਆ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਦੇ ਫਾਰਮੇਸੀ ਫੈਕਲਟੀ ਦੇ ਪਲੇਸਬੋ ਕਲੱਬ ਨੇ ਮਾਨਸਿਕ ਸਿਹਤ ਬਾਰੇ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਡਿਪਰੈਸ਼ਨ (ਉਦਾਸੀ) ਨਾਲ ਜੁੜੇ ਵਿਗਾੜ ਨੂੰ ਘਟਾਉਣ ਲਈ ਡਿਪਰੈਸ਼ਨ 'ਤੇ ਅਮਲੋਹ ਨੇੜੇ ਪਿੰਡ ਸੌਂਟੀ ਵਿੱਚ ਇਕ ਜਾਗਰੂਕਤਾ ਕੈਂਪ ਲਗਾਇਆ। ਇਸ ਪ੍ਰੋਗਰਾਮ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਫਾਰਮੇਸੀ ਦੀ ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਨੇ ਡਾ. ਸ਼ੈਲੇਸ਼ ਕੁਮਾਰ ਗੁਪਤਾ, ਪ੍ਰਿੰਸੀਪਲ, ਐਸ. ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ, ਸ਼੍ਰੀਮਤੀ ਖੁਸ਼ਪਾਲ, ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਅਤੇ ਕਈ ਉੱਘੇ ਫੈਕਲਟੀ ਮੈਂਬਰਾਂ ਦੇ ਨਾਲ ਕੀਤਾ।



ਡਾ. ਨਿੱਕੀ ਜੈਸਵਾਲ ਨੇ ਪ੍ਰੋਗਰਾਮ ਦਾ ਤਾਲਮੇਲ ਕੀਤਾ ਅਤੇ ਇਸਨੂੰ ਸੁਚਾਰੂ ਢੰਗ ਨਾਲ ਚਲਾਉਣ ਨੂੰ ਯਕੀਨੀ ਬਣਾਇਆ, ਜਦੋਂਕਿ ਸ਼੍ਰੀਮਤੀ ਸ਼ਿਵਾਨੀ ਅਤੇ ਸ਼੍ਰੀ ਰੂਹਿਤ, ਸਕੂਲ ਆਫ਼ ਫਾਰਮੇਸੀ ਦੇ ਸਹਾਇਕ ਪ੍ਰੋਫੈਸਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ। ਕੈਂਪ ਵਿੱਚ ਮਾਹਿਰਾਂ ਦੇ ਭਾਸ਼ਣ, ਇੰਟਰਐਕਟਿਵ ਵਿਚਾਰ-ਵਟਾਂਦਰੇ ਅਤੇ ਜਾਣਕਾਰੀ ਭਰਪੂਰ ਸੈਸ਼ਨ ਸ਼ਾਮਲ ਸਨ ਜਿਨ੍ਹਾਂ ਵਿੱਚ ਡਿਪਰੈਸ਼ਨ ਦੇ ਕਾਰਨਾਂ, ਲੱਛਣਾਂ ਅਤੇ ਪ੍ਰਬੰਧਨ ਨੂੰ ਉਜਾਗਰ ਕੀਤਾ ਗਿਆ ਸੀ। ਵਿਦਿਆਰਥੀ ਅਤੇ ਫੈਕਲਟੀ ਪੈਂਫਲੇਟਾਂ ਅਤੇ ਵਰਕਸ਼ਾਪਾਂ ਰਾਹੀਂ ਜਾਗਰੂਕਤਾ ਫੈਲਾਉਣ ਵਿੱਚ ਰੁੱਝੇ ਹੋਏ ਸਨ, ਸ਼ੁਰੂਆਤੀ ਦਖਲਅੰਦਾਜ਼ੀ ਅਤੇ ਪੇਸ਼ੇਵਰ ਸਹਾਇਤਾ ਨੂੰ ਉਤਸ਼ਾਹਿਤ ਕਰਦੇ ਸਨ। ਮਾਨਸਿਕ ਸਿਹਤ ਚੁਣੌਤੀਆਂ ਨਾਲ ਨਜਿੱਠਣ ਵਿੱਚ ਵਿਅਕਤੀਆਂ ਦੀ ਮਦਦ ਕਰਨ ਲਈ ਵਿਹਾਰਕ ਰਣਨੀਤੀਆਂ ਜਿਵੇਂ ਕਿ ਸਾਵਧਾਨੀ, ਕਸਰਤ ਅਤੇ ਸਮਾਜਿਕ ਸ਼ਮੂਲੀਅਤ 'ਤੇ ਜ਼ੋਰ ਦਿੱਤਾ ਗਿਆ। ਇਸ ਸਫਲ ਸਮਾਗਮ ਨੇ ਇੱਕ ਖੁੱਲ੍ਹੇ ਮਾਹੌਲ ਨੂੰ ਉਤਸ਼ਾਹਿਤ ਕੀਤਾ ਅਤੇ ਡਿਪਰੈਸ਼ਨ (ਉਦਾਸੀ) ਬਾਰੇ ਭਾਈਚਾਰਕ ਸਮਝ ਨੂੰ ਮਜ਼ਬੂਤ ਕੀਤਾ, ਵਿਅਕਤੀਆਂ ਨੂੰ ਆਪਣੀ ਮਾਨਸਿਕ ਸਿਹਤ ਨੂੰ ਤਰਜੀਹ ਦੇਣ ਲਈ ਸ਼ਕਤੀ ਪ੍ਰਦਾਨ ਕੀਤੀ।

# ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਵਿੱਚ ਭਾਰਤੀ ਮੂਲ ਦੇ ਛੇ ਵਿੱਚੋਂ ਚਾਰ ਪੰਜਾਬੀ ਮੰਤਰੀ



ਉਜਾਗਰ ਸਿੰਘ
91-94178 13072

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਨਵੀਂ ਸਰਕਾਰ ਦਾ ਗਠਨ ਕਰ ਲਿਆ ਹੈ। ਲਿਬਰਲ ਪਾਰਟੀ ਨੇ ਲਗਾਤਾਰ ਚੌਥੀ ਵਾਰ ਸੰਘੀ ਸਰਕਾਰ ਬਣਾਈ ਹੈ। 60 ਸਾਲਾ ਮਾਰਕ ਕਾਰਨੀ ਅਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੂੰ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਕੈਨੇਡਾ ਦੇ ਰਾਜਪਾਲ ਜਨਰਲ ਮੈਰੀ ਸਾਈਮਨ ਨੇ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕਾਈ। ਕੈਨੇਡਾ ਦੇ ਲੋਕਾਂ ਨੂੰ ਮਾਰਕ ਕਾਰਨੀ ਦੇ ਆਰਥਿਕ ਮਾਹਿਰ ਹੋਣ ਕਰਕੇ ਦੇਸ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ ਦੀਆਂ ਵੱਡੀਆਂ ਆਸਾਂ ਹਨ। ਮਾਰਕ ਕਾਰਨੀ ਮੰਤਰੀ ਮੰਡਲ ਵਿੱਚ 38 ਮੰਤਰੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ 28 ਕੈਬਨਿਟ ਅਤੇ 10 ਸੈਕਰੇਟਰੀ ਆਫ ਸਟੇਟ ਹਨ, ਜਿਨ੍ਹਾਂ ਨੂੰ ਰਾਜ ਮੰਤਰੀ ਕਿਹਾ ਜਾਂਦਾ ਹੈ। ਮਾਰਕ ਕਾਰਨੀ ਮੰਤਰੀ ਮੰਡਲ ਵਿੱਚ 38 ਵਿੱਚੋਂ 24 ਨਵੇਂ ਮੰਤਰੀ ਹਨ, ਇਨ੍ਹਾਂ ਵਿੱਚੋਂ 13 ਅਜਿਹੇ ਹਨ, ਜਿਹੜੇ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਲਗਪਗ ਸਾਰੇ ਸੂਬਿਆਂ ਤੇ ਸਮੁਦਾਇ ਨੂੰ ਮੰਤਰੀ ਮੰਡਲ ਵਿੱਚ ਪ੍ਰਤੀਨਿਧਤਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਕੇ ਨਵੀਂ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਉਹ ਜੋਸ਼ ਅਤੇ ਉਤਸ਼ਾਹ ਨਾਲ ਆਪਣੇ ਫ਼ਰਜ ਨਿਭਾਕੇ ਸਫਲਤਾ ਪ੍ਰਾਪਤ ਕਰਕੇ ਕੈਨੇਡਾ ਨੂੰ ਬੁਲੰਦੀਆਂ ਤੇ ਪਹੁੰਚਾ ਸਕਣ। ਕੈਨੇਡਾ ਦੇ ਲੋਕਾਂ ਨੇ ਜਿਹੜਾ ਭਰੋਸਾ ਉਸ ਵਿੱਚ ਕੀਤਾ ਹੈ, ਉਸ 'ਤੇ ਪੂਰਾ ਉਤਰਿਆ ਜਾ ਸਕੇ। ਕੁਝ ਕੁ ਮੰਤਰੀਆਂ ਨੂੰ ਛੱਡਕੇ ਬਹੁਤੇ ਮੰਤਰੀ 50 ਸਾਲ ਦੇ ਨੇੜੇ ਤੇੜੇ ਹਨ।

ਇਸ ਵਾਰ ਫਿਰ ਪੰਜਾਬੀਆਂ ਦੀ ਫਿਰ ਸੰਘੀ ਸਰਕਾਰ ਵਿੱਚ ਬੱਲੇ ਬੱਲੇ ਹੋ ਗਈ ਹੈ। ਪੰਜਾਬੀਆਂ ਦੇ ਗੜ੍ਹ ਸਮਝੇ ਜਾਂਦੇ ਇਕੱਲੇ ਬਰੈਂਪਟਨ ਵਿੱਚੋਂ ਤਿੰਨ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਰੂਬੀ ਸਹੋਤਾ, ਮਨਿੰਦਰ ਸਿੰਘ ਸਿੱਧੂ ਅਤੇ ਸ਼ਫਕਤ ਅਲੀ ਸ਼ਾਮਲ ਹਨ। ਇਹ ਤਿੰਨੇ ਭਾਰਤੀ ਮੂਲ ਦੇ ਲਹਿੰਦੇ ਅਤੇ ਚੜ੍ਹਦੇ ਪੰਜਾਬੀ ਹਨ। ਨਵੇਂ ਮੰਤਰੀ ਮੰਡਲ ਵਿੱਚ ਛੇ ਭਾਰਤੀ ਮੂਲ ਦੇ ਵਿੱਚੋਂ ਚਾਰ ਪੰਜਾਬੀਆਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਮੂਲ ਦੇ ਪੰਜਾਬੀ ਅਨੀਤਾ ਇੰਦਰਾ ਆਨੰਦ, ਮਨਿੰਦਰ ਸਿੰਘ ਸਿੱਧੂ, ਰਣਦੀਪ ਸਿੰਘ ਸਰਾਏ, ਰੂਬੀ ਸਹੋਤਾ ਅਤੇ ਸ਼ਫਕਤ ਅਲੀ ਨੂੰ ਮੰਤਰੀ ਬਣਾਇਆ ਗਿਆ ਹੈ। ਭਾਰਤੀ ਮੂਲ ਦੇ ਤਾਮਿਲ ਗੈਰੀ ਆਨੰਦਸੰਗਾਰੀ ਨੂੰ ਵੀ ਜਨਤਕ ਸੁਰੱਖਿਆ ਮੰਤਰੀ ਬਣਾਇਆ ਗਿਆ ਹੈ। ਸਭ ਤੋਂ ਮਹੱਤਵਪੂਰਨ ਵਿਦੇਸ਼ ਮੰਤਰੀ ਦਾ ਵਿਭਾਗ ਅਨੀਤਾ ਇੰਦਰਾ ਆਨੰਦ ਨੂੰ ਦਿੱਤਾ ਗਿਆ ਹੈ।

ਅਨੀਤਾ ਇੰਦਰਾ ਆਨੰਦ ਕੈਨੇਡਾ ਦੀ ਪਹਿਲੀ ਹਿੰਦੂ ਇਸਤਰੀ ਹੈ, ਜਿਹੜੀ ਚੌਥੀ ਵਾਰ ਓਕਵਿਲੇ ਹਲਕੇ ਤੋਂ ਸੰਸਦ ਮੈਂਬਰ ਚੁਣੀ ਗਈ ਹੈ ਤੇ ਪਹਿਲੀ ਹੀ ਹਿੰਦੂ ਵਿਦੇਸ਼ ਮੰਤਰੀ ਬਣੀ ਹੈ। ਮਨਿੰਦਰ ਸਿੰਘ ਸਿੱਧੂ ਨੂੰ ਇੰਟਰਨੈਸ਼ਨਲ ਟਰੇਡ ਮੰਤਰੀ ਬਣਾਇਆ ਗਿਆ ਹੈ। ਇਹ ਦੋਵੇਂ ਕੈਬਨਿਟ ਮੰਤਰੀ ਹਨ। ਦੋ ਭਾਰਤੀ ਮੂਲ ਦੇ ਰਾਜ ਮੰਤਰੀ ਬਣਾਏ ਗਏ ਹਨ, ਜਿਨ੍ਹਾਂ ਵਿੱਚ ਰੂਬੀ ਸਹੋਤਾ ਨੂੰ ਜੁਰਮ ਨਾਲ ਸਿੱਝਣ ਲਈ ਅਤੇ ਰਣਦੀਪ ਸਿੰਘ ਸਰਾਏ ਨੂੰ ਅੰਤਰਰਾਸ਼ਟਰੀ ਵਿਕਾਸ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਵਾਲੇ ਲਹਿੰਦੇ ਪੰਜਾਬ ਦੇ ਸ਼ਫਕਤ ਅਲੀ ਨੂੰ ਖ਼ਜਾਨਾ ਬੋਰਡ ਦੇ ਮੁੱਖੀ ਭਾਵ ਟਰੈਜਰੀ ਬੋਰਡ ਦੇ ਪ੍ਰਧਾਨ ਬਣਾਇਆ ਗਿਆ ਹੈ। ਇਨ੍ਹਾਂ ਚਾਰੇ ਮੰਤਰੀਆਂ ਦੇ ਵਿਭਾਗ ਮਹੱਤਵਪੂਰਨ ਹਨ। ਛੇਵੀਂ ਵਾਰ ਚੋਣ ਜਿੱਤੇ ਸੁੱਖ ਧਾਲੀਵਾਲ ਦੇ ਮੰਤਰੀ ਬਣਨ ਦੀ ਪੂਰੀ ਆਸ ਸੀ ਪ੍ਰੰਤੂ ਉਸਨੂੰ ਮੰਤਰੀ ਨਹੀਂ ਬਣਾਇਆ ਗਿਆ। ਇਨ੍ਹਾਂ ਚਾਰਾਂ ਵਿੱਚ ਰਣਦੀਪ ਸਿੰਘ ਸਰਾਏ ਅੰਮ੍ਰਿਤਧਾਰੀ ਦਸਤਾਰਧਾਰੀ ਮੰਤਰੀ ਹਨ।

ਅਨੀਤਾ ਇੰਦਰਾ ਆਨੰਦ ਜੋ ਅਨੀਤਾ ਆਨੰਦ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਹ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿੱਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਹਲਕੇ ਤੋਂ ਚੋਣ ਲੜਕੇ ਜਿੱਤੇ ਹਨ।

ਅਨੀਤਾ ਆਨੰਦ ਦੀ ਤਰੱਕੀ ਨੂੰ ਕੈਨੇਡਾ ਦੀ ਸਿਆਸਤ ਵਿੱਚ ਬਹੁਤ ਹੀ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ, ਕਿਉਂਕਿ ਜਸਟਿਨ ਟਰੂਡੋ ਨੂੰ ਭਾਰਤੀ ਮੂਲ ਦੇ ਪੰਜਾਬੀਆਂ ਦਾ ਖੈਰ ਖਵਾਹ ਗਿਣਿਆਂ ਜਾਂਦਾ ਸੀ। ਉਸਦੇ ਮੰਤਰੀ ਮੰਡਲ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਸ਼ਾਮਲ ਸਨ। ਮਾਰਕ ਕਾਰਨੀ ਨੇ ਵੀ ਪੰਜਾਬੀਆਂ ਨੂੰ ਖ਼ੁਸ਼ ਰੱਖਣ ਲਈ ਪੰਜ ਪੰਜਾਬੀਆਂ ਨੂੰ ਮੰਤਰੀ ਬਣਾਇਆ ਹੈ। ਅਨੀਤਾ ਇੰਦਰਾ ਆਨੰਦ ਨੇ ਅਪ੍ਰੈਲ ਦੀਆਂ ਸੰਘੀ ਚੋਣਾਂ ਤੋਂ ਪਹਿਲਾਂ ਸੰਸਦ ਦੀ ਚੋਣ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ ਪ੍ਰੰਤੂ ਮਾਰਕ ਕਾਰਨੀ ਨੇ ਉਸਨੂੰ ਚੋਣ ਲੜਨ ਲਈ ਮਨਾ ਲਿਆ ਸੀ। ਜਸਟਿਨ ਟਰੋਡੋ ਨੇ ਕੋਵਿਡ ਦੌਰਾਨ ਨਵੰਬਰ 2019 ਵਿੱਚ ਅਨੀਤਾ ਆਨੰਦ ਨੂੰ ਮਹੱਤਪੂਰਨ ਪਬਲਿਸ ਸਰਵਿਸ ਐਂਡ ਪ੍ਰੋਕਿਊਰਮੈਂਟ ਵਿਭਾਗ ਦਾ ਮੰਤਰੀ ਬਣਾਇਆ ਸੀ। ਉਸਨੇ ਕੈਨੇਡਾ ਵਿੱਚ ਕਰੋਨਾ ਦੇ ਮਰੀਜਾਂ ਲਈ ਵੈਕਸੀਨ ਖ੍ਰੀਦਣੀ ਅਤੇ ਸਪਲਾਈ ਕਰਨੀ ਸੀ। ਅਨੀਤਾ ਆਨੰਦ ਨੇ ਆਪਣੇ ਫਰਜਾਂ ਨੂੰ ਬਾਖ਼ੂਬੀ ਸੁਚੱਜੇ ਢੰਗ ਨਾਲ ਨਿਭਾਇਆ, ਜਿਸ ਕਰਕੇ 2021 ਵਿੱਚ ਅਨੀਤਾ ਆਨੰਦ ਨੂੰ ਹੋਰ ਵੀ ਮਹੱਤਵਪੂਰਨ ਨੈਸ਼ਨਲ ਡਿਫੈਂਸ ਵਿਭਾਗ ਦਿੱਤਾ ਗਿਆ ਸੀ। ਫਿਰ ਉਸਨੂੰ ਟਰੈਜਰੀ ਬੋਰਡ ਦੇ ਮੁਖੀ ਤੇ ਟਰਾਂਸਪੋਰਟ ਵਿਭਾਗ ਦੇ ਮੰਤਰੀ ਬਣਾਇਆ ਗਿਆ।

2019 ਦੀਆਂ ਸੰਸਦੀ ਚੋਣਾਂ ਸਮੇਂ ਅਨੀਤਾ ਆਨੰਦ ਯੂਨੀਵਰਸਿਟੀ ਆਫ ਟਰਾਂਟੋ ਵਿੱਚ ਕਾਨੂੰਨ ਦੀ ਪ੍ਰੋਫੈਸਰ ਸਨ। 41 ਸਾਲਾ ਮਨਿੰਦਰ ਸਿੰਘ ਸਿੱਧੂ ਦੂਜੀ ਵਾਰ ਬਰੈਪਟਨ ਈਸਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। ਉਸਨੇ ਕੰਜ਼ਰਵੇਟਿਵ ਪਾਰਟੀ ਦੇ ਬੌਬ ਦੋਸਾਂਝ ਨੂੰ ਹਰਾਇਆ ਹੈ। ਉਹ ਪਹਿਲੀ ਵਾਰ 2019 ਵਿੱਚ ਚੋਣ ਜਿੱਤੇ ਸਨ, ਉਸ ਤੋਂ ਬਾਅਦ ਲਗਾਤਾਰ 2021 ਅਤੇ ਹੁਣ ਅਪ੍ਰੈਲ 2025 ਵਿੱਚ ਚੋਣ ਜਿੱਤੇ ਹਨ। ਇਸ ਤੋਂ ਇਲਾਵਾ ਉਹ ਨੈਚਰਲ ਰਿਸੋਰਸਜ, ਟਰਾਂਸਪੋਰਟ ਅਤੇ ਇਨਫਰਾਸਟਰਕਚ ਦੀ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। 45 ਸਾਲਾ ਰੂਬੀ ਸਹੋਤਾ 2015 ਤੋਂ ਲਗਾਤਾਰ ਬਰੈਂਪਟਨ ਨਾਰਥ ਤੋਂ ਸੰਸਦ ਮੈਂਬਰ ਬਣਦੇ ਆ ਰਹੇ ਹਨ। ਇਸ ਸਮੇਂ ਦੌਰਾਨ ਉਹ ਵਿਮੈਨ ਅਤੇ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ ਦੀਆਂ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਅਤੇ ਪਾਰਟੀ ਦੇ ਚੀਫ ਵਿਪ ਵੀ ਰਹੇ ਹਨ। ਇਸ ਤੋਂ ਇਲਾਵਾ ਉਹ ਇਨਟਰਮ ਗਵਰਨਮੈਂਟ ਹਾਊਸ ਲੀਡਰ ਵੀ ਰਹੇ ਹਨ।

50 ਸਾਲਾ ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਕੰਜ਼ਰਵੇਟਿਵ ਪਾਰਟੀ ਦੇ ਗੁਰਬਖ਼ਸ਼ ਸੈਣੀ ਨੂੰ ਹਰਾਕੇ ਚੋਣ ਜਿੱਤੇ ਹਨ। ਰਣਦੀਪ ਸਿੰਘ ਸਰਾਏ 2015 ਤੋਂ ਸੰਸਦੀ ਚੋਣ ਜਿੱਤਦੇ ਆ ਰਹੇ ਹਨ। ਹੁਣ ਉਹ ਚੌਥੀ ਵਾਰ ਜਿੱਤੇ ਹਨ। ਉਹ ਰੀਅਲ ਅਸਟੇਟ ਦੇ ਕਾਰੋਬਾਰੀ ਹਨ। ਉਨ੍ਹਾਂ ਨੇ 1998 ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਆਰਟਸ ਵਿੱਚ ਗ੍ਰੈਜੂਏਸ਼ਨ ਕੀਤੀ ਸੀ ਪ੍ਰੰਤੂ ਪੋਲੀਟੀਕਲ ਸਾਇੰਸ ਉਸ ਦਾ ਮਨ ਪਸੰਦ ਸਬਜੈਕਟ ਹੈ।

ਇਸ ਤੋਂ ਬਾਅਦ 2001 ਵਿੱਚ ਕਾਨੂੰਨ ਦੀ ਡਿਗਰੀ ਲਾਅ ਸਕੂਲ ਕਿਊਨਜ਼ ਯੂਨੀਵਰਸਿਟੀ ਕਿੰਗਸਟਨ ਓਨਟਾਰੀਓ ਤੋਂ ਪਾਸ ਕੀਤੀ। ਉਹ ਸਿਟੀਜਨ ਇਮੀਗ੍ਰੇਸ਼ਨ ਕੈਨੇਡਾ-ਅਮਰੀਕਾ ਇੰਟਰ ਰਿਲੇਸਨਜਜ਼ ਐਸੋਸੀਏਸ਼ਨ ਦੇ ਮੈਂਬਰ ਅਤੇ ਲਿਬਰਲ ਪਾਰਟੀ ਦੀ ਪੈਸਫਿਕ ਕੈਕਸ ਦੀ ਚੇਅਰ ਵੀ ਕੀਤੀ। 28 ਅਪ੍ਰੈਲ 2025 ਨੂੰ ਕੈਨੇਡਾ ਦੀਆਂ ਹੋਈਆਂ ਸੰਘੀ ਚੋਣਾਂ ਵਿੱਚ 343 ਮੈਂ-ਬਰੀ ਹਾਊਸ ਆਫ ਕਾਮਨਜ਼ ਵਿੱਚੋਂ ਲਿਬਰਲ ਪਾਰਟੀ ਨੂੰ 170 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ, ਪ੍ਰੰਤੂ ਪੂਰਨ ਬਹੁਮਤ ਤੋਂ ਦੋ ਸੀਟਾਂ ਘੱਟ ਹਨ। ਚਾਰ ਸੀਟਾਂ 'ਤੇ ਦੁਬਾਰਾ ਵੋਟਾਂ ਦੀ ਗਿਣਤੀ ਹੋ ਰਹੀ ਹੈ, ਜਿਥੇ ਜਿੱਤ ਹਾਰ 25 ਤੋਂ 50 ਵੋਟਾਂ ਤੱਕ ਦੇ ਅੰਤਰ ਨਾਲ ਹੋਈ ਹੈ, ਪ੍ਰੰਤੂ ਅਜੇ ਤੱਕ ਮਾਰਕ ਕਾਰਨੀ ਦੀ ਘੱਟ ਗਿਣਤੀ ਦੀ ਸਰਕਾਰ ਹੈ, ਉਨ੍ਹਾਂ ਸਰਕਾਰ ਚਲਾਉਣ ਲਈ ਕਿਸੇ ਹੋਰ ਪਾਰਟੀ ਦਾ ਸਹਾਰਾ ਲੈਣਾ ਪਵੇਗਾ।

ਪਿਛਲੀ ਵਾਰ 2021 ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿੱਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੈਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿੱਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 5 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ।

ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ ਉਨ੍ਹਾਂ ਵਿੱਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿੱਚ 6 ਇਸਤਰੀਆਂ ਸ਼ਾਮਲ ਹਨ। ਇਸ ਵਾਰ ਚਾਰ ਭਾਰਤੀ ਮੂਲ ਦੇ ਗੁਜਰਾਤੀਆਂ ਨੇ ਵੀ ਚੋਣ ਲੜੀ ਸੀ ਪ੍ਰੰਤੂ ਉਹ ਚੋਣ ਹਾਰ ਗਏ ਹਨ।

ਪੰਜਾਬੀਆਂ ਦਾ ਹਮੇਸ਼ਾ ਹੀ ਕੈਨੇਡਾ ਦੀ ਸਿਆਸਤ ਵਿੱਚ ਦਬਦਬਾ ਰਿਹਾ ਹੈ।









# ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਦਾ ਖ਼ਤਰਨਾਕ ਧੰਦਾ

ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਵੇਚ ਕੇ ਲੋਕਾਂ ਦੀਆਂ ਜਾਨਾਂ ਨਾਲ ਖੇਡਣ ਦਾ ਧੰਦਾ ਬੇਰੋਕ ਜਾਰੀ ਹੈ ਅਤੇ ਇਸ ਵਾਰ ਇਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਦਸਤਕ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਘੱਟੋ-ਘੱਟ 21 ਮੌਤਾਂ ਹੋ ਚੁੱਕੀਆਂ ਹਨ ਅਤੇ 10 ਹੋਰ ਵਿਅਕਤੀ ਹਾਲੇ ਵੀ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਹਨ। ਪੁਲੀਸ ਨੇ ਕੇਸ ਦਰਜ ਕਰ ਕੇ ਮੁੱਖ ਮੁਲਜ਼ਮ ਸਣੇ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਜੀਠਾ ਪੁਲੀਸ ਸਟੇਸ਼ਨ ਦੇ ਐੱਸਐੱਚਓ ਤੇ ਡੀਐੱਸਪੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਪ੍ਰਭਾਵਿਤ ਪਿੰਡ ਦਾ ਦੌਰਾ ਕਰਦਿਆਂ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਹੈ ਅਤੇ ਪੀੜਤਾਂ ਲਈ ਰਾਹਤ ਦਾ ਐਲਾਨ ਵੀ ਕੀਤਾ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। 2020 ਵਿੱਚ ਤਰਨ ਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 100 ਤੋਂ ਵੱਧ ਮੌਤਾਂ ਹੋਈਆਂ ਸਨ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਖੇਤਰ ਵਿੱਚ 20 ਮੌਤਾਂ ਹੋ ਗਈਆਂ ਸਨ। ਜ਼ਹਿਰੀਲੀ ਸ਼ਰਾਬ ਦਾ ਸ਼ਿਕਾਰ ਆਮ ਤੌਰ 'ਤੇ ਗ਼ਰੀਬ ਹੀ ਬਣਦੇ ਹਨ। ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਵਿੱਚ ਇਹ ਖ਼ਤਰਨਾਕ ਧੰਦਾ ਪੁਲੀਸ, ਸਿਆਸਤਦਾਨਾਂ, ਆਬਕਾਰੀ ਅਧਿਕਾਰੀਆਂ ਤੇ ਗ਼ੈਰ-ਸਮਾਜਿਕ ਅਨਸਰਾਂ ਦੀ ਮਿਲੀਭੁਗਤ ਨਾਲ ਫੈਲ ਚੁੱਕਿਆ ਹੈ ਅਤੇ ਇਸ ਨੂੰ ਰੋਕਣ ਲਈ ਹਾਲੇ ਤੱਕ ਕੋਈ ਅਸਰਦਾਰ ਕਾਰਵਾਈ ਨਹੀਂ ਕੀਤੀ ਗਈ ਜਿਸ ਕਰ ਕੇ ਕੁਝ ਸਮੇਂ ਬਾਅਦ ਅਜਿਹੀ ਕੋਈ ਘਟਨਾ ਸਾਡੀ ਨੀਂਦ ਤੋੜ ਦਿੰਦੀ ਹੈ।




ਰਿਪੋਰਟਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸ਼ਰਾਬ ਬਣਾਉਣ ਲਈ ਜ਼ਹਿਰੀਲੇ ਅਤੇ ਸਨਅਤੀ ਮਾਦੇ ਮੀਥੇਨੌਲ ਦੀ ਵਰਤੋਂ ਕੀਤੀ ਜਾ ਰਹੀ ਹੈ। ਮਜੀਠਾ ਕਾਂਡ ਵਿੱਚ ਵੀ ਪਤਾ ਲੱਗਿਆ ਹੈ ਕਿ ਸ਼ਰਾਬ ਬਣਾਉਣ ਲਈ ਮੀਥੇਨੌਲ ਦੀ ਵਰਤੋਂ ਕੀਤੀ ਗਈ ਸੀ। ਆਮ ਤੌਰ 'ਤੇ ਇਨ੍ਹਾਂ ਘਟਨਾਵਾਂ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਗ਼ੈਰ-ਕਾਨੂੰਨੀ ਢੰਗ ਨਾਲ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਹਾਸਿਲ ਕਰ ਕੇ ਵੰਡਣ ਵਿੱਚ ਕੁਝ ਨੈੱਟਵਰਕ ਸ਼ਾਮਿਲ ਹਨ। ਦਿੜ੍ਹਬਾ ਕਾਂਡ ਦੀ ਜਾਂਚ ਤੋਂ ਪਤਾ ਲੱਗਿਆ ਸੀ ਕਿ ਜ਼ਹਿਰੀਲੀ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਨੋਇਡਾ ਦੀ ਇੱਕ ਫੈਕਟਰੀ ਤੋਂ ਸਪਲਾਈ ਕੀਤਾ ਗਿਆ ਸੀ।

ਪਿਛਲੇ ਸਾਲਾਂ ਵਿੱਚ ਜ਼ਹਿਰੀਲੀ ਸ਼ਰਾਬ ਦੇ ਇਨ੍ਹਾਂ ਕੇਸਾਂ ਦੀ ਜਾਂਚ ਕਿਸੇ ਕੰਢੇ ਨਹੀਂ ਲੱਗ ਸਕੀ। 2020 ਦੇ ਕਾਂਡ ਵਿੱਚ ਆਬਕਾਰੀ ਤੇ ਪੁਲੀਸ ਅਫ਼ਸਰਾਂ ਨੂੰ ਮੁਅੱਤਲ ਕੀਤਾ ਗਿਆ ਸੀ ਪਰ ਕਿਸੇ ਵੀ ਅਫ਼ਸਰ ਦੀ ਬਰਖ਼ਾਸਤਗੀ ਨਹੀਂ ਹੋਈ ਅਤੇ ਨਾ ਹੀ ਕਿਸੇ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਹਾਲਾਂਕਿ, ਪੰਜਾਬ ਆਬਕਾਰੀ ਕਾਨੂੰਨ ਵਿੱਚ ਸੋਧ ਕਰ ਕੇ ਜ਼ਹਿਰੀਲੇ ਮਾਦਿਆਂ ਦੀ ਵਰਤੋਂ ਦੇ ਸਬੰਧ ਵਿੱਚ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਹੈ ਪਰ ਕਾਨੂੰਨ ਦੀ ਕਾਰਗਰ ਅਮਲਦਾਰੀ ਵੱਡੀ ਚੁਣੌਤੀ ਬਣੀ ਹੋਈ ਹੈ।

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ ਪਰ ਮਜੀਠਾ ਖੇਤਰ ਵਿੱਚ ਵਾਪਰਿਆ ਇਹ ਕਾਂਡ ਇਹ ਦ੍ਰਿੜ੍ਹਾਉਂਦਾ ਹੈ ਕਿ ਪੰਜਾਬ ਵਿੱਚ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਦੀ ਵਰਤੋਂ ਘਾਤਕ ਸਮੱਸਿਆ ਬਣ ਚੁੱਕੀ ਹੈ ਅਤੇ ਇਸ ਨਾਲ ਜੁੜੇ ਸ਼ਰਾਬ ਕਾਰੋਬਾਰੀਆਂ, ਭ੍ਰਿਸ਼ਟ ਅਫ਼ਸਰਾਂ ਅਤੇ ਇਹ ਜ਼ਹਿਰੀਲਾ ਮਾਦਾ ਸਪਲਾਈ ਕਰਨ ਵਾਲੀਆਂ ਫਰਮਾਂ ਦੇ ਤਾਣੇ-ਬਾਣੇ ਨੂੰ ਤੋੜਨ ਲਈ ਫੌਰੀ ਕਾਰਗਰ ਕਾਰਵਾਈ ਦੀ ਲੋੜ ਹੈ।

# डॉ. अंबेडकर का 'नवयान' बौद्ध धर्म: एक विश्लेषण





ओम प्रकाश बौद्ध
पी-एच.डी. (शोधार्थी)
दर्शन शास्त्र विभाग
ई-मेल-omprakashbouddha@gmail.com
सम्पर्क सत्र-8429749977

**प्रस्तावना**

भारत के इतिहास में डॉ. भीमराव अंबेडकर का योगदान केवल एक विधिवेत्ता और संविधान निर्माता के रूप में ही नहीं, बल्कि एक सामाजिक सुधारक और विचारक के रूप में भी अत्यंत महत्वपूर्ण रहा है। उन्होंने जीवनभर दलितों, पिछड़ों और शोषित वर्गों के उत्थान के लिए संघर्ष किया। डॉ. अंबेडकर ने हिंदू धर्म की वर्ण-व्यवस्था और उसमें व्याप्त असमानता को अस्वीकार करते हुए 14 अक्टूबर 1956 को नागपुर में अपने अनुयायियों के साथ बौद्ध धर्म ग्रहण किया। उनके द्वारा अपनाई गई बौद्ध धारा को 'नवयान' कहा जाता है। यह पारंपरिक बौद्ध मतों से अलग है और एक नए दृष्टिकोण को प्रस्तुत करती है, जो सामाजिक न्याय, समानता और बंधुत्व पर आधारित है।

**नवयान बौद्ध धर्म की पृष्ठभूमि**

डॉ. अंबेडकर का बचपन सामाजिक भेदभाव और अपमान के बीच बीता। उन्होंने अपने व्यक्तिगत अनुभवों और भारत की सामाजिक संरचना के विश्लेषण के आधार पर निष्कर्ष निकाला कि हिंदू धर्म में दलितों के लिए कोई स्थान नहीं है। उन्होंने 1935 में घोषणा की थी कि "मैं हिंदू के रूप में जन्मा, लेकिन हिंदू के रूप में मरूंगा नहीं।" इस घोषणा के बाद उन्होंने ऐसे धर्म की खोज की जो समानता और सामाजिक न्याय की मूल भावना को आत्मसात करता हो।

बौद्ध धर्म में डॉ. अंबेडकर को वह तत्व मिले जो सामाजिक सुधार के उनके दृष्टिकोण से मेल खाते थे। लेकिन उन्होंने पारंपरिक थेरवाद, महायान और वज्रयान बौद्ध परंपराओं की सीमाओं को पहचाना और एक नए प्रकार के बौद्ध मत, जिसे 'नवयान' कहा गया, की स्थापना की।

**नवयान की विशेषताएँ**

- सामाजिक न्याय पर आधारित बौद्ध धर्म – पारंपरिक बौद्ध धर्म मुख्यतः आध्यात्मिक मोक्ष पर केंद्रित था, लेकिन अंबेडकर का नवयान सामाजिक समानता और न्याय पर केंद्रित है।
- भगवान की अवधारणा से मुक्त धर्म – नवयान में किसी भी ईश्वर की पूजा या भक्ति को स्थान नहीं दिया गया है। यह वैज्ञानिक और तर्कसंगत दृष्टिकोण पर आधारित है।
- धम्म (Dhamma) का नया रूप – अंबेडकर ने 'धम्म' को नैतिकता, न्याय और समानता के रूप में परिभाषित किया। उन्होंने इसे पारंपरिक धार्मिक कर्मकांडों से अलग रखा।
- समाज सुधार का साधन – नवयान केवल आत्मिक शुद्धि तक सीमित नहीं है, बल्कि यह समाज सुधार और शोषित वर्गों के उत्थान का एक माध्यम भी है।
- 21 प्रतिज्ञाएँ (22 व्रत) – डॉ. अंबेडकर ने नवयान को अपनाने वाले अनुयायियों के लिए 22 प्रतिज्ञाएँ दीं, जिनमें उन्होंने हिंदू देवी-देवताओं की पूजा छोड़ने, जातिवाद का त्याग करने, और सामाजिक न्याय के लिए कार्य करने पर बल दिया।

**नवयान और भारतीय समाज**

डॉ. अंबेडकर का नवयान केवल एक धार्मिक सुधार नहीं, बल्कि एक सामाजिक क्रांति भी थी। नवयान बौद्ध धर्म के प्रभाव को निम्नलिखित बिंदुओं के माध्यम से समझा जा सकता है –

- दलितों के लिए आत्मसम्मान का स्रोत – नवयान ने दलितों को आत्म-सम्मान और स्वाभिमान के साथ जीने की प्रेरणा दी।
- जातिवाद का प्रतिरोध – नवयान ने भारतीय समाज में व्याप्त जातिवाद को खुली चुनौती दी और समानता पर आधारित सामाजिक संरचना की वकालत की।
- शिक्षा और बौद्धिक जागरूकता – नवयान ने अपने अनुयायियों को शिक्षा ग्रहण करने और वैज्ञानिक दृष्टिकोण अपनाने के लिए प्रेरित किया।
- राजनीतिक और सामाजिक आंदोलन – नवयान के अनुयायी सामाजिक न्याय और मानवाधिकारों के लिए संघर्षरत रहे हैं। इसने कई दलित आंदोलनों को प्रेरित किया है।

**नवयान की समकालीन प्रासंगिकता**

आज के समय में नवयान की प्रासंगिकता पहले से भी अधिक है। भारत में अभी भी जाति-आधारित भेदभाव देखने को मिलता है। नवयान बौद्ध धर्म के सिद्धांत आज भी सामाजिक समानता, शिक्षा, महिला सशक्तिकरण और मानवाधिकारों की रक्षा के लिए महत्वपूर्ण हैं।

- जाति-आधारित भेदभाव का उन्मूलन – भारत में दलितों और पिछड़ों के प्रति भेदभाव आज भी जारी है। नवयान के सिद्धांत जातिवाद को खत्म करने में सहायक हो सकते हैं।
- शिक्षा और जागरूकता – नवयान शिक्षा और वैज्ञानिक सोच को बढ़ावा देता है, जो किसी भी समाज के विकास के लिए आवश्यक है।
- नारी सशक्तिकरण – डॉ. अंबेडकर ने महिलाओं के अधिकारों की भी बात की थी। नवयान महिलाओं को समान अधिकार दिलाने में सहायक हो सकता है।
- वैश्विक संदर्भ – नवयान केवल भारत तक सीमित नहीं है, बल्कि इसे दुनिया के अन्य देशों में भी अपनाया गया है।

**निष्कर्ष**

डॉ. अंबेडकर द्वारा प्रतिपादित नवयान केवल धार्मिक सुधार नहीं, बल्कि सामाजिक क्रांति का प्रतीक भी है। यह एक ऐसी विचारधारा है जो तर्क, समानता, और सामाजिक न्याय पर आधारित है। नवयान बौद्ध धर्म ने उन लोगों को एक नया मार्ग प्रदान किया जो जातिवादी और शोषणकारी व्यवस्था से मुक्ति चाहते थे। आज भी नवयान की प्रासंगिकता बनी हुई है, और यह सामाजिक परिवर्तन का एक महत्वपूर्ण माध्यम बना हुआ है।

संदर्भ सूची

अंबेडकर, बी. आर. (1957). द बुद्ध एन्ड हिज धम्म.

ज़ेलिन, एलन. (2012). अंबेडकरज बुद्धज़्म: ए स्टडी ऑफ़ नवयान मूवमेंट

गौतम, ओ. (1994). दलित विजन: द एंटी-कास्ट मूवमेंट एंड द कंस्ट्रक्शन ऑफ़ एन इंडियन आइडेंटिटी

काशीनाथ, आर. (2008). नवयान बुद्धज़्म एंड सोशल चेंज इन इंडिया.

आंबेडकर, बी. आर. (1936). अन्निहिलेशन ऑफ़ कास्ट.



# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

### ਖੁਸ਼ੀ ਦੀ ਖੁਸ਼ੀ ਕਲਾਕਾਰ ਸ਼ਿੰਗਾਰਦੀ ਸ਼ੀਸ਼ੇ ਨੂੰ ਵਾਜਾਂ ਮਾਰਦੀ



ਨਾਂਅ ਵੀ ਖੁਸ਼ੀ ਤੇ ਰਹਿੰਦੀ ਵੀ ਖੁਸ਼ ਤੇ ਸੈਣੀ ਪਰਿਵਾਰ ਦੀ ਇਹ ਹੋਣਹਾਰ ਕੁੜੀ ਫ਼ਿਲਮ ਨਗਰੀ ਦੀ ਮੇਕ ਅੱਪ ਓਵਰ ਯਾਨੀ ਰੂਪ ਸੱਜਾ ਨਿਰਦੇਸ਼ਕ ਹੈ। ਖੁਸ਼ੀ ਸੈਣੀ ਬਹੁਤ ਸਾਰੀਆਂ ਵੈੱਬ ਸੀਰੀਜ਼ ਦੇ ਨਾਲ ਤੁਗਲਕ ਪ੍ਰੋਡਕਸ਼ਨ ਦੇ ਵੀਡੀਓਜ਼ ਲਈ ਕਲਾਕਾਰ ਸਜਾ ਦਿੰਦੀ ਹੈ। ਖੁਸ਼ੀ ਖੁਦ ਇੱਕ ਸ਼ਾਨਦਾਰ ਮਾਡਲ ਵੀ ਹੈ ਤੇ ਹਸਨ ਦੇ ਨਾਲ ਉਹ ਨਮਤਾ ਜ ਖਾਨ ਨਾਲ ਪਰਦੇ ਦਾ ਸ਼ਿੰਗਾਰ ਬਣਦੀ ਹੈ। ਵੀਡਿਓ "ਹੂਰ" ਵਿੱਚ ਜਚੀ ਖੁਸ਼ੀ ਨੇ ਇਸ ਵਾਰ ਆਪਣੇ ਵਿਆਹ ਦੀ ਸਾਲ ਗਿਰਾਹ ਤੇ ਸੋਲਾਂ ਸ਼ਿੰਗਾਰ ਕਰ ਲਾਵਾਂ ਬਾਅਦ ਸੋਹਰੇ ਘਰ ਆਈ ਨਵੇਲੀ ਦੁਲਹਨ ਦੀ ਦਿੱਖ ਦਿਖਾਈ। ਹੁਣ ਖੁਸ਼ੀ ਸੈਣੀ ਪੰਜਾਬੀ ਫ਼ਿਲਮਾਂ ਦੀ ਮੇਕ ਅੱਪ ਓਵਰ ਤੇ ਐਕਟ੍ਰੈਸ ਬਣਨ ਦਾ ਸੁਪਨਾ ਵੀ ਪੂਰਾ ਕਰੇਗੀ। ਖੁਸ਼ੀ ਦੀ ਖੁਸ਼ੀ, ਸਾਡੀ ਖੁਸ਼ੀ ਤੇ ਉਹਨਾਂ ਕਲਾਕਾਰਾਂ ਦੀ ਖੁਸ਼ੀ ਜਿਹੜੇ ਉਹ ਸਜਾ ਕਿ ਕੈਮਰੇ ਅੱਗੇ ਲਿਆਉਂਦੀ ਹੈ

### ਸ਼੍ਰੀ ਪ੍ਰਕਾਸ਼ ਜੀ ਦੇ ਸੱਤਰ ਮਿਊਜ਼ਿਕ ਚੈਨਲ ਘੁਮਾਣ ਤੇ ਬੰਨੀ ਸ਼ਰਮਾ




ਵਿੰਗਸ ਮਿਊਜ਼ਿਕ ਮੁੰਬਈ ਦਾ ਨਾਮ ਇੰਟਰਨੈੱਟ ਦੁਨੀਆਂ ਦੇ ਸੰਗੀਤ ਪਲੇਟਫਾਰਮ ਤੇ ਹਿੱਟ ਨਾਮ ਹੈ ਤੇ ਇਸ ਦੇ ਸੀਈਓ ਸ਼੍ਰੀ ਪ੍ਰਕਾਸ਼ ਜੀ ਯੂਟਿਊਬ ਤੇ ਮਿਊਜ਼ਿਕ ਦੇ ਸੱਤਰ ਚੈਨਲ ਉਪਰੇਟ ਕਰ ਰਿਕਾਰਡ ਬਣਾ ਰਹੇ ਨੇ। ਆਪਣੇ ਸੁਰ ਸੰਗਮ ਵਾਲੇ ਜਰਨੈਲ ਘੁਮਾਣ ਨੇ ਕਿਹਾ ਕਿ ਮਿਹਨਤਾਂ ਦੇ ਮੁੱਲ ਪਏ ਨੇ ਹਿੰਮਤ ਨਾ ਹਾਰ, ਫਿਰ ਸ਼੍ਰੀ ਪ੍ਰਕਾਸ਼ ਦੀ ਤਰਾਂ ਜੈ ਜੈ ਕਾਰ। ਬੰਨੀ ਸ਼ਰਮਾ ਨੇ ਖਾਸ ਤੌਰ ਤੇ ਸ਼੍ਰੀ ਪ੍ਰਕਾਸ਼ ਨਾਲ ਯੂਟਿਊਬ ਮਿਊਜ਼ਿਕ ਚੈਨਲ ਤੇ ਗੱਲਬਾਤ ਕਰ ਸੰਤੁਸ਼ਟੀ ਪ੍ਰਾਪਤ ਕੀਤੀ ਬੰਨੀ ਸ਼ਰਮਾ ਟੀਵੀ ਦੇ ਦਿੱਗਜ ਨਿਰਮਾਤਾ ਨਿਰਦੇਸ਼ਕ ਨਿੱਜੀ ਪ੍ਰੋਗਰਾਮ ਰਹੇ ਹਨ। ਉਹਨਾਂ ਕਿਹਾ ਕਿ ਸ਼੍ਰੀ ਪ੍ਰਕਾਸ਼ ਨਾਲ ਮਿਲ ਕਿ ਉਹ ਤੇ ਜਰਨੈਲ ਘੁਮਾਣ ਵੀ ਕੋਈ ਵਧੀਆ ਤੇ ਵੱਡਾ ਕੰਮ ਇੰਟਰਨੈੱਟ ਦੁਨੀਆਂ ਤੇ ਕਰਨਗੇ। ਜੈ ਹੋ ਬੰਨੀ ਸ਼ਰਮਾ, ਜਰਨੈਲ ਘੁਮਾਣ ਤੇ ਮਿਊਜ਼ਿਕ ਆਇਕਨ ਸ਼੍ਰੀ ਪ੍ਰਕਾਸ।

### ਗੁਰਪ੍ਰੀਤ ਘੁੱਗੀ ਖਿਆਲ ਦੂਜਿਆਂ ਦਾ ਨੇਕੀ ਦੀ ਮਿਸਾਲ

ਗੁਰਪ੍ਰੀਤ ਘੁੱਗੀ ਬਹੁਤ ਹੀ ਨੇਕ ਤੇ ਸਿਆਣਾ ਅਭਿਨੇਤਾ ਹੈ, ਦੂਜਿਆਂ ਦਾ ਭਲਾ ਹੀ ਇਸ ਐਕਟਰ ਦੀ ਨੀਤੀ ਹੈ। ਘੁੱਗੀ ਇਹ ਨਹੀਂ ਕਰਦਾ ਕਿ ਪੈਸੇ ਲਏ ਮੇਰਾ ਕੰਮ ਖਤਮ ਬਲ ਕਿ ਨਿਰਮਾਤਾ ਨਾਲ ਪ੍ਰਚਾਰ ਉਸ ਲਈ ਖੁਦ ਅੱਗੇ ਆ ਸੋਸ਼ਲ ਮੀਡੀਆ ਤੇ ਪ੍ਰਚਾਰ। ਘੁੱਗੀ ਨੇ ਗਿੱਪੀ ਗਰੇਵਾਲ ਨਾਲ ਹਰ ਫ਼ਿਲਮ ਤੇ ਇਹ ਕੀਤਾ ਹੈ। ਘੁੱਗੀ ਨੇ ਤਰਸੇਮ ਜੱਸੜ ਦੀ ਫ਼ਿਲਮ "ਗੁਰੂ ਨਾਨਕ ਜਹਾਜ਼" ਲਈ ਵੱਡਾ ਸਹਿਯੋਗ ਦਿੱਤਾ ਹੈ। ਐਕਟਰ ਉਹ ਹਰਫਨ ਮੌਲਾ ਹੈ, ਪਹਿਚਾਣ ਕਮੇਡੀ ਦੀ ਹੈ ਪਰ ਕਿਰਦਾਰ ਉਹ ਗੰਭੀਰ ਤੇ ਇਤਿਹਾਸਕ ਕਰ ਰਿਹਾ ਹੈ। ਪੰਜਾਬੀ ਫ਼ਿਲਮਾਂ ਦਾ ਇਹ ਅਭਿਨੇਤਾ ਫਿਲਮੀ ਦੁਨੀਆਂ ਨਾਲ ਸੰਬੰਧਿਤ ਪੱਤਰਕਾਰਾਂ ਤੱਕ ਦੀ ਤਨ ਮਨ ਧਨ ਨਾਲ ਸਹਾਇਤਾ ਲੋੜ ਪੈਣ ਤੇ ਕਰਦਾ ਹੈ। ਜ਼ਿੰਦਾਬਾਦ ਘੁੱਗੀ ਸਾਬਾਸ਼ ਗੁਰਪ੍ਰੀਤ ਸੱਤੇ ਖੈਰਾਂ ਹੋਵਣ ਆਫ਼ਰੀਨ।




### ਸਰਦਾਰ ਸੋਹੀ ਅਭਿਨੈ ਦਾ ਸਰਦਾਰ ਕਾਮਯਾਬੀ ਰੱਥ ਤੇ ਸਵਾਰ



ਸਰਦਾਰ ਸੋਹੀ ਨੇ ਟਿੱਬੇ ਦਾ ਨਾਮ ਬਣਾ ਦਿੱਤਾ ਹੈ ਮ ਪੁਰੀ ਸਵਰਗੀ ਜਿਹੇ ਐਕਟਰ ਉਸ ਦੇ ਮੁਰੀਦ ਰਹੇ ਤੇ ਸੁਖਮਿੰਦਰ ਧੰਜਲ ਜਿਹੇ ਨਿਰਦੇਸ਼ਕ ਸੋਹੀ ਅੰਦਰਲੇ ਕਲਾਕਾਰ ਨੂੰ ਸੰਤੁਸ਼ਟ ਕਰਦੇ ਰਹੇ। ਸੋਹੀ ਨੇ ਬਹੁਤ ਸੰਘਰਸ਼ ਕੀਤਾ ਹੈ, ਉਸ ਨੂੰ ਕਦੇ ਫ਼ਿਲਮਜ਼ ਵਾਲੇ ਹਲਕੇ ਵਿੱਚ ਲੈਂਦੇ ਸਨ ਤੇ ਅੱਜ ਉਹ ਪੰਜਾਬੀ ਫ਼ਿਲਮਾਂ ਦਾ ਸਰਦਾਰ ਹੈ। ਪਿਓ, ਚਾਚਾ, ਭਰਾ ਤੇ ਕਈ ਤਰਾਂ ਦੇ ਕਿਰਦਾਰ ਸੋਹੀ ਨੇ ਕੀਤੇ ਹਨ। ਸਰਦਾਰ ਸੋਹੀ ਦੀ ਫ਼ਿਲਮ "ਬਾਗੀ" ਰਾਸ਼ਟਰਪਤੀ ਐਵਾਰਡ ਪ੍ਰਾਪਤ ਫ਼ਿਲਮ ਹੈ। ਮੈਂਡੀ ਤੱਖਰ ਜਿਹੀਆਂ ਨਾਇਕਾਵਾਂ ਵੀ ਸਰਦਾਰ ਸੋਹੀ ਨੂੰ ਅਭਿਨੈ ਦਾ ਸਰਦਾਰ ਆਖਦੀਆਂ ਨੇ ਤੇ ਸੁਭਾਅ ਉਸ ਦਾ ਬਹੁਤ ਮਿਲਣਸਾਰ ਹੈ। ਸਰਦਾਰ ਸੋਹੀ ਪੰਜਾਬੀ ਵੈੱਬ ਸੀਰੀਜ਼ "ਜਰਨੈਲ ਦਾ ਵਾਰੀਅਰ" ਵਿੱਚ ਆ ਕਿ ਕਰਨ ਲੋਰੀ ਦਾ ਨਾਂਅ ਬਣਾਉਣ ਵਿੱਚ ਵੀ ਸਹਾਈ ਹੋਇਆ ਹੈ। ਟਿੱਬੇ ਦੇ ਸਰਦਾਰ, ਐਕਟਿੰਗ ਦੇ ਸ਼ਾਹ ਅਸਵਾਰ ਸਰਦਾਰ ਸੋਹੀ ਦੀ ਲੰਬੀ ਉਮਰ ਹੋਏ ਆਮੀਨ!

### ਰਮਨੀਤੂ ਚੌਧਰੀ ਰੋਜ਼ ਨਵੇਂ ਗਲੈਮਰ ਰੂਪ



ਮੰਨ ਗਏ ਰਮਨੀਤੂ ਚੌਧਰੀ ਨੂੰ ਕਿ ਰੱਬ ਨੇ ਹੁਸਨ ਦਿੱਤਾ ਤਾਂ ਲਾਭ ਲਿਆ ਜਾਏ ਤੇ ਉਹ ਰੋਜ਼ਾਨਾ ਨਵੇਂ ਗਲੈਮਰ ਅਵਤਾਰ ਆਪਣੇ ਸੋਸ਼ਲ ਮੀਡੀਆ ਤੇ ਅੱਪਲੋਡ ਕਰ ਰਹੀ ਹੈ। ਰਮੂ ਖੂਬਸੂਰਤ ਅੱਤ ਦੀ ਹੈ ਤੇ ਉਸ ਦੀ ਜਿਸਮਾਨੀ ਭਾਸ਼ਾ ਗ਼ਜ਼ਬ ਦੀ ਹੈ, ਇਸ ਦਾ ਲਾਭ ਉਸ ਨੂੰ ਐਡ ਫ਼ਿਲਮਾਂ ਦਾ ਬਜ਼ਾਰ ਮਿਲ ਰਿਹਾ ਹੈ। ਲੁਧਿਆਣੇ ਦੀ ਇਸ ਕੁੜੀ ਨੇ ਅਲਤ ਬਾਲਾ ਜੀ ਦੇ ਸੀਰੀਅਲ ਨੂੰ ਕਰ ਕਿ ਦੁਨੀਆਂ ਆਪਣੇ ਵੱਲ ਖਿੱਚ ਲਈ ਹੈ। ਵੈਸੇ ਚੁੰਮਣ ਦ੍ਰਿਸ਼ ਦੇਣ ਤੋਂ ਘਾਬਰ ਚੁੱਕੀ ਰਮੂ ਨੇ ਇਹ ਦੱਸ ਦਿੱਤਾ ਹੈ ਕਿ ਵੇਖੀ ਜਾ ਪਰ ਛੇੜੀ ਨਾ ਤੇ ਉਸ ਦੀ ਮਾਂ ਦਲਜੀਤ ਕੌਰ ਬਹੁਤ ਖੁਸ਼ ਹੈ ਕਿ ਉਹ ਚਾਹ ਕਿ ਵੀ ਆਪਣੇ ਬਲੌਰੀ ਸਰੀਰਕ ਦਿੱਖ ਨੂੰ ਫ਼ਿਲਮਾਂ ਤੱਕ ਨਹੀਂ ਸੀ ਲਿਜਾ ਚੁੱਕੀ ਪਰ ਬੇਟੀ ਰਮੂ ਨੂੰ ਦੇਖ ਉਹ ਖੁਸ਼ ਹੈ ਜਿਹੜੀ ਸਾਊਥ ਦੀ ਸਟਾਰ ਹੈ।

### ਲਾਡੀ ਢਿੱਲੋਂ ਬਣ ਰਿਹੈ ਚੋਟੀ ਦਾ ਨਿਰਦੇਸ਼ਕ "ਜ਼ੁਲਮ ਦੀ ਦਾਸਤਾਨ"

"ਜ਼ੁਲਮ ਦੀ ਦਾਸਤਾਨ" ਯੂਟਿਊਬ ਤੇ ਖ਼ੂਬ ਵਾਇਰਲ ਹੈ ਤੇ ਕਾਰਨ ਇਹ "ਮਨੁੱਖਤਾ ਦੀ ਸੇਵਾ" ਹਸਨਪੁਰ ਲੁਧਿਆਣਾ ਵੱਲੋਂ ਜਿਸ ਤਰਾਂ ਮਾਨਸਿਕ ਲੋਕਾਂ, ਬਿਮਾਰ ਦਿਮਾਗੀ ਤੇ ਹੋਰ ਸਮਾਜ ਵੱਲੋਂ ਸੰਗਲਾਂ ਨਾਲ ਬੱਝੇ ਲੋਕਾਂ ਨੂੰ ਇਲਾਜ ਇਸ ਤੇ ਰਾਮਜੀਤ ਗੌਰਾਇਆ ਨੇ ਲਾਡੀ ਢਿੱਲੋਂ ਕੋਲੋਂ ਫ਼ਿਲਮ ਡਾਇਰੈਕਟ ਕਰਵਾਈ ਹੈ। "ਜ਼ੁਲਮ ਦੀ ਦਾਸਤਾਨ" ਦੀ ਕਾਮਯਾਬੀ ਨੇ ਲਾਡੀ ਨੂੰ ਹੋਰ ਮਜ਼ਬੂਤ ਨਿਰਦੇਸ਼ਕ ਕਰ ਦਿੱਤਾ ਹੈ। ਲਾਡੀ ਢਿੱਲੋਂ ਨੂੰ ਮੁਬਾਰਕਾਂ ਉਸ ਨੂੰ ਇੱਕ ਵੱਡੀ ਫ਼ਿਲਮ ਡਾਇਰੈਕਟ ਕਰਨ ਲਈ ਮਿਲੀ ਹੈ। ਲਾਡੀ ਢਿੱਲੋਂ ਨੇ ਇਸ ਦੀ ਨਾਇਕਾ ਪ੍ਰੀਤ ਔਲਖ ਨੂੰ ਲਿਆ ਹੈ। ਪ੍ਰੀਤਿ ਔਲਖ ਨੇ ਕਿਹਾ ਕਿ ਕਸ਼ਿਸ਼ ਉਸ ਦੇ ਅੰਦਰ ਐਕਟ੍ਰੈਸ ਬਣਨ ਦੀ ਲਾਡੀ ਢਿੱਲੋਂ ਦੀ ਫ਼ਿਲਮ ਕਰੇਗੀ। ਲਾਡੀ ਢਿੱਲੋਂ ਇਸ ਤੋਂ ਪਹਿਲਾਂ "ਸ਼ਿੰਦਾ ਤੇ ਰਾਣੋ" ਫ਼ਿਲਮ ਕਰ ਚੁੱਕੇ ਹਨ ਤੇ "ਜੱਟ ਤੇ ਜੇਂਕਨ" ਵੀ ਉਹ ਡਾਇਰੈਕਟ ਕਰ ਰਹੇ ਹਨ। ਪ੍ਰੀਤ ਔਲਖ ਨੂੰ ਮੁਬਾਰਕ ਕਿ ਯੁਵਾ ਲੇਖਕ ਤੇ ਨਿਰਦੇਸ਼ਕ ਲਾਡੀ ਢਿੱਲੋਂ ਨਾਲ ਉਹ ਪਾਲੀਵੁੱਡ ਆ ਰਹੀ ਹੈ।



## ਦੁਆਵਾਂ- ਗੀਤ

ਮੇਰੀਆਂ ਦੁਆਵਾਂ ਰੱਬਾ ਸੁਣੀ ਹੋ ਕੇ ਨੇੜੇ ।
ਖਿੜਦਾ ਰਹੇ ਚੰਬਾ ਮੇਰੇ ਬਾਬਲ ਦੇ ਵਿਹੜੇ ।
ਬਾਬਲ ਘਰ ਧੀਆਂ ਪੁੱਤਰ, ਪੁੱਤਰਾਂ ਘਰ ਪੋਤੀਆਂ ਪੋਤੇ,
ਸਹੁਰੇ ਘਰ ਵੱਸਣ ਧੀਆਂ, ਧੀਆਂ ਘਰ ਦੋਹਤੀਆਂ ਦੋਹਤੇ,
ਭਾਗਾਂ ਵਾਲੇ ਘਰ ਹੁੰਦੇ ਖੁਸ਼ੀਆਂ ਤੇ ਖੇੜੇ ।
ਗਾਵਣ ਰਲ ਚਾਚੀਆਂ ਤਾਈਆਂ ਵੀਰਾਂ ਦੀਆਂ ਘੋੜੀਆਂ,
ਪਾਵੇ ਮਾਂ ਪੜਪੋਤਿਆਂ ਦੇ ਚਾਂਦੀ ਦੀਆਂ ਪੌੜੀਆਂ,
ਵਿੱਦਿਆ ਦਾ ਚਾਨਣ ਹੋ ਕੇ ਲੰਘਦਾ ਰਹੇ ਨੇੜੇ ।
ਹੋਵਣ ਜੀ ਉੱਚੇ ਰੁਤਬੇ, ਗੂੰਜਣ ਸਦਾ ਘਰ ਵਿੱਚ ਹਾਸੇ,
ਸਬਰ ਸੰਤੋਖ ਦਇਆ ਦੇ ਦਿਲਾਂ ਵਿੱਚ ਹੋਵਣ ਵਾਸੇ,
ਹੋਵੇ ਵਰ ਪੂਰੇ ਹੋਣ ਦਾ ਬੋਲਾਂ ਨੂੰ ਮੇਰੇ ।
ਲੱਗੀਆਂ ਹੀ ਰਹਿਣ ਰੌਣਕਾਂ ਗੁਰ ਆਂ ਦੀ ਬਾਣੀ ਹੋਵੇ,
ਜੌੜੇ ਹਰ ਜੀਅ ਦੀ ਹੀ ਮਤ ਸੱਚ ਸੁੱਚ ਦੀ ਹਾਣੀ ਹੋਵੇ,
ਲੋਕਾਂ ਵਿੱਚ ਹੋਵੇ ਸੋਭਾ ਸਾਮ ਸਵੇਰੇ ।
ਖਿੜਦਾ ਰਹੇ ਚੰਬਾ ਮੇਰੇ ਬਾਬਲ ਦੇ ਵਿਹੜੇ ।

**ਮਲਕੀਤ ਜੌੜਾ**
9872534278



## ਪੰਜਾਬੀ ਫ਼ਿਲਮਾਂ ਦਾ ਆਲ ਰਾਉਂਡਰ ਹੈ ਦਲਜੀਤ ਸਿੰਘ ਅਰੋੜਾ

ਜਿਸ ਇਨਸਾਨ ਨੇ ਕਦੇ ਵੀ ਸੰਘਰਸ਼ ਤੋਂ ਆਪਣੇ ਆਪ ਨੂੰ ਦੁੱਖੀ ਮਹਿਸੂਸ ਨਹੀਂ ਕੀਤਾ ਹ ਇਨਸਾਨ ਅੱਜ ਅਪ੍ਰਤੱਖ ਰੂਪ ਵਿਚ ਪੰਜਾਬੀ ਫ਼ਿਲ੍ਮ ਇੰਡਸਟਰੀ ਦੀ ਖਾਸ ਹਰਫਨ ਮੌਲਾ ਸਖਸ਼ੀਅਤ ਹੈ।ਨਾਮ ਦਲਜੀਤ ਸਿੰਘ ਅਰੋੜਾ ਤੇ ਕਿੱਤਾ ਪੇਸ਼ਕਾਰ, ਲਾਈਨ ਨਿਰਮਾਤਾ, ਅਭਿਨੇਤਾ, ਫ਼ਿਲਮ ਮੈਗਜ਼ੀਨ ਸੰਪਾਦਕ, ਪਦਮਨੀ ਕੋਲਹਾਪੁਰੀ ਐਕਟਿੰਗ ਸਕੂਲ ਅੰਮ੍ਰਿਤਸਰ ਦਾ ਸੰਚਾਲਕ, ਫ਼ਿਲਮ ਗੀਤਕਾਰ ਤੇ ਬਹੁਤ ਕੁੱਝ ਫ਼ਿਲਮ ਤੇ ਟੀਵੀ ਮਿਊਜ਼ਿਕ ਖੇਤਰ ਵਿਚ ਹੈ। ਅੰਮ੍ਰਿਤਸਰ ਅਸੀਂ



ਅਕਸਰ ਦਲਜੀਤ ਸਿੰਘ ਅਰੋੜਾ ਨੂੰ ਮਿਲਦੇ ਹਾਂ, ਕਦੇ ਉਹ ਸਾਥੀਆਂ ਨਾਲ ਮਿਲ ਮੋਹੰਮਦ ਰਫੀ ਸਾਬ ਦੀ ਯਾਦ ਵਿੱਚ ਸਲਾਨਾ ਐਵਾਰਡ ਸਮਾਰੋਹ ਤੇ ਬਤੌਰ ਈਵੈਂਟ ਮੁੱਖ ਪ੍ਰਬੰਧਕ ਮਿਲਦੇ ਨੇ ਤੇ ਕਦੇ ਟੈਲੇਂਟ ਅਭਿਨੈ ਤੇ ਗਾਇਕੀ ਦਾ ਮੁਕਾਬਲੇ ਖੁਦ ਕਰਵਾ ਰਹੇ ਹੁੰਦੇ ਹਨ। ਦਲਜੀਤ ਅਰੋੜਾ ਨੇ ਕਰੇਟਰ ਆਡੀਓ ਵੀਡਿਊ ਤੋਂ ਨਵੇਂ ਕਲਾਕਾਰਾਂ ਦੇ ਟਰੈਕ ਕੈਸਟ, ਸੀ ਡੀ ਕੱਢ ਦਿੱਤੇ ਜਿਹੜੇ ਅੱਜ ਸਟਾਰ ਗਾਇਕ ਵੀ ਹਨ।ਫਿਰ ਹਨਾਂ ਗੁਰਬਾਣੀ ਦਾ ਨਿੱਜੀ ਪ੍ਰੋਗਰਾਮ ਦੂਰਦਰਸ਼ਨ ਜਲੰਧਰ ਤੇ ਚਲਾ ਕਿ ਲੋਕ ਪ੍ਰਿਅ ਰਾਗੀ ਤੇ ਨਵੇਂ ਰਾਗੀ ਉਤਸ਼ਾਹਿਤ ਕੀਤੇ। ਉਹਨਾਂ ਨੇ ਹਰਮੀਤ ਗੌਰੀ, ਸੰਦੀਪ ਕੌਰ ਨੂੰ ਐਂਕਰ ਬਣਾ ਉਂਗਲੀ ਪਕੜ ਐਕਟ੍ਰੈਸ ਬਣਾ ਦਿੱਤਾ। ਇੱਕ ਹੋਰ ਆਪਣੀ ਮੈਨੇਜਰ ਹੀਰੋਇਨ ਬਣਾਈ ਤੇ ਖੁਦ "ਘੁੱਲੇ ਸ਼ਾਹ ਦੇ ਕਾਰਨਾਮੇ "ਕਮੇਡੀ ਸੀਰੀਅਲ ਬਣਾ ਕਿ ਨਾਮ ਸਥਾਪਿਤ ਕੀਤਾ। ਦਲਜੀਤ ਅਰੋੜਾ ਖੁਦ ਐਕਟਰ ਨੇ ਤੇ ਸੰਖੇਪ ਵਿੱਚ ਤ੍ਰਿਪਤੀ ਦਿਮਰੀ ਨਾਲ ਉਹਨਾਂ ਦੀ ਹਿੰਦੀ ਫਿਲਮ ਆ ਰਹੀ ਹੈ। ਲਾਈਨ ਨਿਰਮਾਤਾ ਬਣ "ਚੜ੍ਹਦੀ ਕਲਾ ਪੰਜਾਬ ਦੀ" ਬਣਾ ਚੁੱਕੇ ਇਹ ਵੈਲ ਪਰਸਨੇਲਟਡ ਸਕਸ਼ ਨੇ ਪੰਜਾਬੀ ਸਿਨੇਮਾ ਲਈ ਗੀਤ ਲਿਖ ਨਾਮ ਬਣਾ ਲਿਆ ਹੈ। "ਆਸਰਾ, ਸਲੂਟ, ਸਾਂਭ ਲਵਾਂਗੇ ਆਪੇ, ਯਾਰ ਅਣਮੁੱਲੇ, ਗੁਰਮੁਖ, ਹਵੇਲੀ, ਮੁਲਾਕਾਤ ਤੇ ਹੋਰ ਕਈ ਫ਼ਿਲਮਜ਼ ਲਈ ਗੀਤ ਰਚੇ ਹਨ। ਲੀਰਕਸ ਲਿਖਣ ਵਿੱਚ ਜਵਾਬ ਨਹੀਂ ਦਿਲਜੀਤ ਸਿੰਘ ਅਰੋੜਾ ਦਾ ਤੇ ਹਾਂ ਪੰਜਾਬੀ ਫ਼ਿਲ੍ਮ ਡਿਜੀਟਲ ਡਾਇਰੈਕਟਰੀ ਤੱਕ ਦੇ ਰਚਨਹਾਰ ਨਿਰਮਾਤਾ ਦੇ ਨਾਲ ਪੰਜਾਬੀ ਸਕਰੀਨ ਮੈਗਜ਼ੀਨ ਤਕਰੀਬਨ ਪੰਜਾਬੀ ਫ਼ਿਲਮਜ਼ ਦਾ ਰੰਗੀਨ ਮੈਗਜ਼ੀਨ ਤੇ ਲਤੇਸਟ ਖਬਰਾਂ ਆਲੋਚਨਾ ਤੇ ਬਹੁਤ ਕੁੱਝ ਤੇ ਪਰਿਵਾਰ ਉਹਨਾਂ ਦਾ ਤਾਂ ਬੇਟਾ ਮਨਜੋਤ ਸਿੰਘ ਫ਼ਿਲਮ ਡਾਇਰੈਕਟਰ ਬਣ ਅੱਗੇ ਆ ਰਿਹਾ ਹੈ "ਜੱਟ ਨਿਖੱਟੂ" ਸ਼ੋਰਟ ਫ਼ਿਲਮ ਨਾਲ ਚਰਚਿਤ ਹਨ। ਉਹਨਾਂ ਦੀ ਬੇਟੀ ਜੋਤ ਅਰੋੜਾ ਗ਼ਜ਼ਬ ਦੀ ਐਕਟ੍ਰੈਸ ਹੈ। ਸੰਖੇਪ ਵਿੱਚ ਦਲਜੀਤ ਸਿੰਘ ਅਰੋੜਾ ਕੋਲ ਫ਼ਿਲਮੀ ਬੀ ਏ ਕਰਨ ਬਾਅਦ ਐਨੀਆਂ ਕੂ ਡਿਗਰੀਆਂ ਹਨ ਕਿ ਹ ਗੀਤ ਲਿਖਣ ਦੇ, ਫ਼ਿਲਮ ਪਤਰਕਾਰਿਤਾ ਦੇ ਟੀਵੀ, ਫ਼ਿਲਮ ਨਿਰਮਾਣ ਤੇ ਈਵੈਂਟ ਦੇ ਪ੍ਰੋਫੈਸਰ ਤੇ ਹਨ ਕੱਲੇ ਇਹ ਸਾਰੇ ਵਿਸ਼ੇ ਪੜ੍ਹਾ ਸਕਦੇ ਨੇ ਕਿ ਂ ਕਿ ਹਰ ਸਬਜੈਕਟ ਦੇ ਹ ਮਾਹਿਰ ਹਨ।

**ਪੇਸ਼ਕਸ਼- ਅੰਮ੍ਰਿਤ ਪਵਾਰ**

## ਪਾਕਿ ਦੇ ਫ਼ੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤ ਨੂੰ 'ਸਪੱਸ਼ਟ ਲੀਡ' ਮਿਲੀ ਜਾਪਦੀ ਹੈ- ਰਿਪੋਰਟ

**ਨਿਊਯਾਰਕ-** ਨਿਊਯਾਰਕ ਟਾਈਮਜ਼ ਨੇ ਸੈਟੇਲਾਈਟ ਤਸਵੀਰਾਂ ਦਾ ਹਵਾਲਾ ਦਿੰਦਿਆਂ ਰਿਪੋਰਟ ਦਿੱਤੀ ਹੈ ਕਿ ਹਾਲ ਹੀ ਵਿੱਚ ਹੋਏ ਚਾਰ ਦਿਨ ਦੇ ਤਣਾਅ ਦੌਰਾਨ ਭਾਰਤ ਨੂੰ ਪਾਕਿਸਤਾਨ ਦੀਆਂ ਫ਼ੌਜੀ ਸਹੂਲਤਾਂ ਅਤੇ ਹਵਾਈ ਖੇਤਰਾਂ ਨੂੰ ਨਿਸ਼ਾਨਾ ਬਣਾਉਣ ਲਈ 'ਸਪੱਸ਼ਟ ਲੀਡ' ਮਿਲੀ ਜਾਪਦੀ ਹੈ। ਰਿਪੋਰਟ ਅਨੁਸਾਰ ਸੈਟੇਲਾਈਟ ਤਸਵੀਰਾਂ ਦਰਸਾਉਂਦੀਆਂ ਹਨ ਕਿ ਜਦੋਂ ਹਮਲੇ ਵੱਡੇ ਪੱਧਰ 'ਤੇ ਹੋਏ ਸਨ ਤਾਂ ਨੁਕਸਾਨ ਕੀਤੇ ਗਏ ਦਾਅਵਿਆਂ ਤੋਂ ਕਿਤੇ ਵੱਧ ਸੀਮਤ ਸੀ 'ਅਤੇ ਜ਼ਿਆਦਾਤਰ ਭਾਰਤ ਵੱਲੋਂ ਪਾਕਿਸਤਾਨੀ ਸਹੂਲਤਾਂ 'ਤੇ ਕੀਤੇ ਗਏ ਦਿਖਾਈ ਦਿੱਤੇ।' ਰਿਪੋਰਟ ਵਿੱਚ ਕਿਹਾ ਗਿਆ ਕਿ ਉੱਚ-ਤਕਨੀਕੀ ਯੁੱਧ ਦੇ ਨਵੇਂ ਯੁੱਗ 'ਚ ਦੋਵਾਂ ਪਾਸਿਆਂ ਦੇ ਹਮਲਿਆਂ ਦੀਆਂ ਤਸਵੀਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਹਮਲੇ ਬਿਲਕੁਲ ਸਟੀਕ ਨਿਸ਼ਾਨੇ ਦੇ ਆਧਾਰ 'ਤੇ ਕੀਤੇ ਜਾਪਦੇ ਹਨ।

ਰਿਪੋਰਟ ਵਿੱਚ ਕਿਹਾ ਗਿਆ, ''ਜਿੱਥੇ ਭਾਰਤ ਨੂੰ ਸਪੱਸ਼ਟ ਤੌਰ 'ਤੇ ਪਾਕਿਸਤਾਨੀ ਫ਼ੌਜੀ ਸਹੂਲਤਾਂ ਅਤੇ ਹਵਾਈ ਖੇਤਰਾਂ ਨੂੰ ਨਿਸ਼ਾਨ ਬਣ-ਾਉਣ 'ਚ ਫਾਇਦਾ ਜਾਪਦਾ ਹੈ ਕਿਉਂਕਿ ਲੜਾਈ ਦਾ ਬਾਅਦ ਵਾਲਾ ਹਿੱਸਾ ਹਮਲਿਆਂ ਤੇ ਤਾਕਤ ਦੇ ਪ੍ਰਦਰਸ਼ਨ ਤੋਂ ਇੱਕ-ਦੂਜੇ ਦੀਆਂ ਰੱਖਿਆ ਸਮ-ਰੱਥਾਵਾਂ 'ਤੇ ਹਮਲਿਆਂ 'ਚ ਬਦਲ ਗਿਆ।''

ਪਾਕਿਸਤਾਨੀ ਬੰਦਰਗਾਹ ਸ਼ਹਿਰ ਕਰਾਚੀ ਤੋਂ 100 ਮੀਲ ਤੋਂ ਵੀ ਘੱਟ ਦੂਰੀ 'ਤੇ ਸਥਿਤ ਭੋਲਾਰੀ ਹਵਾਈ ਅੱਡੇ ਬਾਰੇ ਭਾਰਤ ਦੇ ਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਇੱਕ ਜਹਾਜ਼ ਦੇ ਹੈਂਗਰ ਨੂੰ ਇੱਕ ਸਟੀਕ ਹਮਲੇ ਨਾਲ ਨੁਕਸਾਨ ਪਹੁੰਚਾਇਆ ਹੈ। ੈਠ ਰਿਪੋਰਟ ਅਨੁਸਾਰ, ''ਤਸਵੀਰਾਂ ਇੱਕ ਹੈਂਗਰ ਵਾਂਗ ਦਿ-ਖਾਈ ਦੇਣ ਵਾਲੀ ਚੀਜ਼ ਦੇ ਨੁਕਸਾਨੇ ਜਾਣ ਬਾਰੇ ਸਪੱਸ਼ਟ ਦਿਖਾਉਂਦੀਆਂ ਹਨ।''

ਇਸ ਤੋਂ ਇਲਾਵਾ ਨੂਰ ਖ਼ਾਨ ਹਵਾਈ ਅੱਡਾ, ਪਾਕਿਸਤਾਨੀ ਫ਼ੌਜ ਦੇ ਹੈੱਡਕੁਆਰਟਰ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਲਗਭਗ 15 ਮੀਲ ਦੀ ਰੇਂਜ ਦੇ ਅੰਦਰ ਅਤੇ ਪਾਕਿਸਤਾਨ ਦੇ ਪਰਮਾਣੂ ਹਥਿਆਰ ਦੀ ਨਿਗਰਾਨੀ ਅਤੇ ਰੱਖਿਆ ਕਰਨ ਵਾਲੀ ਇਕਾਈ ਤੋਂ ਥੋੜੀ ਦੂਰੀ 'ਤੇ 'ਸ਼ਾਇਦ ਸਭ ਤੋਂ ਸੰਵੇਦਨਸ਼ੀਲ ਨਿਸ਼ਾਨਾ ਸੀ, ਜੋ ਭਾਰਤ ਨੇ ਲਗਾਇਆ।'

ਭਾਰਤੀ ਫ਼ੌਜ ਨੇ ਕਿਹਾ ਕਿ ਉਸ ਨੇ ਖਾਸ ਤੌਰ 'ਤੇ ਪਾਕਿਸਤਾਨ ਦੇ ਕੁੱਝ ਮੁੱਖ ਹਵਾਈ ਅੱਡਿਆਂ 'ਤੇ ਰਨਵੇਅ ਅਤੇ ਹੋਰ ਸਹੂਲਤਾਂ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਰਿਪੋਰਟ ਵਿੱਚ ਕਿਹਾ ਗਿਆ ''ਸੈਟੇਲਾਈਟ ਤਸਵੀਰਾਂ ਨੇ ਨੁਕਸਾਨ ਦਿਖਾਇਆ।'' ਇਹ ਵੀ ਨੋਟ ਕੀਤਾ ਗਿਆ ਕਿ 10 ਮਈ ਨੂੰ ਪਾਕਿਸਤਾਨ ਨੇ ਰਹੀਮ ਯਾਰ ਖ਼ਾਨ ਹਵਾਈ ਅੱਡੇ ਲਈ ਇੱਕ ਨੋਟਿਸ ਜਾਰੀ ਕੀਤਾ ਸੀ ਕਿ ਰਨਵੇਅ ਚਾਲੂ ਨਹੀਂ ਸੀ।

ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਸਰਗੋਧਾ ਹਵਾਈ ਅੱਡੇ 'ਤੇ ਭਾਰਤੀ ਫ਼ੌਜ ਨੇ ਕਿਹਾ ਕਿ ਉਸ ਨੇ ਰਨਵੇਅ ਦੇ ਦੋ ਹਿੱਸਿਆਂ 'ਤੇ ਹਮਲੇ ਲਈ ਸਟੀਕ ਨਿਸ਼ਾਨਾ ਲਾਉਣ ਵਾਲੇ ਹਥਿਆਰਾਂ ਪਰਇਚਿਸੌਨ ਇਅਪੋਨਸ ਦੀ ਵਰਤੋਂ ਕੀਤੀ ਹੈ।

'ਪਾਕਿਸਤਾਨ ਵੱਲੋਂ ਨਿਸ਼ਾਨਾ ਬਣਾਏ ਗਏ ਸਥਾਨਾਂ ਦੀਆਂ ਸੈਟੇਲਾਈਟ ਤਸਵੀਰਾਂ ਸੀਮਤ ਹਨ ਅਤੇ ਹੁਣ ਤੱਕ ਪਾਕਿਸਤਾਨੀ ਹਮਲਿਆਂ ਕਾਰਨ ਹੋਏ ਨੁਕਸਾਨ ਨੂੰ ਸਪੱਸ਼ਟ ਤੌਰ 'ਤੇ ਨਹੀਂ ਦਿਖਾਉਂਦੀਆਂ ਹਨ, ਇੱਥੋਂ ਤੱਕ ਉਨ੍ਹਾਂ ਠਿਕਾਣਿਆਂ 'ਤੇ ਵੀ ਜਿੱਥੇ ਕੁੱਝ ਫ਼ੌਜੀ ਕਾਰਵਾਈਆਂ ਦੇ ਸਬੂਤ ਹਨ।''